ਸਪਤਾਹਿਕ

# ਸਾਡਾ ਯੁਗ

ਬਾਨੀ ਸੰਪਾਦਕ : ਅਵਤਾਰ ਸਿੰਘ ਮਲਹੋਤਰਾ

ਚੰਡੀਗੜ੍ਹ

ਜਿਲਦ 35 ਅੰਕ 5 ਮਈ 2009 ਮੁੱਖ ਸੰਪਾਦਕ : ਭੂਪਿੰਦਰ ਸਾਂਬਰ ਮੁੱਲ ਦਸ ਰੁਪਏ


**ਅੰਦਰ ਪੜ੍ਹੋ:**

ਕਾ: ਵਿਮਲਾ ਡਾਂਗ
ਦੀ
ਬਹੁਪੱਖੀ ਸ਼ਖਸੀਅਤ
ਬਾਰੇ

26.12.1926 - 10.05-2009

**ਲੇਖਕ :**

ਅਮਰਜੀਤ ਕੌਰ, ਉਸ਼ਿਮਾ ਰੇਖੀ, ਮਹਿੰਦਰ ਸਾਂਬਰ, ਭੁਪਿੰਦਰ ਸਾਂਬਰ, ਬੰਤ ਬਰਾੜ, ਹਰਦੇਵ ਅਰਸ਼ੀ, ਹਰਭਜਨ ਸਿੰਘ, ਅਮਰਜੀਤ ਆਸਲ, ਮਾੜੀ ਮੇਘਾ, ਰਵੀ ਬਕਾਇਆ, ਸਰਵਨ ਬੀਰ, ਪ੍ਰੀਤਮ ਪਰਵਾਨਾ, ਵਿਜੈ ਕੁਮਾਰ, ਗੁਰਨਾਮ ਕੰਵਰ ਅਤੇ ਖੁਦ ਵਿਮਲਾ ਡਾਂਗ।



## ਕਾ: ਵਿਮਲਾ ਡਾਂਗ ਨੂੰ ਲਾਲ ਸਲਾਮ

# ਵਿਮਲਾ, ਪਰਿਵਾਰ ਤੇ ਉਹਦੇ ਸੰਗਰਾਮ ਸਾਥੀ

**-ਰਵੀ ਬਕਾਇਆ** (ਕਾ. ਵਿਮਲਾ ਡਾਂਗ ਦਾ ਭਰਾ)

**ਅੰਤਿਕਾ**

ਵਿਮਲਾ ਦੀ ਅਧੂਰੀ ਸਵੈ-ਜੀਵਨੀ ਦੇ ਅੰਤ ਉਤੇ ਕੁਝ ਸਫੇ ਲਿਖਣ ਦਾ ਮੇਰਾ ਉਦੇਸ਼ ਉਹਦੀ ਕਹਾਣੀ ਦੇ ਉਹਨਾਂ ਖੱਪਿਆਂ ਨੂੰ ਭਰਨਾ ਹੈ ਅਤੇ ਉਹਨਾਂ ਮੁੱਖ ਵਿਅਕਤੀਆਂ ਉਪਰ ਕੁਝ ਚਾਨਣਾ ਪਾਉਣਾ ਜਿਹੜੇ ਉਹਦੀਆਂ ਯਾਦਾਂ ਵਿਚ ਸ਼ਾਮਲ ਹਨ ਅਤੇ ਉਹਨਾਂ ਹਾਲਾਤ ਬਾਰੇ ਵੀ ਕੁਝ ਕਹਿਣਾ ਹੈ ਜਿਨ੍ਹਾਂ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਢਾਲਿਆ।

ਵਿਮਲਾ ਨੇ ਇਹ ਯਾਦਾਂ ਸ਼ਾਇਦ ਭਾਰਤ ਦੀ ਵੀਹਵੀਂ ਸਦੀ ਦੀ ਤਾਰੀਖ ਦੇ ਸਭ ਤੋਂ ਵਧ ਘਟਨਾਵਾਂ ਭਰਪੂਰ ਦਹਾਕੇ ਨੂੰ ਪਿਛੋਕੜ ਵਿਚ ਰਖ ਕੇ ਲਿਖੀਆਂ ਹਨ। ਇਸ ਦਹਾਕੇ ਨੇ ਦੂਜੇ ਸੰਸਾਰ ਮਹਾਂਯੁਧ ਨੂੰ ਇਕ ਸਤੰਬਰ, 1939 ਵਾਲੇ ਦਿਨ ਸ਼ੁਰੂ ਹੁੰਦਿਆਂ ਵੀ ਵੇਖਿਆ, ਸੋਵੀਅਤ ਯੂਨੀਅਨ ਵਿਰੁੱਧ ਨਾਜ਼ੀ ਹਮਲਾ ਵੀ 22 ਜੂਨ 1941 ਨੂੰ ਹੋਇਆ, ਜੁਲਾਈ 1942 ਵਿਚ ਭਾਰਤੀ ਕਮਿਊਨਿਸਟ ਪਾਰਟੀ ਵੀ ਕਾਨੂੰਨੀ ਕਰਾਰ ਦੇ ਦਿਤੀ ਗਈ। ਅਗਸਤ 1942 ਵਿਚ ਹੀ "ਭਾਰਤ ਛੱਡੋ ਅੰਦੋਲਨ" ਚਲਿਆ, ਸੀ.ਪੀ.ਆਈ. ਦੀ ਪਹਿਲੀ ਕਾਂਗਰਸ ਮਈ-ਜੂਨ, 1943 ਵਿਚ ਹੋਈ ਅਤੇ ਇਸੇ ਦੌਰਾਨ ਵੱਡਾ ਬੰਗਾਲ ਕਾਲ ਵੀ ਪਿਆ ਜਿਹੜਾ ਤੀਹ ਲੱਖ ਤੋਂ ਵਧ ਮਨੁੱਖੀ ਜਾਨਾਂ ਨਿਗਲ ਗਿਆ ਅਤੇ ਜੰਗ ਦਾ ਅੰਤ ਵੀ 8 ਮਈ, 1945 ਨੂੰ ਜਰਮਨੀ ਦੇ ਆਤਮ-ਸਮਰਪਣ ਤੇ 14 ਅਗਸਤ, 1945 ਨੂੰ, ਅਮਰੀਕਾ ਵਲੋਂ ਤਬਾਹਕੁੰਨ ਪ੍ਰਮਾਣੂ ਬੰਬ ਹੀ ਹੀਰੋਸ਼ੀਮਾ ਤੇ ਨਾਗਾਸਾਕੀ ਉਤੇ ਸੁੱਟਣ ਤੋਂ ਬਾਅਦ ਜਾਪਾਨ ਦਾ ਆਤਮ-ਸਮਰਪਣ ਵੀ ਹੋਇਆ। ਇੰਜ ਹੀ ਉਤਰ-ਜੰਗ ਸਾਮਰਾਜ-ਵਿਰੋਧੀ ਉਭਾਰ ਵੀ, ਭਾਰਤ ਵਿਚ ਉਦੋਂ ਹੀ ਆਇਆ, ਆਈ.ਐਨ.ਏ. ਦਾ ਮੁਕੱਦਮਾ ਚਲਿਆ, ਜਹਾਜ਼ੀਆਂ ਦੀ 1946 ਵਿਚ ਹੜਤਾਲ ਹੋਈ, ਭਾਰਤ ਨੂੰ 15 ਅਗਸਤ 1947 ਨੂੰ ਆਜ਼ਾਦੀ ਵੀ ਮਿਲੀ ਭਾਵੇਂ ਦੇਸ ਦੇ ਟੋਟੇ-ਟੋਟੇ ਕਰਨ ਦੀ ਕੀਮਤ ਉਤੇ ਹੀ। 30 ਜਨਵਰੀ, 1950 ਨੂੰ ਭਾਰਤੀ ਗਣਰਾਜ ਦਾ ਸੰਵਿਧਾਨ ਵੀ ਲਾਗੂ ਹੋਇਆ।

ਉਤਰ ਜੰਗ ਸਾਲਾਂ ਦੌਰਾਨ ਹੀ ਲਾਲ ਫੌਜ ਵਲੋਂ ਆਜ਼ਾਦ ਕਰਵਾਉਣ ਤੋਂ ਬਾਅਦ ਪੂਰਬੀ ਯੂਰਪ ਵਿਚ ਲੋਕ ਜਮਹੂਰੀਅਤਾਂ ਦੀ ਸਥਾਪਨਾ ਹੋਈ। ਇਕ ਅਕਤੂਬਰ, 1949 ਵਾਲੇ ਦਿਨ ਲੋਕ ਜਮਹੂਰੀ ਚੀਨ ਗਣਰਾਜ ਦੀ ਸਥਾਪਨਾ ਦਾ ਐਲਾਨ ਹੋਇਆ, ਦੇਸਾਂ ਦੀ ਇਕ ਲਮੀ ਲੜੀ ਨੂੰ ਮੁਕਤੀ ਮਿਲੀ। ਖਾਸ ਕਰੇ ਏਸ਼ੀਆ ਵਿਚੋਂ ਅਤੇ ਹੋਰਨੀਂ ਥਾਈਂ ਬਸਤੀਵਾਦ ਵਿਰੋਧੀ ਜਦੋਜਹਿਦਾਂ ਤੇਜ਼ ਹੋਈਆਂ। 5 ਮਾਰਚ, 1946 ਵਾਲੇ ਦਿਨ ਚਰਚਲ ਵਲੋਂ ਦਿਤੇ ਗਏ ਬਦਨਾਮ ਫੁਲਟੋਨ ਭਾਸ਼ਨ ਦੇ ਸਿੱਟੇ ਵਜੋਂ ਸਰਦ ਜੰਗ ਵੀ ਇਸ ਦਹਾਕੇ ਦਰਮਿਆਨ ਸ਼ੁਰੂ ਹੋਈ ਜਿਸ ਵਿਚ ਉਸ ਨੇ ਸੋਵੀਅਤ ਯੂਨੀਅਨ ਨੂੰ ਪੱਛਮ ਦਾ ਮੁੱਖ ਦੁਸ਼ਮਣ ਗਰਦਾਨਿਆ ਸੀ। ਇਸੇ ਵਿਚ ਹੀ ਸ਼ਕਤੀਸ਼ਾਲੀ ਸੰਸਾਰ ਅਮਨ ਲਹਿਰ ਸ਼ੁਰੂ ਹੋਈ ਜਿਸ ਦੀ ਅਗਵਾਈ ਰੌਸ਼ਨ ਦਿਮਾਗ ਵਿਗਿਆਨੀ ਫਰੈਡਰਿਕ ਜੋਲੀਓ ਕਿਊਰੀ, ਜੇ. ਡੀ. ਬਰਨਾਲ, ਜੇ.ਬੀ.ਐਸ. ਹਾਲਡੇਨ, ਚਿਤਰਕਾਰ ਪਾਬਲੋ ਪਿਕਾਸੋ ਅਤ ਕਹੀ ਪਾਬਲੋ ਨੇਰੂਦਾ ਅਤ ਲੁਈ ਆਮਗੋ ਅਤੇ ਹੋਰਾਂ ਨੇ ਕੀਤੀ।

ਉਤਰ ਜੰਗ ਸਾਲਾਂ ਦੌਰਾਨ ਸੰਸਾਰ ਕਮਿਊਨਿਸਟ ਅੰਦੋਲਨ ਵਿਚ ਕਾਫੀ ਤਬਦੀਲੀਆਂ ਆਈਆਂ ਜਿਹੜਾ ਕਿ ਹਾਲੀ ਵੀ ਜੋਜ਼ਿਫ ਸਟਾਲਿਨ ਦੇ ਡਰਾਉਣੇ ਅਤੇ ਨਿਰਵਿਵਾਦ ਪ੍ਰਭਾਵ ਹੇਠਾਂ ਸੀ। ਯੂਰਪ ਦੀਆਂ ਕਮਿਊਨਿਸਟ ਪਾਰਟੀਆਂ ਵਿਚੋਂ ਬਹੁਤ ਸਾਰੇ ਉਚ ਨੇਤਾਵਾਂ, ਸਣੇ ਯੋਗੋਸਲਾਵੀਆ ਦੀ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਦੇ, ਜਿਸ ਦੀ ਅਗਵਾਈ ਮਾਰਸ਼ਲ ਟੀਟੋ ਕਰ ਰਹੇ ਸਨ, ਨੂੰ "ਸਾਮਰਾਜੀਆਂ ਦੇ ਏਜੰਟ ਅਤੇ ਜਸੂਸ" ਗਰਦਾਨ ਦਿਤਾ ਗਿਆ ਸੀ। ਇਕ ਸੰਖੇਪ ਜਿਹਾ ਝਲਕਾਰਾ ਉਹ ਸ਼ੱਕੀ ਵਾਤਾਵਰਣ ਦਾ, ਜਿਹੜਾ ਕਿ ਚੈਕੋਸਲੋਵਾਕੀਆ ਵਿਚ 1947 ਵਿਚ ਵਿਮਲਾ ਦੀ ਵਾਪਸੀ ਤੋਂ ਬਾਅਦ ਪੈਦਾ ਹੋਣ ਲੱਗ ਪਿਆ ਸੀ, ਉਸ ਦੀ ਲਿਖਤ ਦੇ ਅੰਤ ਵਿਚ ਵੇਖਿਆ ਜਾ ਸਕਦਾ ਹੈ।

ਵਿਮਲਾ 1951 ਦੇ ਆਰੰਭ ਵਿਚ ਭਾਰਤ ਵਾਪਸ ਆਈ। ਸੀ.ਪੀ.ਆਈ. ਜਿਹਦੇ ਵਿਮਲਾ ਅਤੇ ਸਤਿਆਪਾਲ ਸਮਰਪਤ ਮੈਂਬਰ ਸਨ, ਹਾਲੀ ਉਸ "ਅੰਤਰ-ਪਾਰਟੀ ਘੋਲ" ਤੋਂ ਬਾਹਰ ਨਹੀਂ ਸੀ ਆਈ ਜਿਹੜਾ ਕਿ ਅਜੇ ਵੀ ਚਲ ਰਿਹਾ ਸੀ ਭਾਵੇਂ ਕਿ ਸੀ.ਪੀ.ਆਈ. ਦੀ ਦੂਜੀ ਕਾਂਗਰਸ ਦੀ ਤਬਾਹਕੁਨ ਲਾਈਨ ਇਕ ਸਾਲ ਪਹਿਲਾਂ ਹੀ ਢਹਿ-ਢੇਰੀ ਹੋ ਚੁੱਕੀ ਸੀ। ਬਹੁਤੇ ਕਮਿਊਨਿਸਟ, ਜਿਹੜੇ ਕਿ ਜੇਲ੍ਹ ਵਿਚ ਸਨ ਅਤੇ ਉਹ ਜਿਹੜੇ ਰੂਪੋਸ਼ ਸਨ, ਬਾਹਰ ਆ ਚੁੱਕੇ ਸਨ। ਉਹ ਜਥੇਬੰਦੀਆਂ ਜਿਹਨਾਂ ਵਿਚ ਕਮਿਊਨਿਸਟਾਂ ਨੇ ਆਗੂ ਭੂਮਿਕਾ ਨਿਭਾਈ ਸੀ, ਹਾਲੀ ਵੀ ਗਰਮਾ-ਗਰਮ ਬਹਿਸਾਂ ਕਰ ਰਹੀਆਂ ਸਨ, ਆਪਣੀਆਂ ਪਿਛਲੀਆਂ ਗਲਤੀਆਂ ਬਾਰੇ ਅਤੇ ਯਤਨ ਕਰ ਰਹੀਆਂ ਸਨ ਆਪਣੀ ਭਵਿੱਖੀ ਕਾਰਜ ਵਿਧੀ ਨੂੰ ਘੜਨ ਦਾ।

ਵਿਮਲਾ ਸਾਡੇ ਨਾਲ ਉਸੇ ਹੀ 6-ਬੀ, ਵਿਲਿੰਗਟਨ ਕਾਲੋਨੀ, ਸ਼ਾਂਤਾਕਰੂਜ਼ ਵਿਚ ਰਹਿਣ ਲਈ ਵਾਪਸ ਆ ਗਈ ਸੀ ਜਿਥੋਂ ਕਿ ਉਹ ਯੋਰਪ ਨੂੰ ਸਾਢੇ ਤਿੰਨ ਸਾਲ ਪਹਿਲਾਂ ਸਮੁੰਦਰੀ ਜਹਾਜ਼ੇ ਚੜ੍ਹ ਕੇ ਰਵਾਨਾ ਹੋਈ ਸੀ। ਕਿਉਂਕਿ ਉਹਦੇ ਪਰਿਵਾਰ ਨੂੰ ਵਿੱਤੀ ਹਮਾਇਤ ਦੀ ਲੋੜ ਸੀ, ਇਸ ਲਈ ਵਿਮਲਾ ਨੇ ਬੰਬਈ ਵਿਚ ਇਕ ਐਡਵਰਟਾਇਜ਼ਿੰਗ ਏਜੰਸੀ ਵਿਚ ਮੁਲਾਜ਼ਮਤ ਕਰ ਲਈ। 10 ਅਪਰੈਲ, 1952 ਨੂੰ ਵਿਮਲਾ ਅਤੇ ਸਤਿਆਪਾਲ ਨੇ ਬੰਬਈ ਵਿਚ ਰਜਿਸਟਰ ਕਰਵਾ ਕੇ ਸ਼ਾਦੀ ਕਰ ਲਈ। ਉਹਨਾਂ ਨੇ ਫੈਸਲਾ ਕੀਤਾ ਕਿ ਆਪਣੇ ਪਰਿਵਾਰ ਦੀ ਸਹਾਇਤਾ ਕਰਨ ਲਈ ਵਿਮਲਾ ਅਜੇ ਕੁਝ ਚਿਰ ਕੰਮ ਕਰਨਾ ਜਾਰੀ ਰੱਖੇ। ਜੁਲਾਈ 1953 ਵਿਚ, ਮੈਂ ਅੰਤ ਨੂੰ ਸੋਵੀਅਤ ਯੂਨੀਅਨ ਜਾਣ ਦੇ ਯੋਗ ਹੋ ਗਿਆ ਸੀ ਜਿਥੇ ਕਿ ਮੇਰੀ ਦਾਇਮੀ ਤਪਦਿਕ ਦਾ ਇਲਾਜ ਕਰਵਾਉਣ ਲਈ ਮੈਨੂੰ ਸੱਦਿਆ ਗਿਆ ਸੀ। ਮੈਂ ਕੋਈ ਸਾਢੇ ਸਤ ਮਹੀਨੇ ਮਾਸਕੋ ਅਤੇ ਕਰੀਮੀਆਂ ਦੇ ਅਰੋਗਤਾ ਘਰਾਂ (ਸੈਨੇਟੋਰੀਅਮ) ਵਿਚ ਗੁਜ਼ਾਰੇ ਅਤੇ ਲੰਡਨ ਰਾਹੀਂ ਘਰ ਵਾਪਸ ਆ ਗਿਆ ਜਿਥੇ ਮੈਂ ਆਪਣੀ ਛੋਟੀ ਭੈਣ ਸਰਲਾ ਅਤੇ ਉਹਦੇ ਪਤੀ ਰੋਬਿਨ ਨੂੰ ਉਹਨਾਂ ਦੀ ਸ਼ਾਦੀ ਤੋਂ ਬਾਅਦ ਪਹਿਲੀ ਵਾਰ ਮਿਲਿਆ ਅਤੇ ਸਮੁੰਦਰੀ ਜਹਾਜ਼ ਰਾਹੀਂ ਮੈਂ 17 ਮਈ, 1954 ਨੂੰ ਬੰਬਈ ਪਹੁੰਚਾ ਸੀ। ਮੈਂ ਤਪਦਿਕ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾ ਕੇ ਹੀ ਘਰ ਪਹੁੰਚਿਆ ਸਾਂ ਅਤੇ ਰੂਸ ਵਿਚ ਹੀ ਮੈਂ ਰੂਸੀ ਭਾਸ਼ਾ ਦਾ ਕੰਮ ਚਲਾਊ ਗਿਆਨ ਵੀ ਪ੍ਰਾਪਤ ਕਰ

ਲਿਆ ਸੀ। ਮੈਂ ਸੋਵੀਅਤ ਵਿਉਪਾਰ ਵਾਸ ਅਤੇ ਸੋਵਿਕ ਸਪੋਰਟ ਫਿਲਮ ਦੇ ਮੁਲਾਜ਼ਮਾਂ ਨੂੰ ਅੰਗਰੇਜ਼ੀ ਪੜ੍ਹਾਉਣ ਲੱਗ ਪਿਆ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਮੈਨੂੰ ਕਾਫੀ ਕੰਮ ਮਿਲ ਜਾਂਦਾ ਸੀ। ਵਿਮਲਾ ਹੁਣ ਸਤਿਆਪਾਲ ਕੋਲ ਛੇਹਰਟੇ ਜਾਣ ਲਈ ਆਜ਼ਾਦ ਸੀ ਅਤੇ ਉਹ 1954 ਵਿਚ ਉਥੇ ਚਲੀ ਗਈ।

ਮੈਂ ਪਹਿਲੀ ਵਾਰ ਉਹਨਾਂ ਕੋਲ 1965 ਵਿਚ, ਲੁਧਿਆਣੇ ਵਿਚ ਇਸਕਸ ਦੀ ਕਾਨਫਰੰਸ ਵਿਚ ਭਾਗ ਲੈਣ ਤੋਂ ਬਾਅਦ ਗਿਆ। ਜਿਹਦੇ ਲਈ ਮੈਂ ਬੰਬਈ ਤੋਂ ਆਇਆ ਸਾਂ। ਉਹ ਇਕ ਕਮਰੇ ਵਾਲੇ ਘਰ ਵਿਚ ਰਹਿੰਦੇ ਸਨ ਜਿਹਦੇ ਨਾਲ ਇਕ ਛੋਟਾ ਜਿਹਾ ਵਿਹੜਾ ਵਲਿਆ ਹੋਇਆ ਸੀ ਜਿਸ ਵਿਚ ਪਾਣੀ ਕੱਢਣ ਲਈ ਇਕ ਹੈਂਡ ਪੰਪ (ਨਲਕਾ) ਲੱਗਾ ਹੋਇਆ ਸੀ। ਇਹ ਵਿਹੜਾ ਹੀ ਰਸੋਈ ਦਾ ਕੰਮ ਵੀ ਦੇਂਦਾ ਸੀ ਅਤੇ ਕਪੜੇ ਧੋਣ ਦੀ ਥਾਂ ਵੀ ਇਹੋ ਹੀ ਸੀ। ਉਸ ਸਮੇਂ ਆਪਣੀ ਮਜ਼ਦੂਰਾਂ ਦੀ ਬਸਤੀ ਦੇ ਦੂਜੇ ਵਸਨੀਕਾਂ ਵਾਂਗ, ਘਰ ਵਿਚ ਕੋਈ ਪਖਾਨਾ ਨਾ ਹੋਣ ਕਾਰਨ, ਉਹਨਾਂ ਨੂੰ ਵੀ ਸਵਖ਼ਤੇ ਸਵੇਰੇ ਖੇਤਾਂ ਵਿਚ ਜਾਣ ਪੈਂਦਾ ਸੀ। ਉਹ ਦੂਜੇ ਮਜ਼ਦੂਰਾਂ ਦੇ ਪਰਿਵਾਰਾਂ ਵਾਂਗ ਹੀ ਬਿਨਾਂ ਕਿਸੇ ਬਿਜਲੀ ਦੇ ਪੱਖੇ ਦੇ ਪੰਜਾਬ ਦੀ ਗਰਮ ਰੁੱਤ ਕੱਟਦੇ ਸਨ। ਮਜ਼ਦੂਰਾਂ ਵਿਚ ਉਹਨਾਂ ਦੀ ਜੋ ਇੱਜ਼ਤ ਅਤੇ ਉਹਨਾਂ ਨੂੰ ਮਿਲਦਾ ਜੋ ਪਿਆਰ ਵੇਖਿਆ ਅਤੇ ਸਭ ਸਰੀਰਕ ਮੁਸ਼ਕਲਾਂ ਦੇ ਬਾਵਜੂਦ ਉਹਨਾਂ ਨੂੰ ਜਿਵੇਂ ਖ਼ੁਸ਼ ਵੇਖਿਆ, ਉਹ ਉਹਨਾਂ ਦੇ ਹਿਸੇ ਹੀ ਆਇਆ ਸੀ। ਮੇਰੇ ਲਈ ਇਹ ਫੇਰੀ ਬਹੁਤ ਉਤਸ਼ਾਹਜਨਕ ਸਾਬਤ ਹੋਈ ਸੀ। ਮੈਂ ਉਸ ਵੇਲੇ ਬੰਬਈ ਆਈ.ਟੀ.ਆਈ. ਵਿਚ ਰੂਸੀ ਭਾਸ਼ਾ ਪੜ੍ਹਾਉਂਦਾ ਸਾਂ। ਪਰੰਤੂ ਜੁਲਾਈ, 1962 ਵਿਚ ਮੈਂ ਦਿੱਲੀ ਦੀ ਇੰਸਟੀਚਿਊਟ ਆਫ ਰਸ਼ੀਅਨ ਸਟੱਡੀਜ਼ ਵਿਚ ਕੰਮ ਕਰਨ ਲਈ ਆ ਗਿਆ ਜਿਹੜੀ ਕਿ 1969 ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਾ ਇਕ ਹਿੱਸਾ ਬਣ ਗਈ।

ਇਸ ਤੋਂ ਬਾਅਦ ਮੈਂ ਅੰਮ੍ਰਿਤਸਰ ਦੀ ਕਈ ਵਾਰ ਯਾਤਰਾ ਕੀਤੀ। ਮੈਂ ਵੇਖਿਆ ਕਿ ਉਹਨਾਂ ਦੀਆਂ ਰਹਿਣ-ਸਹਿਣ ਦੀਆਂ ਹਾਲਤਾਂ ਵਿਚ ਹੌਲੀ-ਹੌਲੀ ਸੁਧਾਰ ਆਇਆ ਸੀ ਅਤੇ ਹਾਲਤ ਉਹਨਾਂ ਮਜ਼ਦੂਰਾਂ ਦੀ ਵੀ ਸੁਧਰੀ ਸੀ ਜਿਨ੍ਹਾਂ ਵਿਚ ਉਹ ਰਹਿੰਦੇ ਸਨ। ਜਦੋਂ ਉਹ ਦਿੱਲੀ ਆਉਂਦੇ, ਅਸੀਂ ਬਹੁਤ ਵਾਰੀ ਮਿਲਦੇ ਕਿਉਂਕਿ ਉਹ ਦੋਵੇਂ ਸੀ.ਪੀ.ਆਈ. ਦੀ ਨੈਸ਼ਨਲ ਕੌਂਸਲ ਦੇ ਮੈਂਬਰ ਸਨ। ਅਸੀਂ ਚਿੱਠੀ ਪੱਤਰ ਰਾਹੀਂ ਵੀ ਇਕ ਦੂਜੇ ਦੇ ਸੰਪਰਕ ਵਿਚ ਰਹਿੰਦੇ। ਆਪਣੀਆਂ ਚਿੱਠੀਆਂ ਵਿਚ ਅਸੀਂ ਇਕ ਦੂਜੇ ਨੂੰ ਨਾ ਕੇਵਲ ਪਰਿਵਾਰਕ ਮਾਮਲਿਆਂ ਬਾਰੇ ਹੀ ਲਿਖਦੇ, ਸਗੋਂ ਸਾਡੇ ਦੂਜੇ ਸਿਆਸੀ ਅਤੇ ਸਮਾਜਿਕ ਸਰੋਕਾਰਾਂ ਦਾ ਵੀ ਇਹਨਾਂ ਵਿਚ ਜ਼ਿਕਰ ਹੁੰਦਾ।

ਆਪਣੀਆਂ ਯਾਦਾਂ ਵਿਚ ਵਿਮਲਾ ਕੁਝ ਪਰਿਵਾਰ ਦੇ ਜੀਆਂ ਬਾਰੇ ਵੀ ਟਿਪਣੀਆਂ ਕਰਦੀ ਹੈ, ਖਾਸ ਕਰ ਸਾਡੇ ਸਭ ਤੋਂ ਵੱਡੇ ਵੀਰ ਸ਼ਸ਼ੀ ਬਾਰੇ ਜਿਹਨਾਂ ਦੀ 25 ਸਾਲ ਦੀ ਛੋਟੀ ਉਮਰ ਵਿਚ ਹੀ ਸਤੰਬਰ, 1946 ਵਿਚ ਮੌਤ ਹੋ ਗਈ ਸੀ। ਸ਼ਸ਼ੀ ਦੇ ਉਸ ਵਲੋਂ ਕੀਤੇ ਸੁਭਾ-ਚਿਤਰਨ ਵਿਚ ਕੁਝ ਵਿਸਥਾਰ ਦੀ ਲੋੜ ਹੈ। ਇਥੇ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਵਿਮਲਾ ਅਤੇ ਦੋ ਵੱਡੇ ਵੀਰਾਂ ਦਰਮਿਆਨ ਕੋਈ ਪੰਜ ਛੇ ਸਾਲ ਦਾ ਫਰਕ ਸੀ ਜਿਹੜਾ ਕਿ ਬਚਪਨ ਅਤੇ ਚੜ੍ਹਦੀ ਜਵਾਨੀ ਵਿਚ ਇਕ ਕਾਫੀ 'ਪੀੜ੍ਹੀ ਪਾੜ੍ਹਾ' ਹੁੰਦਾ ਹੈ। ਜਦੋਂ ਵਿਮਲਾ ਸਕੂਲ ਛੱਡਣ ਵਾਲੀ ਸੀ, ਸ਼ਸ਼ੀ ਅਤੇ ਮੈਂ ਉਸ ਤੋਂ ਪਹਿਲਾਂ ਹੀ ਕਾਲਜ ਵਿਚੋਂ ਬੀ.ਏ. ਪਾਸ ਕਰ ਚੁੱਕੇ ਸਾਂ। ਸ਼ਸ਼ੀ ਬੀ.ਏ. ਕਰਨ ਤੋਂ ਬਾਅਦ 1941 ਵਿਚ ਬੰਬਈ ਲਈ ਰਵਾਨਾ ਹੋ ਗਿਆ, ਅਤੇ ਭਾਵੇਂ ਕਿ ਬਾਕੀ ਦਾ ਪਰਿਵਾਰ ਵੀ 1944 ਵਿਚ ਬੰਬਈ ਚਲਾ ਗਿਆ ਸੀ, ਸ਼ਸ਼ੀ ਸਾਡੇ ਨਾਲ ਨਹੀਂ ਸੀ ਰਹਿੰਦਾ ਅਤੇ ਉਹ ਸੁਹਾਸਿਨੀ ਅਤੇ ਜੰਭੇਕਰ ਦੇ ਨਾਲ ਹੀ ਰਹੀ ਜਾਂਦਾ ਸੀ। ਇਸ ਲਈ ਉਸ ਨਾਲ ਜ਼ਾਤੀ ਸੰਪਰਕ ਹੋਰ ਵੀ ਘਟ ਗਿਆ। ਮੈਂ ਉਮਰ ਦੇ ਹਿਸਾਬ ਉਹਦੇ ਨੇੜੇ ਸਾਂ ਅਤੇ ਅਸੀਂ ਦੋਵੇਂ ਕੰਮ ਵੀ ਇਕੋ ਹੀ ਜਥੇਬੰਦੀ ਵਿਚ ਕਰਦੇ ਸਾਂ ਜਿਸਨੂੰ "ਫਰੈਂਡਜ਼ ਆਫ ਸੋਵੀਅਤ ਯੂਨੀਅਨ" (ਐਫ.ਐਸ.ਯੂ.) ਕਿਹਾ ਜਾਂਦਾ ਸੀ। ਇਸ ਲਈ ਮੇਰਾ ਉਸ ਨਾਲ ਸੰਪਰਕ ਬਿਹਤਰ ਸੀ।

ਪਰੰਤੂ ਸ਼ਸ਼ੀ ਬਾਰੇ ਕੁਝ ਹੋਰ ਕਹਿਣ ਤੋਂ ਪਹਿਲਾਂ, ਆਪਣੇ ਪਰਿਵਾਰ ਲਈ ਕੁਝ ਸ਼ਬਦ ਕੁਥਾਂ ਨਹੀਂ ਹੋਣਗੇ।

ਸਾਡੇ ਮਾਪਿਆਂ ਦੀ ਸ਼ਾਦੀ 1919 ਵਿਚ ਹੋਈ ਸੀ। ਸਾਡੇ ਪਿਤਾ ਅੌਤਾਰ ਲਾਲ ਬਕਾਇਆ ਬਹੁਤ ਸਾਰੇ ਸਾਲਾਂ ਲਈ ਬੇਰੁਜ਼ਗਾਰ ਰਹੇ ਸਨ। ਆਪਣੀ ਪੀੜ੍ਹੀ ਦੇ ਹੋਰ ਬਹੁਤ ਸਾਰਿਆਂ ਵਾਂਗ, ਉਸ ਦੇ ਵਿਚਾਰ ਉਦਾਰਵਾਦੀ ਅਤੇ ਰਾਸ਼ਟਰਵਾਦੀ ਸਨ। 1928 ਵਿਚ ਉਹਨਾਂ ਨੇ ਕੁਝ ਸਾਲਾਂ ਲਈ ਆਪਣਾ ਆਜ਼ਾਦ ਘਰ ਸਥਾਪਤ ਕਰਨ ਦਾ ਯਤਨ ਕੀਤਾ ਅਤੇ ਇਕ ਜ਼ਿਮੀਦਾਰ ਵਜੋਂ ਗਵਾਲੀਅਰ ਦੀ ਰਜਵਾੜਾ ਰਿਆਸਤ ਦੇ ਕਸਬਾ ਗੰਜ ਬਸੋਡਾ ਵਿਚ ਜਿਹਨੂੰ ਹੁਣ ਮੱਧ ਪ੍ਰਦੇਸ਼ ਕਿਹਾ ਜਾਂਦਾ ਹੈ। ਇਥੇ ਉਹਨਾਂ ਨੇ ਕੁਝ ਜ਼ਮੀਨ ਖਰੀਦ ਲਈ। ਉਰਦੂ ਅਤੇ ਅੰਗਰੇਜ਼ੀ ਸਾਹਿਤ ਚੰਗਾ ਪੜ੍ਹੇ ਲਿਖੇ ਹੋਣ ਕਾਰਣ, ਉਹਨਾਂ ਨੇ ਉਰਦੂ ਵਿਚ ਕਵਿਤਾ ਲਿਖਣੀ ਸ਼ੁਰੂ ਕਰ ਦਿਤੀ ਅਤੇ ਮੁਸ਼ਾਇਰਿਆਂ ਵਿਚ ਹਿੱਸਾ ਲੈਣ ਲੱਗੇ ਜਿਹੜੇ ਕਿ ਉਸ ਵੇਲੇ ਗਵਾਲੀਅਰ ਰਿਆਸਤ ਵਿਚ ਆਮ ਹੀ ਹੋਇਆ ਕਰਦੇ ਸਨ। ਬਾਅਦ ਵਿਚ ਲਾਹੌਰ ਵਿਖੇ ਉਹ 'ਬਹਾਰ-ਇ-ਕਸ਼ਮੀਰ' ਦੇ ਆਨਰੇਰੀ ਸੰਪਾਦਕ ਬਣ ਗਏ, ਜੋ ਕਿ ਕਸ਼ਮੀਰੀ ਪੰਡਤ ਐਸੋਸੀਏਸ਼ਨ ਵਲੋਂ ਪ੍ਰਕਾਸ਼ਤ ਕੀਤਾ ਜਾਂਦਾ ਇਹ ਮਾਹਵਾਰੀ ਰਸਾਲਾ ਸੀ।

ਜਦੋਂ 1931 ਵਿਚ ਸਾਡੇ ਮਾਤਾ ਜੀ ਕਮਲਾ ਬਕਾਇਆ ਦੇ ਪਿਤਾ ਜੀ ਪੰਡਤ ਰੂਪ ਕਿਸ਼ਨ ਆਗਾ ਨੇ ਮੇਰੇ ਮਾਤਾ ਜੀ ਅਤੇ ਉਹਨਾਂ ਦੀ ਛੋਟੀ ਭੈਣ ਰੂਪਕੁਮਾਰੀ ਦੀ ਰੋਮ ਯਾਤਰਾ ਦਾ ਸਾਰਾ ਖਰਚ ਆਪਣੇ ਜ਼ਿੰਮੇ ਲੈਣ ਦੀ ਪੇਸ਼ਕਸ਼ ਕਰ ਦਿਤੀ ਤਾਂ ਜੋ ਮਾਨਟੇਸੋਰੀ ਦਾ ਡਿਪਲੋਮਾ ਖੁਦ ਮੈਡਮ ਮਾਰੀਆ ਮੋਨਟੇਸੋਰੀ ਤੋਂ ਕਰ ਸਕਣ, ਤਾਂ ਮੇਰੇ ਪਿਤਾ ਜੀ ਤੁਰੰਤ ਸਹਿਮਤ ਹੋ ਗਏ। ਸਾਡੀ ਮਾਤਾ ਨੂੰ ਭੇਜਣ ਲਈ ਅਤੇ ਉਹਨਾਂ ਨੂੰ ਕਿਹਾ ਕਿ ਉਹ ਉਹਨਾਂ ਦੀ ਜੀਵਨ ਵਿਚ ਤਰੱਕੀ ਕਰਨ ਲਈ ਅਤੇ ਆਪਣਾ ਆਜ਼ਾਦਾਨਾ ਰਸਤਾ ਇਖਤਿਆਰ ਕਰਨ ਲਈ ਕੁਝ ਵੀ ਕਰਨ ਨੂੰ ਤਿਆਰ ਹੋਣਗੇ। ਉਹਨਾਂ ਦਿਨਾਂ ਵਿਚ ਇਹ ਕੁਝ ਅਸਾਧਾਰਨ ਗੱਲ ਸੀ ਭਾਵੇਂ ਕਮਲਾ ਉਸ ਵੇਲੇ ਮਸਾਂ 35 ਸਾਲਾਂ ਦੀ ਸੀ ਪਰ ਹੁਣ ਤੱਕ ਉਹ ਪੰਜ ਬੱਚਿਆਂ ਦੀ ਮਾਂ ਬਣ ਚੁੱਕੀ ਸੀ। ਸਭ ਤੋਂ ਵੱਡਾ ਸ਼ਸ਼ੀ (ਜਨਵਰੀ 1921 ਅਤੇ ਮੌਤ ਸਤੰਬਰ 1946), ਅਗਲਾ ਰਵੀ (ਜਨਮ ਅਪਰੈਲ 1922), ਤੀਜੀ ਵਿਮਲਾ (ਜਨਮ ਦਸੰਬਰ 1926), ਉਸਤ ਤੋਂ ਬਾਅਦ ਸਰਲਾ (ਜਨਮ ਜੂਨ 1928), ਅਤੇ ਆਖਰੀ ਰੱਤੀ (ਜਨਮ ਅਕਤੂਬਰ 1929)।

ਇੰਜ ਸਾਡੇ ਮਾਤਾ ਜੀ ਉਹਨਾਂ ਪਹਿਲੀਆਂ ਚਾਰ ਭਾਰਤੀ ਔਰਤਾਂ ਵਿਚੋਂ ਸਨ ਜਿਹਨਾਂ ਨੇ ਮੋਨਟੇਸੋਰੀ ਅਧਿਆਪਕਾ ਵਜੋਂ ਯੋਗਤਾ ਪ੍ਰਾਪਤ ਕੀਤੀ। ਆਪਣੀ ਵਾਪਸੀ ਉਪਰ, ਮੁਲਾਜ਼ਮਤ ਪ੍ਰਾਪਤ ਕਰਨ ਲਈ ਉਹਨਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਈ ਅਤੇ ਉਹ ਲਾਹੌਰ ਦੇ ਸਰ ਗੰਗਾ ਰਾਮ ਗਰਲਜ਼ ਹਾਈ ਸਕੂਲ ਵਿਚ ਅਧਿਆਪਕਾ ਲਗ ਗਏ। ਉਦੋਂ ਤੋਂ ਲੈ ਕੇ 1943 ਵਿਚ ਸਾਡੇ ਪਿਤਾ ਦੀ ਮੌਤ ਤਕ ਉਹੋ ਹੀ ਸਾਡੇ ਪਰਿਵਾਰ ਦੀ ਰੋਟੀ ਰੋਜ਼ੀ ਕਮਾਉਣ ਵਾਲੇ ਰਹੇ। ਬਿਲਾ ਸ਼ੱਕ ਬਹੁਤ ਸਾਰੇ ਸਾਲਾਂ ਤੱਕ ਉਹੋ ਹੀ ਸਾਡੇ ਪਰਿਵਾਰ ਦਾ ਮੁੱਖ ਆਸਰਾ ਰਹੇ ਅਤੇ ਹੋਰ ਬਹੁਤ ਸਾਰੇ

ਸਾਲਾਂ ਲਈ ਵੀ ਕਿਉਂਕਿ ਉਹਨਾਂ ਦੇ ਬੱਚੇ ਜਾਂ ਤਾਂ ਸਿਆਸੀ ਕੰਮ ਵਿਚ ਰੁਝੇ ਰਹਿੰਦੇ ਸਨ, ਜਾਂ ਪੜ੍ਹਾਈ ਕਰ ਰਹੇ ਸਨ। ਸਾਡੇ ਪਿਤਾ ਜੀ, ਜਿਹਨਾਂ ਨੂੰ ਆਖਰ ਕਰ ਆਲ ਇੰਡੀਆ ਰੇਡੀਓ, ਲਾਹੌਰ ਉਤੇ ਕੰਮ ਮਿਲ ਗਿਆ, ਉਦੋਂ ਬੀ. ਬੀ.ਸੀ. ਦੇ ਭਾਰਤੀ ਵਿਭਾਗ ਵਿਚ ਜਾ ਲੱਗੇ ਜਦੋਂ ਇਹਨਾਂ ਦੂਜੀ ਸੰਸਾਰ ਜੰਗ ਦੇ 1940 ਵਿਚ ਸ਼ੁਰੂ ਹੋ ਜਾਣ ਉਤੇ ਇਹ ਵਿਭਾਗ ਸ਼ੁਰੂ ਕੀਤਾ। ਉਹ 1943 ਵਿਚ ਸੰਖੇਪ ਜਿਹੀ ਬਮੀਰੀ ਤੋਂ ਬਾਅਦ ਹੀ ਜੰਗ ਸਮੇਂ ਲੰਡਨ ਵਿਚ ਸਵਰਗਵਾਸ ਹੋ ਗਏ ਹਾਲਾਂਕਿ ਉਹਨਾਂ ਦੀ ਉਮਰ ਹਾਲੀ 45 ਸਾਲ ਦੀ ਹੀ ਸੀ। ਅਸਾਂ ਸਾਰੇ ਬੱਚਿਆਂ ਨੇ ਸਕੂਲ ਤਕ ਦੀ ਪੜ੍ਹਾਈ ਲਾਹੌਰ ਵਿਚ ਹੀ ਕੀਤੀ ਅਤੇ ਸ਼ਸ਼ੀ ਤੇ ਮੈਂ ਕਾਲਜ ਦੀ ਪੜ੍ਹਾਈ ਵੀ ਉਥੇ ਹੀ ਕੀਤੀ ਅਤੇ ਅਸਾਂ ਕਰਮਵਾਰ ਬੀ.ਏ. 1941 ਤੇ 1942 ਵਿਚ ਕਰ ਲਈ।

ਜਿਵੇਂ ਕਿ ਵਿਮਲਾ ਕਹਿੰਦੀ ਹੈ ਕਿ, ਸਾਡਾ ਸਿਆਸੀ ਜੀਵਨ ਲਾਹੌਰ ਵਿਚ ਹੀ ਸ਼ੁਰੂ ਹੋਇਆ। ਜਿਥੇ ਉਹ ਇਕ ਵਿਦਿਆਰਥੀ ਕਾਰਜਕਰਤਾ ਵਜੋਂ ਸਿੱਧੀ ਹੀ ਕਮਿਊਨਿਸਟ ਲਹਿਰ ਵਿਚ ਦਾਖਲ ਹੋ ਗਈ। ਪਰੰਤੂ, ਸ਼ਸ਼ੀ ਅਤੇ ਮੈਂ ਤਾਂ ਕਾਫੀ ਵਡੇ ਸਾਂ ਅਤੇ ਅਸੀਂ ਵਿਸ਼ਾਲ ਗੈਰ-ਕਮਿਊਨਿਸਟ ਲਹਿਰ ਦੇ ਵਾਤਾਵਰਣ ਦਾ ਤਜਰਬਾ ਵੀ ਕਰ ਸਕਦੇ ਸਾਂ। ਅਸੀਂ ਹਰ ਸਾਲ ਆਪਣੀਆਂ ਲੰਬੀਆਂ ਗਰਮੀਆਂ ਦੀਆਂ ਛੁੱਟੀਆਂ ਅਲ੍ਹਾਬਾਦ ਵਿਚ ਹੀ ਗੁਜ਼ਾਰਦੇ ਸਾਂ ਜਿਥੇ ਸਾਡੇ ਨਾਨਾ ਜੀ ਡਿਸਟ੍ਰਿਕਟ ਅਤੇ ਸੈਸ਼ਨਜ਼ ਜੱਜ ਹੁੰਦੇ ਸਨ। ਸ਼ਸ਼ੀ ਅਤੇ ਮੈਂ ਉਥੇ ਸਕੂਲ ਵਿਚ ਵੀ ਪੜ੍ਹੇ ਸਾਂ ਜਦ ਕਿ ਸਾਡੇ ਮਾਤਾ ਜੀ ਰੋਮ ਵਿਚ ਮੋਨਟੇਸੋਰੀ ਦਾ ਕੋਰਸ ਕਰ ਰਹੇ ਸਨ।

ਅਲਾਹਾਬਾਦ ਆਲ ਇੰਡੀਆ ਕਾਂਗਰਸ ਕਮੇਟੀ ਦਾ ਹੈਡਕੁਆਟਰ ਸੀ ਜਿਥੇ ਉਦੋਂ ਬਹੁਤ ਸਾਰੇ ਉਘੇ ਰਾਸ਼ਟਰੀ ਨੇਤਾ ਰਹਿੰਦੇ ਸਨ, ਜਿਹਨਾਂ ਵਿਚ ਨਹਿਰੂ ਵੀ ਸ਼ਾਮਲ ਸਨ। ਇਹ ਉਸ ਵੇਲੇ ਸੰਯੁਕਤ ਪ੍ਰਾਂਤਾਂ ਦੀ ਰਾਜਧਾਨੀ ਸੀ ਅਤੇ ਇਥੇ ਹਾਈਕੋਰਟ ਵੀ ਸੀ ਅਤੇ ਭਾਰਤ ਦੀਆਂ ਸਭ ਨਾਲੋਂ ਪੁਰਾਣੀਆਂ ਯੂਨੀਵਰਸਿਟੀਆਂ ਵਿਚੋਂ ਇਕ ਯੂਨੀਵਰਸਿਟੀ ਵੀ। ਪਰੰਤੂ ਅਜ ਦੇ ਪੈਮਾਨਿਆਂ ਨਾਲ, ਅਲਾਹਾਬਾਦ ਉਸ ਵੇਲੇ ਇਕ ਛੋਟਾ ਜਿਹਾ ਹੀ ਸ਼ਹਿਰ ਸੀ ਜਿਸ ਦੀ ਵਸੋਂ ਕੋਈ ਤਿੰਨ ਲੱਖ ਦੇ ਕਰੀਬ ਸੀ ਜਿਥੇ ਸਭ ਇਕ ਦੂਜੇ ਨੂੰ ਜਾਣਦੇ ਜਾਪਦੇ ਸਨ।

ਛੁੱਟੀਆਂ ਵਿਚ ਅਸੀਂ ਬਹੁਤ ਪੜ੍ਹਦੇ ਸਾਂ। ਟੈਲੀਵਿਜ਼ਨ ਦੀ ਤਾਂ ਗੱਲ ਹੀ ਛੱਡੋ, ਕੋਈ ਰੇਡੀਓ ਤੱਕ ਨਹੀਂ ਸੀ ਹੁੰਦਾ ਉਦੋਂ ਅਤੇ ਸਾਨੂੰ ਰੁਝਾਏ ਰੱਖਣ ਲਈ ਘਰ ਹੋਣ ਵੇਲੇ ਸਾਡੇ ਕੋਲ ਕੁਝ ਵੀ ਤਾਂ ਨਹੀਂ ਸੀ ਹੁੰਦਾ।

ਘਰ ਕਿਤਾਬਾਂ ਨਾਲ ਭਰਿਆ ਹੁੰਦਾ ਸੀ ਅਤੇ ਪਰਿਵਾਰ 'ਚਾਂਦ', 'ਸਰਸਵਤੀ' ਅਤੇ 'ਮਾਧੁਰੀ' ਵਰਗੇ ਕਈ ਹਿੰਦੀ ਰਸਾਲੇ ਲੈਂਦਾ ਸੀ ਅਤੇ ਅੰਗਰੇਜ਼ੀ ਦਾ 'ਇਲਸਟ੍ਰੇਟਿਡ ਵੀਕਲੀ ਆਫ ਇੰਡੀਆ' ਵੀ। ਭਾਵੇਂ ਸਾਡੇ ਨਾਨਾ ਜੀ ਉੱਚ ਸਰਕਾਰੀ ਅਧਿਕਾਰੀ ਸਨ, ਜੱਜ ਹੋਣ ਦੇ ਬਾਵਜੂਦ, ਸਾਰੇ ਪਰਿਵਾਰ ਦੇ ਹੀ ਤਕੜੇ ਰਾਸ਼ਟਰਵਾਦੀ ਵਿਚਾਰ ਸਨ ਜਿਹੜੀ ਉਹਨਾਂ ਦਿਨਾ ਵਿਚ ਆਮ ਹੀ ਗਲ ਹੋਇਆ ਕਰਦੀ ਸੀ। ਸਾਡੇ ਨਾਨਾ ਜੀ ਕਿਤਾਬਾਂ ਦੇ ਦਿਲਦਾਦਾ ਸਨ ਅਤੇ ਅੰਗਰੇਜ਼ੀ ਕਿਤਾਬਾਂ ਦੀ ਉਹਨਾਂ ਦੀ ਇਕ ਤਕੜੀ ਲਾਇਬਰੇਰੀ ਸੀ ਜਿਸ ਵਿਚ ਨਵੀਆਂ ਆਉਣ ਵਾਲੀਆਂ ਕਿਤਾਬਾਂ ਵਾਧਾ ਕਰਦੀਆਂ ਰਹਿੰਦੀਆਂ ਸਨ। ਸਾਡੇ ਨਾਨੀ ਲਾਡੋ ਰਾਣੀ ਜੀ ਆਗਾ, ਭਾਵੇਂ ਪੜ੍ਹੇ ਲਿਖੇ ਤਾਂ ਨਹੀਂ ਸਨ, ਉਹਨਾ ਨੂੰ ਮਸਾਂ ਹਿੰਦੀ ਹੀ ਪੜ੍ਹਨੀ ਆਉਂਦੀ ਸੀ, ਪਰ ਉਹ ਹੈ ਸਨ ਬੜੇ ਹਿੰਮਤੀ ਔਰਤ ਅਤੇ ਉਹਨਾਂ ਵਿਚ ਪਹਿਲਕਦਮੀ ਵੀ ਬਹੁਤ ਸੀ। ਬਾਵਜੂਦ 10 ਜਵਾਨ ਜਹਾਨ ਬੱਚਿਆਂ ਦੀ ਮਾਂ ਹੋਣ ਦੇ, ਉਹ ਸਮਾਜਕ ਕੰਮਾਂ ਵਿਚ ਸਰਗਰਮ ਹਿੱਸਾ ਲੈਂਦੇ ਸਨ ਅਤੇ ਅਲਾਹਾਬਾਦ ਮਹਿਲਾ ਮਨੋਰੰਜਨ ਕੱਲਬ ਦੇ ਸੰਸਥਾਪਕ ਮੈਂਬਰ ਅਤੇ ਉਸ ਦੇ ਇਕ ਥੰਮ ਸਨ। ਸਾਡੇ ਵੱਡੇ ਮਾਮੇ ਅਤੇ ਮਾਸੀਆਂ ਕਾਲਜ ਵਿਚ ਸਨ। ਅਲਾਹਾਬਾਦ ਯੂਨੀਵਰਸਿਟੀ ਸਭ ਤੋਂ ਪੁਰਾਣੀਆਂ ਯੂਨੀਵਰਸਿਟੀਆਂ ਵਿਚੋਂ ਇਕ ਸੀ ਅਤੇ ਸ਼ਹਿਰ ਆਪਣੇ ਅਮੀਰ ਬੌਧਿਕ ਜੀਵਨ ਲਈ ਪ੍ਰਸਿੱਧ ਸੀ। ਸਾਡੀਆਂ ਮਾਸੀਆਂ ਵਿਚੋਂ ਇਕ ਮਹਾਦੇਵੀ ਵਰਮਾ ਜਿਹੜੀ ਕਿ ਪ੍ਰਸਿੱਧ ਕਵਿਤਰੀ ਸੀ, ਦੀ ਸਹੇਲੀ ਅਤੇ ਸਮਕਾਲੀ ਸੀ। ਦੂਜੀ ਨਿੱਕੀਆਂ ਕਹਾਣੀਆਂ ਦੀ ਉਭਰ ਰਹੀ ਲੇਖਿਕਾ ਵੀ ਸੀ ਅਤੇ ਕਵਿਤਰੀ ਵੀ ਹਰੀ ਵੰਸ਼ ਰਾਏ ਬਚਨ ਵਰਗੀ।

ਵਿਮਲਾ ਉਸੇ ਵੇਲੇ ਏਨੀ ਛੋਟੀ ਸੀ ਕਿ ਉਹ ਇਸ ਬੌਧਿਕ ਵਾਤਾਵਰਣ ਦਾ ਪ੍ਰਤੀਕਰਮ ਨਹੀਂ ਸੀ ਦੇ ਸਕਦੀ। ਪਰੰਤੂ ਉਹ ਗਾਉਣ ਅਤੇ ਨਾਚ ਕਰਨਾ ਜ਼ਰੂਰ ਸਿੱਖ ਗਈ ਸੀ। ਅਲਾਹਾਬਾਦ ਵਿਚ ਪਰਿਵਾਰ ਦਾ ਇਕ ਸੰਗੀਤ-ਅਧਿਆਪਕ ਸੀ, ਜਿਸ ਦਾ ਨਾਂ ਪਾਠਕ ਸੀ, ਜਿਹੜਾ ਮੇਰੇ ਕੁਝ ਮਾਮੇ ਅਤੇ ਮਾਸੀਆਂ ਨੂੰ ਸੰਗੀਤ ਸਿਖਾਇਆ ਕਰਦਾ ਸੀ। ਪਰਿਵਾਰ ਦਾ ਕੋਈ ਵੀ ਜੀਅ ਉਹਦੀਆਂ ਕਲਾਸਾਂ ਵਿਚ ਹਾਜ਼ਰ ਹੋ ਸਕਦਾ ਸੀ। ਵਿਮਲਾ ਸੰਗੀਤ ਦੀ ਬਹੁਤ ਸ਼ੌਕੀਨ ਸੀ ਅਤੇ ਤਬਲੇ ਅਤੇ ਹਾਰਮੋਨੀਅਮ ਦੀ ਧੁਨ ਉਤੇ ਨਾਚ ਕਰਿਆ ਕਰਦੀ ਸੀ। ਅਲਾਹਾਬਾਦ ਵਿਚ ਸਾਡੀਆਂ ਵਾਰਸ਼ਿਕ ਯਾਤਰਾਵਾਂ ਇੰਜ ਸਾਡੇ ਸਿੱਖਿਆ ਦਾ ਸਾਧਨ ਹੋਇਆ ਕਰਦੀਆਂ ਸਨ। ਲਾਹੌਰ ਦੇ ਮੁਕਾਬਲੇ ਅਲਾਹਾਬਾਦ ਕਿਤੇ ਵਧ ਸਿਆਸੀ ਅਤੇ ਬੌਧਿਕ ਤੌਰ ਉਤੇ ਅਗੇਵਧੂ ਸ਼ਹਿਰ ਸੀ ਅਤੇ ਸਾਡੀਆਂ ਮਾਸੀਆਂ ਅਤੇ ਮਾਮੇ ਸਾਨੂੰ ਐਵੇਂ ਟਿੱਚ ਜਾਣਿਆ ਕਰਦੇ ਸਨ ਕਿਉਂਕਿ ਅਸੀਂ 'ਪਛੜੇ ਹੋਏ ਪੰਜਾਬ' ਤੋਂ ਆਏ ਸਾਂ।

ਵਿਮਲਾ ਦਾ ਵਿਦਿਆਰਥੀ ਲਹਿਰ ਦਾ ਲਾਹੌਰ ਵਿਚਲਾ ਤਜਰਬਾ ਉਹਦੇ ਸਤਿਆਪਾਲ ਡਾਂਗ ਦੇ ਸੰਪਰਕ ਵਿਚ ਆਉਣ ਨਾਲ ਆਰੰਭ ਹੁੰਦਾ ਹੈ ਜਿਹੜਾ ਲਾਇਲਪੁਰ (ਹੁਣ ਪਾਕਿਸਤਾਨ ਵਿਚ ਫੈਸਲਾਬਾਦ) ਤੋਂ ਐਫ.ਐਸ.ਸੀ. ਕਰਨ ਤੋਂ ਬਾਅਦ ਲਾਹੌਰ ਗੌਰਮਿੰਟ ਕਾਲਜ ਵਿਚ ਦਾਖਲ ਹੋਇਆ ਸੀ ਆਪਣੀ ਪੜ੍ਹਾਈ ਨੂੰ ਜਾਰੀ ਰੱਖਣ ਲਈ। ਉਹ ਤਾਂ ਲਾਇਲਪੁਰ ਵਿਚ ਪਹਿਲਾਂ ਹੀ ਵਿਦਿਆਰਥੀ ਰਾਜਨੀਤੀ ਵਿਚ ਸਰਗਰਮ ਸੀ ਅਤੇ ਉਥੇ ਉਹਨੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਇਕਾਈ ਸਥਾਪਤ ਕਰਨ ਵਿਚ ਸਹਾਇਤਾ ਕੀਤੀ ਸੀ।

ਤੀਹਵਿਆਂ ਦੇ ਅਖੀਰ ਵਿਚ ਲਾਹੌਰ ਦੇ ਵਿਦਿਆਰਥੀ ਨੇਤਾ ਹੁੰਦੇ ਸਨ ਰਾਜਬੰਸ ਕਿਸ਼ਨ, (ਬਾਅਦ ਵਿਚ ਰਾਜਬੰਸ ਖੰਨਾ ਵਜੋਂ ਪ੍ਰਸਿੱਧ ਹੋਇਆ) ਜਾਦੂਮਈ ਬੰਧੂ ਅਹਿਮਦ ਅਲੀ ਖਾਂ ਅਤੇ ਮਜ਼ਹਰ ਅਲੀ ਖਾਂ, ਦੋ ਇੰਦਰ-ਇੰਦਰ ਕੁਮਾਰ ਗੁਜਰਾਲ ਅਤੇ ਇੰਦਰ ਮੋਹਨ, ਜਗਜੀਤ ਸਿੰਘ ਆਨੰਦ, ਰਣਧੀਰ ਸਿੰਘ (ਜਿਹੜੇ ਕਿ ਦੋ ਸਾਲਾਂ ਲਈ ਫਾਰਮਨ ਕ੍ਰਿਸਚੀਅਨ ਕਾਲਜ ਵਿਚ ਮੇਰੇ ਜਮਾਤੀ ਰਹੇ ਸਨ), ਪੈਰਿਨ ਭੜੂਚਾ ਅਤੇ ਉਹਦਾ ਭਵਿੱਖੀ ਪਤੀ ਰਮੇਸ਼ ਚੰਦਰ ਅਤੇ ਕਈ ਹੋਰ।

1938 ਵਿਚ ਸੀ.ਪੀ.ਆਈ. ਹਾਲੀ ਵੀ ਗੈਰ-ਕਾਨੂੰਨੀ ਸੀ ਪਰੰਤੂ ਇਹ ਬੰਬਈ ਤੋਂ ਇਕ ਖੁਲ੍ਹਾ ਅਖਬਾਰ 'ਨੈਸ਼ਨਲ ਫਰੰਟ' ਛਾਪਦੀ ਸੀ। ਪਾਰਟੀ ਕੌਮਿਨਤਨ ਦੀ ਸੱਤਵੀਂ ਕਾਂਗਰਸ ਦੀ ਫਾਸ਼ੀ ਵਿਰੋਧੀ, ਸਾਂਝਾ ਮੁਹਾਜ ਉਸਾਰਨ ਦੀ ਨੀਤੀ ਉਤੇ ਚਲਦੀ ਸੀ। ਬਹੁਤ ਸਾਰੇ ਕਮਿਊਨਿਸਟ ਕਾਂਗਰਸ (ਕਾਂਗਰਸ ਸੋਸ਼ਲਿਸਟ ਪਾਰਟੀ) ਵਿਚ ਆਗੂ ਪਦਵੀਆਂ ਉਤੇ ਬੈਠੇ ਹੋਏ ਸਨ। ਲਾਹੌਰ ਵਿਚ ਏ.ਆਈ.ਐਸ.ਐਫ. ਦੇ ਬਹੁਤ ਸਾਰੇ ਉੱਚ

[illegible] ਕਲਾਸਾਂ ਛੱਡਣ ਦੇ ਬਾਵਜੂਦ, ਸ਼ਸ਼ੀ ਆਪਣੇ ਕਾਲਜ ਦੇ ਰਸਾਲੇ ਵਿਚ ਛਪੀਆਂ ਆਪਣੀਆਂ ਲਿਖਤਾਂ ਲਈ ਇਨਾਮ ਜਿੱਤਦਾ ਰਿਹਾ। ਉਹ ਡੀ.ਏ.ਵੀ. ਕਾਲਜ ਵਿਚ ਆਪਣਾ ਇਕ ਸਾਲ ਇਸ ਲਈ ਗਵਾ ਬੈਠਾ ਕਿਉਂਕਿ ਉਹਦੀਆਂ ਘਟੋ ਘਟ ਲੋੜੀਂਦੀਆਂ ਹਾਜ਼ਰੀਆਂ ਪੂਰੀ ਨਹੀਂ ਸਨ ਹੋ ਸਕੀਆਂ। ਉਹਨੇ ਸਾਇੰਸ ਵਿਚ ਆਪਣਾ ਦੂਜਾ ਸਾਲ ਪਾਸ ਕਰਨ ਲਈ ਸਖਤ ਮਿਹਨਤ ਕੀਤੀ ਜਿਹਦੇ ਵਿਚ ਉਹ 1939 ਵਿਚ ਕਾਮਯਾਬ ਹੋ ਗਿਆ ਅਤੇ ਫਿਰ ਉਹਨੇ ਆਪਣਾ ਕਾਲਜ ਵੀ ਬਦਲ ਲਿਆ ਅਤੇ ਆਪਣੇ ਮਜ਼ਮੂਨ ਵੀ ਅਤੇ ਉਹਨੇ ਫਾਰਮਨ ਕ੍ਰਿਸਚੀਅਨ ਕਾਲਜ ਵਿਚ ਬੀ.ਏ. ਵਿਚ ਅੰਗਰੇਜ਼ੀ ਦੀ ਆਨਰਜ਼ ਲੈ ਕੇ ਦਾਖਲਾ ਲੈ ਲਿਆ। ਐਫ.ਸੀ. ਕਾਲਜ ਅਮਰੀਕੀ ਕ੍ਰਿਸਚੀਅਨ ਮਿਸ਼ਨ ਵਲੋਂ ਚਲਾਇਆ ਜਾ ਰਿਹਾ ਸੀ ਅਤੇ ਲਾਹੌਰ ਦੇ ਬਾਕੀ ਕਾਲਜਾਂ ਨਾਲੋਂ ਵਧੇਰੇ ਉਦਾਰਵਾਦੀ ਸਮਝਿਆ ਜਾਂਦਾ ਸੀ। ਇਸ ਕਾਲਜ ਤੇ ਬਾਕੀ ਕਾਲਜਾਂ ਵਿਚ ਵੀ ਸ਼ਸ਼ੀ ਕਾਲਜ ਦੀ ਕ੍ਰਿਕਟ ਟੀਮ ਦਾ ਸਿਰਕੱਢ ਮੈਂਬਰ ਰਿਹਾ। ਉਹ ਪੀ.ਆਈ. ਪੇਂਟਰ ਦਾ ਚਹੇਤਾ ਵਿਦਿਆਰਥੀ ਬਣ ਗਿਆ, ਜਿਹੜਾ ਕਿ ਉਥੇ ਇਕੋ ਇਕ ਅੰਗਰੇਜ਼ ਅਤੇ ਕਾਲਜ ਦੀ ਕ੍ਰਿਕਟ ਟੀਮ ਦਾ ਸਰਪ੍ਰਸਤ ਸੀ। ਉਹ ਸ਼ਸ਼ੀ ਦੀ ਕਦਰ ਉਸ ਦੀ ਅੰਗਰੇਜ਼ੀ ਸਾਹਿਤ ਵਿਚ ਦਿਲਚਸਪੀ ਕਾਰਨ ਵੀ ਕਰਦਾ ਸੀ। ਜੋ ਕਿ ਪੇਂਟਰ ਪੜ੍ਹਾਉਂਦਾ ਸੀ। 1941 ਵਿਚ ਸ਼ਸ਼ੀ ਸ਼ਾਨਦਾਰ ਤਰੀਕੇ ਨਾਲ ਪਾਸ ਹੋ ਗਿਆ ਅਤੇ ਅੰਗਰੇਜ਼ੀ ਅਤੇ ਇਕਨਾਮਿਕਸ ਵਿਚ ਉਹ ਸਿਰਕੱਢ ਰਿਹਾ ਅਤੇ ਉਹਨੇ ਸੋਨ ਤਮਗਾ ਜਿੱਤਿਆ।

ਉਹਨਾਂ ਦਿਨਾਂ ਵਿਚ ਲਾਹੌਰ ਦੀ ਸਟੂਡੈਂਟਸ ਲੀਡਰਸ਼ਿਪ ਸੋਚਦੀ ਸੀ ਕਿ ਸ਼ਸ਼ੀ ਕਵਿਤਾ ਲਿਖ ਕੇ ਅਤੇ ਕ੍ਰਿਕਟ ਖੇਡ ਕੇ ਇਨਕਲਾਬੀ ਦੌਰ ਵਿਚ ਆਪਣਾ ਸਮਾਂ ਬਰਬਾਦ ਕਰ ਰਿਹਾ ਸੀ। ਪਰੰਤੂ ਜਦ ਕਦੇ ਵੀ [illegible] ਜਾਵੇਗੀ, ਅਸੀਂ ਰਾਜਬੰਸ ਨੂੰ ਮਿਲ ਸਕਾਂਗੇ। ਪਰੰਤੂ ਦਿਨ ਦੇ ਅੰਤ ਉਤੇ, ਉਹਨੂੰ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਲੈ ਗਏ। ਇਸ ਕਾਰਨ ਵਿਦਿਆਰਥੀਆਂ ਦਾ ਇਕ ਰੋਹ-ਭਰਪੂਰ ਮੁਜ਼ਾਹਰਾ ਹੋਇਆ। ਅਦਾਲਤੀ ਅਹਾਤੇ ਵਿਚ ਮੌਜੂਦ ਕੁਝ ਵਕੀਲਾਂ ਦੀ ਮੌਜੂਦਗੀ ਕਾਰਨ ਲਾਠੀਚਾਰਜ ਟਲ ਗਿਆ। ਅਗਲੇ ਦਿਨ ਗਰੈਜੂਏਟ ਵਿਭਾਗ ਦੇ ਡੀਨ ਡਾ. ਰਾਜ ਵਿਲਸਨ ਨੇ ਉਹਨਾਂ ਵਿਦਿਆਰਥੀਆਂ ਨੂੰ ਬੁਲਾ ਲਿਆ ਜਿਹੜੇ ਜਮਾਤਾਂ ਵਿਚੋਂ ਖਿਸਕ ਗਏ ਸਨ ਅਤੇ ਵਿਅਕਤੀਗਤ ਸਪਸ਼ਟੀਕਰਨ ਦੇਣ ਲਈ ਕਿਹਾ। ਜਦੋਂ ਉਹਨੂੰ ਪੁੱਛਿਆ ਗਿਆ ਕਿ ਕਲ੍ਹ ਉਹ ਲੈਕਚਰ ਸਮੇਂ ਹਾਜ਼ਰ ਕਿਉਂ ਨਹੀਂ ਸੀ, ਉਹਨੇ ਸਪਸ਼ਟ ਕਹਿ ਦਿਤਾ, "ਸ੍ਰੀਮਾਨ ਜੀ, ਮੈਂ ਹੜਤਾਲ ਉਤੇ ਸਾਂ।" "ਸ੍ਰੀ ਬਕਾਇਆ, ਤੂੰ ਹੜਤਾਲ ਉਤੇ ਕਿਉਂ ਸੀ?" ਹੈਰਾਨ ਹੋਏ ਡੀਨ ਨੇ ਪੁਛਿਆ। ਸ਼ਸ਼ੀ ਦਾ ਉਤਰ ਸੀ, "ਸਾਡੇ ਕਾਲਜ ਦੇ ਇਕ ਵਿਦਿਆਰਥੀ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਡੱਕ ਦਿਤਾ ਗਿਆ ਅਤੇ ਕਾਲਜ ਅਧਿਕਾਰੀਆਂ ਨੇ ਉਹਨੂੰ ਰਿਹਾਅ ਕਰਵਾਉਣ ਜਾਂ ਉਸ ਉਤੇ ਮੁਕੱਦਮਾ ਚਲਵਾਉਣ ਲਈ ਕੁਝ ਨਹੀਂ ਕੀਤਾ। ਇਸ ਲਈ ਜਦੋਂ ਸਾਨੂੰ ਪਤਾ ਲਗਾ ਕਿ ਉਹਨੂੰ ਜ਼ਿਲਾ ਕਚਹਿਰੀ ਵਿਚ ਲਿਆਂਦਾ ਜਾ ਰਿਹਾ ਹੈ, ਸਾਡੇ ਵਿਚੋਂ ਕੁਝ ਉਹਦੇ ਨਾਲ ਯੱਕਜਹਿਤੀ ਪ੍ਰਗਟ ਕਰਨ ਲਈ ਉਥੇ ਚਲੇ ਗਏ।" ਡੀਨ ਕੁਝ ਹੈਰਾਨ ਜਿਹਾ ਹੋ ਗਿਆ। ਕਿਉਂਕਿ ਸ਼ਸ਼ੀ ਬਾਰੇ ਪਤਾ ਸੀ ਕਿ ਉਹਦੀ ਸਿਆਸਤ ਬਾਰੇ ਕੋਈ ਦਿਲਚਸਪੀ ਨਹੀਂ ਸੀ ਪ੍ਰੰਤੂ ਇਕ ਵਿਦਿਆਰਥੀ ਵਜੋਂ ਉਹ ਖਿਡਾਰੀ ਅਤੇ ਗੰਭੀਰਤਾ ਨਾਲ ਸਾਹਿਤ ਵਿਚ ਦਿਲਚਸਪੀ ਲੈਣ ਲਈ ਪ੍ਰਸਿੱਧ ਸੀ। ਡਾ. ਵਿਲਸਨ ਨੇ ਕਿਹਾ, "ਤੁਸੀਂ ਜਾ ਸਕਦੇ ਹੋ, ਸ੍ਰੀ ਬਕਾਇਆ।" ਜਦੋਂ ਦੂਜੇ ਵਿਦਿਆਰਥੀਆਂ ਨੂੰ ਪਤਾ ਲਗਾ ਕਿ ਸ਼ਸ਼ੀ ਨੇ ਡੀਨ ਨੂੰ ਕੀ ਕਿਹਾ ਸੀ, ਉਹਨਾਂ ਵੀ ਉਹੋ ਕਹਾਣੀ ਦੁਹਰਾ ਦਿਤੀ ਅਤੇ ਸੁਣਵਾਈ ਛੇਤੀ ਹੀ ਖਤਮ

ਕਰ ਦਿਤੀ ਗਈ।

ਬੀ.ਏ. ਕਰਨ ਤੋਂ ਬਾਅਦ ਸ਼ਸ਼ੀ ਸੁਹਾਸਿਨੀ ਦੀ ਸਲਾਹ ਉਤੇ ਬੰਬਈ ਚਲਾ ਗਿਆ ਅਤੇ ਐਲਫਿਨਸਟਨ ਕਾਲਜ ਵਿਚ ਦਾਖਲ ਹੋ ਗਿਆ ਅਤੇ ਐਮ.ਏ. ਅੰਗਰੇਜ਼ੀ (ਆਨਰਜ਼) ਲੈ ਲਈ। ਪਰੰਤੂ ਛੇਤੀ ਹੀ ਉਹਨੇ ਕੁਲਵਕਤੀ ਸਿਆਸੀ ਕਾਰਕੁਨ ਬਣਨ ਦਾ ਰਾਹ ਫੜ ਲਿਆ ਅਤੇ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ। ਸੁਹਾਸਿਨੀ ਨਾਲ, ਸ਼ਸ਼ੀ ਨੇ ਬੰਬਈ ਵਿਚ ਫਰੈਂਡਜ਼ ਆਫ ਸੋਵੀਅਤ ਯੂਨੀਅਨ ਸਥਾਪਤ ਕਰਨ ਵਿਚ ਸਰਗਰਮ ਹਿੱਸਾ ਪਾਇਆ ਅਤੇ ਬੰਬਈ ਐਫ.ਐਸ.ਯੂ. ਜਨਰਲ ਸੈਕਟਰੀ ਚੁਣਿਆ ਗਿਆ। 1945 ਵਿਚ ਹੋਈ ਉਸ ਦੀ ਪਹਿਲੀ ਕਾਨਫਰੰਸ ਵਿਚ ਹੀ ਉਹ ਸਰਗਰਮ ਕਾਰਕੁਨਾਂ ਅਤੇ ਐਫ.ਐਸ.ਯੂ. ਵਿਚ ਕੰਮ ਕਰਨ ਵਾਲੇ ਸੀਨੀਅਰ ਨੇਤਾਵਾਂ ਸੁਹਾਸਿਨੀ ਤੇ ਆਰ.ਐਮ. ਜੰਭੇਕਰ ਵਿਚ ਮੁੱਖ ਸੰਪਾਦਕ ਸੂਤਰ ਬਣ ਗਿਆ। ਸ਼ਸ਼ੀ ਨੇ ਐਫ.ਐਸ.ਯੂ. ਦੀ ਮਾਟੁੰਗਾ ਦੇ ਲੇਬਰ ਕੈਂਪ ਵਿਚ ਬਰਾਂਚ ਜਥੇਬੰਦ ਕਰਨ ਵਿਚ ਵੀ ਵਰਨਣਯੋਗ ਹਿੱਸਾ ਪਾਇਆ। ਮਾਟੁੰਗਾ ਉਸ ਵੇਲੇ ਏਸ਼ੀਆ ਵਿਚ ਸਭ ਤੋਂ ਵੱਡੀ ਗੰਦੀ ਬਸਤੀ ਸੀ ਜਿਸ ਵਿਚ 'ਅਛੂਤ' ਹਿੰਦੀ ਭਾਸ਼ੀ ਮਜ਼ਦੂਰ ਵੱਸਦੇ ਸਨ। ਏਥੋਂ ਦੇ ਮਜ਼ਦੂਰ ਸ਼ਸ਼ੀ ਦੇ ਲਿਖੇ ਹਿੰਦੀ ਗੀਤ ਗਾਉਣਾ ਸਿੱਖ ਗਏ। 1946 ਦੇ ਪਹਿਲੇ ਅਧ ਵਿਚ ਰਜਨੀ ਪਾਮ ਆਪਣੀ ਇਕੋ ਇਕ ਫੇਰੀ ਉਤੇ 'ਡੇਲੀ ਵਰਕਰ' ਦੇ ਵਿਸ਼ੇਸ਼ ਪੱਤਰ-ਪਰੇਰਕ ਵਜੋਂ ਭਾਰਤ ਆਇਆ ਅਤੇ ਇਕ ਮਹੀਨੇ ਲਈ ਬੰਬਈ ਵਿਚ ਰਿਹਾ। ਉਹ ਮਾਟੁੰਗਾ ਦੇ ਲੇਬਰ ਕੈਂਪ ਵਿਚ ਗਿਆ ਜਿਥੇ ਉਹ ਐਫ.ਐਸ.ਯੂ. ਦੀ ਬਰਾਂਚ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਉਹਨਾਂ ਦੇ ਕੰਮ ਦੀ ਪ੍ਰਸੰਸਾ ਕੀਤੀ।

ਸ਼ਸ਼ੀ ਦੀਆਂ ਅੰਗਰੇਜ਼ੀ ਕਵਿਤਾਵਾਂ ਉਹਦੇ ਹਿੰਦੀ ਗੀਤਾਂ ਨਾਲੋਂ ਘਟ ਪ੍ਰਸਿਧ ਸਨ ਕਿਉਂਕਿ ਅੰਗਰੇਜ਼ੀ ਕਵਿਤਾਵਾਂ ਉਹ ਅਜਿਹੇ ਸਰੋਤਿਆਂ ਸਾਹਮਣੇ ਹੀ ਪੜ੍ਹਦਾ ਸੀ ਜਿਹੜੇ ਗੰਭੀਰ ਅੰਗਰੇਜ਼ੀ ਕਵਿਤਾ ਨੂੰ ਸਮਝ ਸਕਦੇ ਸਨ। ਉਹਨੇ ਲਿਖਿਆ ਬਹੁਤ ਸੀ ਪਰੰਤੂ ਕਦੇ ਵੀ ਕੁਝ ਛਪਵਾਉਣ ਦਾ ਯਤਨ ਨਹੀਂ ਸੀ ਕੀਤਾ। ਇਹ 13 ਸਤੰਬਰ, 1946 ਵਾਲੇ ਦਿਨ ਹੋਈ ਉਸ ਦੀ ਅਚਾਨਕ ਮੌਤ ਹੀ ਸੀ ਕਿ ਅਲਫਰਡ ਹਿਮਾਈਲ ਸਵੀਟਨੇ ਇਕ ਅੰਗਰੇਜ਼ ਲੇਖਕ ਅਤੇ ਸੰਗੀਤਕਾਰ, ਜਿਹੜਾ ਬੰਬਈ ਵਿਚ ਕਈ ਸਾਲ ਰਿਹਾ ਸੀ, ਉਹਦੀਆਂ ਅੰਗਰੇਜ਼ੀ ਕਵਿਤਾ ਨੂੰ ਘੋਖਣਾ ਦਾ ਕਠਨ ਕੰਮ ਸ਼ੁਰੂ ਕੀਤਾ। ਉਹਨੇ ਇੰਜ ਲਿਖਿਆ ਹੈ—

"ਮੈਂ ਉਹ ਕਵਿਤਾਵਾਂ ਪੜ੍ਹਦਾ ਰਿਹਾ ਹਾਂ ਜਿਹੜੀਆਂ ਸ਼ਸ਼ੀ ਬਕਾਇਆ ਪਿਛੇ ਛੱਡ ਗਿਆ ਸੀ ਜਦੋਂ ਜ਼ਾਲਮ ਮੌਤ ਨੇ ਉਹਦਾ ਯੁਵਾ ਜੀਵਨ ਸਮਾਪਤ ਕਰ ਦਿਤਾ। ਆਪਣੇ ਆਕਾਰ ਵਿਚ ਇਹ ਕਵਿਤਾਵਾਂ ਓਨੀ ਥਾਂ ਹੀ ਭਰ ਦੇਣਗੀਆਂ ਜਿੰਨੀ ਕਿ ਕੀਟਸ ਦੀ ਕਾਵਿਕ ਕਿਰਤਾਂ ਨੇ ਭਰੀ ਸੀ। ਮੈਂ ਸ਼ਸ਼ੀ ਨੂੰ ਇੰਡੋ-ਸੋਵੀਅਤ ਲਹਿਰ ਵਿਚ ਕੰਮ ਕਰਨ ਵਾਲੇ ਇਕ ਅਣਥੱਕ ਅਤੇ ਮਿਸਾਲੀ ਨੇਤਾ ਵਜੋਂ ਜਾਣਦਾ ਸਾਂ। ਮੈਨੂੰ ਤਾਂ ਇਹ ਖਿਆਲ ਤੱਕ ਵੀ ਨਹੀਂ ਸੀ ਕਿ ਉਹ ਕਵਿਤਾ ਵਿਚ ਦਿਲਚਸਪੀ ਵੀ ਰੱਖਦਾ ਸੀ ਕਿ ਨਹੀਂ ਹਾਲਾਂਕਿ ਕੁਝ ਸਾਲਾਂ ਵਿਚ ਉਹਨੇ ਉਹ ਕਵਿਤਾ ਲਿਖੀ ਸੀ ਜਿਸ ਬਾਰੇ ਕੋਈ ਵੀ ਕਵੀ ਮਾਣ ਕਰ ਸਕਦਾ ਹੈ। ਬਹੁਤ ਹੀ ਉਚੀ ਗੁਣਤਾ, ਜਿਹੜੀ ਕਿ ਇਹਨਾਂ ਕਵਿਤਾਵਾਂ ਦੀ ਮਾਤਰਾ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਹੈ; ਹੈਰਾਨਕੁਨ ਹੈ ਜਦੋਂ ਕਿ ਇਹ ਯਾਦ ਕੀਤਾ ਜਾਂਦਾ ਹੈ ਕਿ ਇਹ ਸਾਰੀਆਂ ਕਵਿਤਾਵਾਂ 1939 ਤੋਂ 1946 ਤਕ ਦੇ ਸਮੇਂ ਦੌਰਾਨ ਮਹਿਜ਼ ਇਕ ਰੁਝੇਵਿਆਂ ਅਤੇ ਤਣਾਓ ਭਰਪੂਰ ਜੀਵਨ ਦਾ ਸਾਥ ਨਿਭਾਉਣ ਲਈ ਲਿਖੀਆਂ ਗਈਆਂ ਸਨ। ਇਹ ਹਕੀਕਤ ਕਿ ਸ਼ਸ਼ੀ ਦੀ ਇਕ ਵੀ ਕਵਿਤਾ ਅਜਿਹੀ ਨਹੀਂ ਹੈ ਜਿਹੜੀ ਹਕੀਕੀ ਕਾਵਿਕ ਉਤੇਜਨਾ ਦਾ ਸਿੱਟਾ ਨਾ ਹੋਵੇ, ਬਹੁਤ ਕੁਝ ਕਹਿ ਜਾਂਦੀ ਹੈ। ਉਸਦੀ ਕਲਾਤਮਕ ਚੇਤਨਾ ਬਾਰੇ ਜਿਹੜੀ ਪ੍ਰਗਤੀ ਪ੍ਰਤੀ ਉਸ ਦੀ ਦ੍ਰਿੜ੍ਹ ਵਚਨਬੱਧਤਾ ਦੇ ਬਰਾਬਰ ਹੈ ਜਿਸ ਨੇ ਜੀਵਨ ਵਿਚ ਉਹਨੂੰ ਵਿਲੱਖਣ ਬਣਾ ਦਿਤਾ ਸੀ।"

ਸ਼ਸ਼ੀ ਦੀ ਮੌਤ ਅਚਾਨਕ 25 ਸਾਲ ਦੀ ਉਮਰ ਵਿਚ 13 ਸਤੰਬਰ 1946 ਨੂੰ ਹੋ ਗਈ। ਮੁਸਲਿਮ ਲੀਗ ਵਲੋਂ 16 ਅਗਸਤ ਨੂੰ 'ਡਾਇਰੈਕਟ ਐਕਸ਼ਨ ਡੇ' ਘੋਸ਼ਿਤ ਕਰਨ ਤੋਂ ਕੋਈ ਇਕ ਮਹੀਨੇ ਤੋਂ ਵੀ ਘਟ ਸਮੇਂ ਤੋਂ ਬਾਅਦ ਜਿਸ ਕਾਰਨ ਸਾਰੇ ਭਾਰਤ ਵਿਚ ਜਨਤਕ ਫਿਰਕੂ ਫਸਾਦ ਭੜਕਾ ਦਿਤਾ। ਐਫ.ਐਸ.ਯੂ. ਦੇ ਸਾਡੇ ਵਿਚੋਂ ਬਹੁਤ ਸਾਰੇ ਕਾਰਕੁਨਾਂ ਵਾਂਗ, ਉਹਨੇ ਵੀ ਫਸਾਦਾਂ ਦੇ ਸ਼ਿਕਾਰਾਂ ਲਈ ਖੂਨਦਾਨ ਕੀਤਾ ਸੀ। ਉਹ ਛੇਤੀ ਹੀ ਬੀਮਾਰ ਪੈ ਗਿਆ ਅਤੇ ਫਿਰ ਕਦੇ ਵੀ ਤੰਦਰੁਸਤ ਨਾ ਹੋ ਸਕਿਆ। ਉਹਦੀ ਮੌਤ ਦਾ ਸ਼ੋਕ ਮਨਾਉਣ ਲਈ ਬੰਬਈ ਵਿਚ ਕਈ ਮੀਟਿੰਗਾਂ ਕੀਤੀਆਂ ਗਈਆਂ। ਸ਼ਹਿਰ ਵਿੱਚ ਕੀਤੀ ਜਾਣ ਵਾਲੀ ਮੁੱਖ ਮੀਟਿੰਗ ਵਿਚ ਬੋਲਣ ਵਾਲੇ ਬਹੁਤ ਸਿਰਕੱਢ ਬੁਲਾਰਿਆਂ ਵਿਚੋਂ ਸਤਿਆਪਾਲ ਇਕ ਸੀ।

ਸ਼ਸ਼ੀ ਨੇ ਹਰਿੰਦਰ ਨਾਥ ਚਟੋਪਾਧਿਆਏ ਵਲੋਂ ਲਿਖੀ ਅਤੇ ਨਿਰਦੇਸ਼ਤ ਕੀਤੀ ਗਈ ਫਿਲਮ 'ਆਜ਼ਾਦੀ' ਵਿਚ ਇਕ ਵਿਦਿਆਰਥੀ ਨੇਤਾ ਦੀ ਮੁੱਖ ਭੂਮਿਕਾ ਨਿਭਾਈ ਸੀ। ਉਹਨਾਂ ਦਿਨਾਂ ਵਿਚ ਇਕ ਹਰਮਨ-ਪਿਆਰੀ ਐਕਟਰੈਸ ਵਨਮਾਲਾ ਨੇ ਕਾਲ-ਪੀੜਤ ਲੜਕੀ ਦੀ ਉਸ ਦੇ ਮੁਕਾਬਲੇ ਦੀ ਭੂਮਿਕਾ ਨਿਭਾਈ ਸੀ। ਬਦਕਿਸਮਤੀ ਨਾਲ ਫਿਲਮ ਕਦੇ ਉਹ ਰੀਲੀਜ਼ ਨਾ ਕੀਤੀ ਗਈ। ਬਹੁਤ ਸਾਰੀਆਂ ਹੋਰ ਭਾਰਤੀ ਫਿਲਮਾਂ ਵਾਂਗ, ਕਿਉਂਕਿ ਇਸ ਨੂੰ ਕੋਈ ਡਿਸਟਰੀਬਿਊਟ ਹੀ ਨਹੀਂ ਸੀ ਮਿਲ ਸਕਿਆ। ਸ਼ਸ਼ੀ ਦੀ ਮੌਤ ਤੋਂ ਬਾਅਦ ਸਾਡੇ ਵਿਚੋਂ ਕੁਝ ਇਕ ਸਟੂਡੀਓ ਵਿਚ ਇਕ ਵਿਸ਼ੇਸ਼ ਸ਼ੋਅ ਵਿਚ ਇਹ ਫਿਲਮ ਵੇਖ ਸਕੇ। ਜੇ ਇਹ ਰੀਲੀਜ਼ ਹੋ ਗਈ ਹੁੰਦੀ ਤਾਂ ਇਹ ਪ੍ਰਗਤੀਸ਼ੀਲ ਨਵ-ਲਹਿਰ ਫਿਲਮਾਂ ਵਿਚੋਂ ਪਹਿਲੀ ਹੁੰਦੀ ਜਿਹੜੀਆਂ ਕਿ ਆਜ਼ਾਦੀ ਤੋਂ ਝੱਟ ਕੁ ਪਹਿਲਾਂ ਦੇ ਸਮੇਂ ਵਿਚ ਬਣੀਆਂ ਸਨ।

ਸ਼ਸ਼ੀ ਦੀ ਪੂਰੀ ਜੀਵਨ ਕਹਾਣੀ ਦੱਸਣ ਦੀ ਇਹ ਥਾਂ ਨਹੀਂ ਹੈ, ਜਿਸ ਬਾਰੇ, ਮੈਨੂੰ ਉਮੀਦ ਹੈ ਕਿ ਉਹਨਾਂ ਸਾਰਿਆਂ ਨੂੰ ਮੁਹੱਈਆ ਕਰ ਦਿਤੀ ਜਾਏਗੀ ਜਿਹੜੇ ਕਮਿਊਨਿਸਟ ਲਹਿਰ ਅਤੇ ਇਸ ਵਲੋਂ ਉਹਨਾਂ ਦਿਨਾਂ ਵਿਚ ਪੈਦਾ ਕੀਤੇ ਗਏ ਯੁਵਾ ਬੁਧੀਜੀਵੀਆਂ ਵਿਚ ਦਿਲਚਸਪੀ ਰੱਖਦੇ ਹਨ। ਸੁਹਾਸਿਨੀ (1901-1973) ਡਾ. ਅਘੋਰੇ ਨਾਥ ਚਟੋਪਾਧਿਆਏ ਦੇ ਅੱਠ ਬੱਚਿਆਂ ਵਿਚੋਂ ਸਭ ਨਾਲੋਂ ਛੋਟੀ ਸੀ। ਉਸਦੇ ਪਿਤਾ ਪ੍ਰਸਿੱਧ ਵਿਗਿਆਨੀ ਸਨ ਜਿਨ੍ਹਾਂ ਨੇ ਕਿ ਐਡਨਬਰਾ ਯੂਨੀਵਰਸਿਟੀ ਵਿਚੋਂ 1877 ਵਿਚ ਡੀ.ਐਸ.ਸੀ. ਦੀ ਡਿਗਰੀ ਪ੍ਰਾਪਤ ਕੀਤੀ ਸੀ ਅਤੇ ਉਹ ਅਜਿਹਾ ਕਰਨ ਵਾਲੇ ਪਹਿਲੇ ਭਾਰਤੀ ਸਨ। 1878 ਵਿਚ, ਉਹਨਾਂ ਨੂੰ ਹੈਦਰਾਬਾਦ ਦੇ ਨਿਜ਼ਾਮ ਨੇ ਸੱਦਾ ਭੇਜਿਆ ਜਿਥੇ ਉਹਨਾਂ ਨਿਜ਼ਾਮ ਕਾਲਜ ਦੀ ਨੀਂਹ ਰੱਖੀ (ਜੋ ਬਾਅਦ ਵਿਚ ਹੈਦਰਾਬਾਦ ਯੂਨੀਵਰਸਿਟੀ ਬਣ ਗਿਆ) ਅਘੋਰੇਨਾਥ ਦਾ ਸੰਬੰਧ ਬ੍ਰਹਮ ਸਮਾਜੀ ਪਰਿਵਾਰ ਨਾਲ ਸੀ ਅਤੇ ਉਹ ਇਕ ਬਹੁਤ ਵੱਡੇ ਵਿਦਵਾਨ ਸਨ ਅਤੇ ਬਹੁਤ ਸਾਰੀਆਂ ਭਾਸ਼ਾਵਾਂ ਜਾਣਦੇ ਸਨ। ਉਹਨਾਂ ਵਾਰਦਾ ਸੁੰਦਰੀ ਨਾਲ ਸ਼ਾਦੀ ਕਰ ਲਈ ਜਿਹੜੀ ਭਾਰਤ ਆਸ਼ਰਮ ਵਿਚੋਂ ਇਕ ਯੁਵਕ ਲੜਕੀ ਸੀ ਜਿਸ ਦੀ ਬੁਨਿਆਦ ਕੇਸ਼ਵ ਚੰਦਰ ਸੇਨ ਨੇ, ਜਿਹੜੇ ਕਿ ਇਕ ਮਹਾਨ ਸਮਾਜ-ਸੁਧਾਰਕ ਸਨ, ਰੱਖੀ ਸੀ।

ਦੋਨਾਂ ਹੀ ਮਾਪਿਆਂ ਨੇ ਆਪਣੇ ਅੱਠਾਂ ਬੱਚਿਆਂ ਦੇ ਪਾਲਣ-ਪੋਸਣ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਸਭ ਤੋਂ ਵੱਡੀ, ਸਰੋਜਨੀ ਨਾਇਡੂ (1879-1949) ਇਕ ਪ੍ਰਸਿਧ ਕਵਿੱਤਰੀ ਅਤੇ ਮਹਾਤਮਾ ਗਾਂਧੀ ਦੀ ਸਹਿਯੋਗੀ ਸੀ ਅਤੇ 1925 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਪ੍ਰਧਾਨ ਬਣਨ ਵਾਲੀ ਪਹਿਲੀ ਭਾਰਤੀ ਔਰਤ ਸੀ। ਸਭ ਨਾਲੋਂ ਵੱਡਾ ਬੇਟਾ, ਵਿਰੇਂਦਰ ਨਾਥ ਚਟੋਪਾਧਿਆਏ (1880-1941) ਇੰਗਲੈਂਡ ਵਿਚ ਆਈ.ਸੀ.ਐਸ. ਪਾਸ ਕਰਨ ਗਿਆ ਪਰ ਜਾ ਸ਼ਾਮਲ ਹੋਇਆ ਇਨਕਲਾਬੀ ਲਹਿਰ ਵਿਚ ਅਤੇ ਕਈ ਸਾਲ ਜਰਮਨੀ ਵਿਚ ਦੇਸ-ਬਦਰ ਰਿਹਾ। ਇਸ ਤੋਂ ਬਾਅਦ ਉਹ ਸੋਵੀਅਤ ਯੂਨੀਅਨ ਵਿਚ ਚਲਾ ਗਿਆ ਜਿਥੇ ਉਹ ਕਈ ਸਾਲ ਮਾਨਵਵੰਸ਼ ਵਿਗਿਆਨ ਦੀ ਸੰਸਥਾ ਦੇ ਭਾਰਤੀ ਵਿਭਾਗ ਦਾ ਮੁੱਖੀ ਰਿਹਾ। ਉਹਨਾਂ ਦਿਨਾਂ ਵਿਚ ਸੋਵੀਅਤ ਯੂਨੀਅਨ ਵਿਚ ਰਹਿ ਰਹੇ ਬਹੁਤ ਸਾਰੇ ਵਿਦੇਸ਼ੀ ਕਮਿਊਨਿਸਟਾਂ ਵਾਂਗ ਉਹ ਵੀ ਸਟਾਲਿਨ ਦੀਆਂ 'ਛਾਂਟੀਆਂ' ਦਾ ਸ਼ਿਕਾਰ ਹੋ ਕੇ ਇਕ ਦਰਦਨਾਕ ਮੌਤੇ ਮਰਿਆ। ਹਰੇਂਦਰ ਨਾਥ (1889-1990) ਜੋ ਕਿ ਇਕ ਬਹੁ-ਪਖੀ ਰਚਨਾਤਮਕ ਵਿਅਕਤੀਤਵ ਦਾ ਮਾਲਕ ਸੀ, ਇਕ ਕਵੀ, ਲੇਖਕ, ਗਾਇਕ, ਅਭਿਨੇਤਾ ਅਤੇ ਸੰਗੀਤਕਾਰ ਸੀ ਜਿਹੜਾ ਕਿ ਆਪਣੀ ਜਿਸਮਾਨੀ ਦ੍ਰਿਸ਼ਟੀ ਬਾਰੇ ਸਭ ਤੋਂ ਵਡੇ ਭਰਾ ਵਿਰੇਂਦਰ ਨਾਥ ਅਤੇ ਉਸਦੀ ਸਭ ਤੋਂ ਛੋਟੀ ਭੈਣ ਸੁਹਾਸਿਨੀ ਤੋਂ ਬਹੁਤ ਪ੍ਰਭਾਵਤ ਸੀ। 1952 ਵਿਚ ਉਹ ਭਾਰਤ ਦੀ ਪਹਿਲੀ ਪਾਰਲੀਮੈਂਟ ਲਈ ਇਕ ਆਜ਼ਾਦ ਉਮੀਦਵਾਰ ਵਜੋਂ, ਜਿਸ ਦੀ ਹਮਾਇਤ ਕਮਿਊਨਿਸਟ ਪਾਰਟੀ ਨੇ ਕੀਤੀ ਸੀ, ਹੈਦਰਾਬਾਦ ਤੋਂ ਚੁਣਿਆ ਗਿਆ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਚਟੋਪਾਧਿਆਏ ਪਰਿਵਾਰ ਮਦਰਾਸ (ਚੇਨਈ) ਚਲਾ ਗਿਆ ਜਿਥੇ ਉਹ ਕੁਝ ਦੇਰ ਡਾ. ਸਵਾਮੀਨਾਥਨ ਕੋਲ ਠਹਿਰੇ ਜਿਹੜੇ ਆਈ.ਐਨ.ਏ. ਪ੍ਰਸਿੱਧੀ ਪ੍ਰਾਪਤ ਕਰਨਲ ਲਕਸ਼ਮੀ ਅਤੇ ਮ੍ਰਿਨਾਲਿਨੀ ਦੇ ਪਿਤਾ ਸਨ, ਜਿਹਨੇ ਵਿਕਰਮ ਸਾਰਾਬਾਈ ਨਾਲ ਸ਼ਾਦੀ ਕਰ ਲਈ, ਜਿਹੜੇ ਭਾਰਤੀ ਪੁਲਾੜ ਖੋਜ ਪਰੋਗਰਾਮ ਦੇ ਪਿਤਾਮਾ ਸਨ। ਆਪਣੀ ਸਵੈ-ਜੀਵਨੀ ਵਿਚ ਕਰਨਲ ਲਕਸ਼ਮੀ ਦਾ ਆਪਣੇ ਜੀਵਨ ਉਪਰ ਸਭ ਤੋਂ ਵਧ ਪ੍ਰਭਾਵ ਪਾਉਣ ਵਾਲੀ ਵਜੋਂ ਕਰਦੀ ਹੈ ਜਿਹਨੇ ਉਹਨੂੰ ਉਤਸ਼ਾਹਤ ਕੀਤਾ ਇਕ ਦੇਸ਼ਭਗਤ ਅਤੇ ਇਨਕਲਾਬੀ ਬਣਨ ਲਈ।

ਸੁਹਾਸਿਨੀ ਨੇ ਏ.ਸੀ.ਐਨ. ਨਾਂਬਿਆਰ (1896-1986) ਨਾਲ ਸ਼ਾਦੀ ਕੀਤੀ ਜਦ ਕਿ ਉਹ ਅਜੇ ਕਾਫੀ ਛੋਟੀ ਹੀ ਸੀ। ਨਾਂਬਿਆਰ ਪਹਿਲੀ ਸੰਸਾਰ ਜੰਗ ਦੇ ਖਾਤਮੇ ਤੋਂ ਛੇਤੀ ਹੀ ਬਾਅਦ ਹਰਿੰਦਰ ਨਾਥ ਨਾਲ ਯੂਰਪ ਚਲਾ ਗਿਆ ਅਤੇ ਕੁਝ ਸਾਲ ਬਰਲਿਨ ਵੀ ਰਿਹਾ ਜਿਥੇ ਕਿ ਉਦੋਂ ਵਰਿੰਦਰ ਨਾਥ ਵੀ ਰਹਿੰਦਾ ਸੀ। ਜਵਾਹਰ ਲਾਲ ਨਹਿਰੂ ਦਹੀਆਂ ਬਹੁਤ ਸਾਰੀਆਂ ਲਿਖਤਾਂ ਵਿਚ ਉਸ ਦਾ ਜ਼ਿਕਰ ਇਕ ਪਰਿਵਾਰਕ ਮਿੱਤਰ ਵਜੋਂ ਮਿਲਦਾ ਹੈ ਜਿਸਨੇ ਜਵਾਹਰ ਲਾਲ ਨਹਿਰੂ, ਕਮਲਾ ਅਤੇ ਇੰਦਰਾ ਨਹਿਰੂ ਦੀ ਮਦਦ ਕੀਤੀ ਜਦ ਕਦੇ ਵੀ ਉਹ ਯੂਰਪ ਗਏ, ਨਾਂਬਿਆਰ ਇਕ ਪੱਤਰਕਾਰ ਵਜੋਂ ਯੂਰਪ ਵਿਚ ਰਿਹਾ। ਦੂਜੀ ਸੰਸਾਰ ਜੰਗ ਦੇ ਦੌਰਾਨ ਅਤੇ ਜਦੋਂ ਸੁਭਾਸ਼ ਬੋਸ ਨੇ ਭੇਦ ਭਰੇ ਢੰਗ ਨਾਲ ਜਾਪਾਨ ਜਾਣ ਲਈ ਜਰਮਨੀ ਛੱਡਿਆ ਤਾਂ ਉਹ ਇੰਡੀਅਨ ਇੰਡੀਪੈਂਡੈਂਸ ਲੀਗ ਨਾਂਬਿਆਰ ਦੇ ਹਵਾਲੇ ਕਰ ਆਇਆ। ਸੁਤੰਤਰ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਵਜੋਂ ਜਵਾਹਰ ਲਾਲ ਨਹਿਰੂ ਨੇ ਉਹਨੂੰ ਪੱਛਮੀ ਜਰਮਨੀ ਦਾ 1955 ਤੋਂ 58 ਤਕ ਰਾਜਦੂਤ ਨਿਯੁਕਤ ਕੀਤਾ ਸੀ। ਪਿਛਲੀ ਸਦੀ ਦੇ 20ਵਿਆਂ ਦੇ ਅੱਧ ਵਿਚ, ਸੁਹਾਸਿਨੀ ਯੂਰਪ ਚਲੀ ਗਈ ਜਿਥੇ ਉਹ ਜਰਮਨ ਕਮਿਊਨਿਸਟ ਪਾਰਟੀ ਦੇ ਸੰਪਰਕ ਵਿਚ ਆ ਗਈ। ਉਥੋਂ ਉਹ ਸੋਵੀਅਤ ਯੂਨੀਅਨ ਪਹੁੰਚੀ ਜਿਥੇ ਉਹ ਪੂਰਬ ਦੇ ਮਿਹਨਤੀਆਂ ਦੀ ਯੂਨੀਵਰਸਿਟੀ (ਯੂਨੀਵਰਸਿਟੀ ਆਫ ਦੀ ਟਾਇਲਰਜ਼ ਆਫ ਦੀ ਈਸਟ) ਵਿਚ ਦਾਖਲ ਹੋ ਗਈ। ਜਦੋਂ ਜਵਾਹਰ ਲਾਲ ਨਹਿਰੂ ਨੇ ਆਪਣੇ ਪਿਤਾ ਮੋਤੀ ਲਾਲ ਨਹਿਰੂ ਅਤੇ ਭੈਣ ਕ੍ਰਿਸ਼ਨਾ ਨਾਲ ਸੋਵੀਅਤ ਯੂਨੀਅਨ ਦੀ ਯਾਤਰਾ ਕੀਤੀ ਬੋਲਸ਼ਿਵਕ ਇਨਕਲਾਬ ਦੀ ਦਸਵੀਂ ਵਰ੍ਹੇਗੰਢ ਦੇ ਮੌਕੇ ਤਾਂ ਵੀਰੇਂਦਰ ਨਾਥ, ਹਰਿੰਦਰ ਨਾਥ ਅਤੇ ਸੁਹਾਸਿਨੀ ਨੇ ਵੀ ਵਰ੍ਹੇਗੰਢ ਦੇ ਜਸ਼ਨਾਂ ਵਿਚ ਭਾਗ ਲਿਆ। ਹਰਿੰਦਰ ਨੇ ਇੰਟਰਨੈਸ਼ਨਲ ਦਾ, ਜੋ ਮਜ਼ਦੂਰ ਜਮਾਤ ਦਾ ਗੀਤ ਹੈ, ਹਿੰਦੀ ਵਿਚ ਅਨੁਵਾਦ ਕੀਤਾ। ਜਦ ਕਿ ਸੁਹਾਸਨੀ ਨੇ ਇਸ ਦਾ ਅੰਗਰੇਜ਼ੀ ਰੂਪ ਬਰਲਿਨ ਵਿਚ ਗਾਇਆ। ਐਨ ਮਾਸਕੋ ਲਈ ਤੁਰਨ ਤੋਂ ਪਹਿਲਾਂ। (ਉਠੋ ਜਾਗੋ ਭੂਕੇ ਬੰਦੀ, ਅਬ ਖੀਂਚੋ ਲਾਲ ਤਲਵਾਰ/ਕਬ ਤੱਕ ਸਹੋਗੇ ਭਾਈ, ਜ਼ਾਲਿਮ ਕਾ ਅਤਿਆਚਾਰ)।

ਸੁਹਾਸਿਨੀ 1928 ਵਿਚ ਭਾਰਤ ਪਰਤ ਆਈ ਅਤੇ ਮੇਰਠ ਸਾਜ਼ਿਸ਼ ਕੇਸ ਵਿਚ ਕਮਿਊਨਿਸਟ ਨੇਤਾਵਾਂ ਦੇ ਗ੍ਰਿਫਤਾਰ ਹੋ ਜਾਣ ਤੋਂ ਬਾਅਦ ਉਹਨੇ ਮਜ਼ਦੂਰਾਂ ਦੀ ਲਹਿਰ ਵਿਚ ਸਰਗਰਮ ਹਿੱਸਾ ਲਿਆ। ਭਾਰਤੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਣ ਵਾਲੀ ਉਹ ਪਹਿਲੀ ਭਾਰਤੀ ਇਸਤਰੀ ਸੀ। ਗੈਰ-ਕਾਨੂੰਨੀ ਕਮਿਊਨਿਸਟ ਪਾਰਟੀ ਦੀ ਇਕ ਸਰਗਰਮ ਮੈਂਬਰ ਵਜੋਂ, ਉਹਨੇ ਇਕ ਜਥੇਬੰਦਕ ਵਜੋਂ ਆਸਾਧਾਰਨ ਬੁੱਧੀਮਤਾ ਵਿਖਾਈ। ਹਿਟਲਰ ਦੇ ਸੋਵੀਅਤ ਯੂਨੀਅਨ ਉਪਰ ਹਮਲੇ ਤੋਂ ਬਾਅਦ, ਬੰਬਈ ਵਿਚ ਉਹਨੂੰ ਪਾਰਟੀ ਨੇ ਫਰੈਂਡਜ਼ ਆਫ ਦੀ ਸੋਵੀਅਤ ਯੂਨੀਅਨ ਜਥੇਬੰਦ ਕਰਨ ਲਈ ਕਿਹਾ। ਉਹਨੇ ਵੱਡੀ ਗਿਣਤੀ ਵਿਚ ਨੌਜਵਾਨ ਇਕੱਠੇ ਕੀਤੇ ਜਿਸ ਵਿਚ ਸ਼ਸ਼ੀ ਅਤੇ ਜੰਭੇਕਰ ਨੇ ਉਸਦੀ ਸਹਾਇਤਾ ਕੀਤੀ। ਜਿਹਨੂੰ ਕਿ ਡੀ.ਆਈ.ਆਰ. ਅਧੀਨ ਕਈ ਸਾਲਾਂ ਦੀ ਨਜ਼ਰਬੰਦੀ ਤੋਂ ਬਾਅਦ ਜੇਲ੍ਹ ਵਿਚੋਂ ਰਿਹਾਅ ਕੀਤਾ ਗਿਆ ਸੀ, 1942 ਦੇ ਅਖੀਰ ਵਿਚ ਜਦੋਂ ਕਿ ਸੀ.ਪੀ.ਆਈ. ਕਾਨੂੰਨੀ ਹੋ ਗਈ ਸੀ। 1943 ਦੇ ਸ਼ੁਰੂ ਵਿਚ ਪੀ.ਸੀ. ਜੋਸ਼ੀ, ਜਿਹੜੇ ਕਿ ਸੀ.ਪੀ.ਆਈ. ਦੇ ਜਨਰਲ ਸਕੱਤਰ ਸਨ, ਨੇ ਜੰਭੇਕਰ ਨੂੰ ਐਫ.ਐਸ.ਯੂ. ਵਿਚ ਕੰਮ ਕਰਨ ਲਈ ਕਿਹਾ। ਸ਼ਸ਼ੀ ਪਹਿਲਾਂ ਹੀ ਸੁਹਾਸਿਨੀ ਨਾਲ ਸੀ ਅਤੇ ਐਫ.ਐਸ.ਯੂ. ਦੇ ਕੰਮ ਵਿਚ ਸਹਾਇਤਾ ਕਰ ਰਿਹਾ ਸੀ। ਜੰਭੇਕਰ ਦੇ ਆਖਰੀ ਕੈਦ ਦੇ ਸਮੇਂ, ਸੁਹਾਸਿਨੀ ਅਤੇ ਜੰਭੇਕਰ ਨੇ ਸ਼ਾਦੀ ਕਰ ਲਈ।

ਸਾਡੇ ਸਾਰਿਆਂ ਵਾਂਗ ਵਿਮਲਾ ਵੀ ਸੁਹਾਸਿਨੀ ਦੇ ਸੰਪਰਕ ਵਿਚ ਤੀਹਵਿਆਂ ਦੇ ਅੰਤ ਅਤੇ ਚਾਲੀਵਿਆਂ ਦੇ ਸ਼ੁਰੂ ਵਿਚ ਹੀ ਆਈ ਅਤੇ ਉਹ ਆਪਣੀ ਕਹਾਣੀ ਵਿਚ ਇਸੇ ਦੌਰ ਦਾ ਬਹੁਤ ਵਧੀਆ ਵਰਨਣ ਕਰਦੀ ਹੈ। ਪਰੰਤੂ ਵਿਮਲਾ ਦਾ ਮੁੱਖ ਕਾਰਜ-ਖੇਤਰ ਕਾਲਜ ਵਿਚ ਦਾਖਲ ਹੋਣ ਤੋਂ ਬਾਅਦ ਲਾਹੌਰ ਸਟੂਡੈਂਟਸ ਯੂਨੀਅਨ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਬਣ ਗਿਆ। ਉਹਨਾਂ ਸਾਲਾਂ ਦੌਰਾਨ ਜਦ ਕਦੇ ਵੀ ਸੁਹਾਸਿਨੀ ਲਾਹੌਰ ਆਉਂਦੀ, ਉਹ ਸਾਡੇ ਸਾਰਿਆਂ ਨਾਲ ਵਿਅਕਤੀਗਤ ਤੌਰ ਉਤੇ ਗੱਲਾਂ ਕਰਨ ਵਿਚ ਕਾਫੀ ਸਮਾਂ ਬਤੀਤ ਕਰਦੀ ਅਤੇ ਇਹ ਉਹਦਾ ਆਮ ਹੀ ਵਿਹਾਰ ਸੀ। ਰਾਤ ਵੇਲੇ ਦੇ ਇਕੱਠਾਂ ਵਿਚ ਜਿਹੜੇ ਕਿ ਆਮ ਕਰਕੇ ਉਹਦੀ ਭੈਣ ਮ੍ਰਿਨਾਲਿਨੀ ਚਟੋਪਾਧਿਆਏ ਦੇ ਗੰਗਾ ਰਾਮ ਸਕੂਲ ਦੇ ਵਿਹੜੇ ਵਿਚ ਸਥਿਤ ਘਰ ਵਿਚ ਹੀ ਹੁੰਦੇ, ਉਹਨਾਂ ਵਿਚ ਸਿਆਸਤ ਤੋਂ ਛੁੱਟ ਕਲਾ ਅਤੇ ਸਾਹਿਤ ਉਪਰ ਲੰਮੀਆਂ ਬਹਿਸਾਂ ਹੁੰਦੀਆਂ। ਉਥੇ ਆਮ ਕਰਕੇ ਗਾਣੇ ਗਾਏ ਜਾਂਦੇ ਅਤੇ ਕਈ ਵਾਰੀ ਕਵਿਤਾ ਪਾਠ ਵੀ ਹੁੰਦਾ।

ਇਥੇ ਕੁਝ ਸ਼ਬਦ ਆਰ.ਐਮ. ਜੰਭੇਕਰ ਬਾਰੇ ਵੀ ਕੁਥਾਂ ਨਹੀਂ ਹੋਣਗੇ ਜਿਹਨੂੰ ਅਸੀਂ ਪਹਿਲੀ ਵਾਰ ਉਦੋਂ ਮਿਲੇ ਜਦੋਂ ਅਸੀਂ 1944 ਵਿਚ ਬੰਬਈ ਆਏ। 29 ਨਵੰਬਰ, 1907 ਨੂੰ ਇੰਜਨੀਅਰਾਂ ਅਤੇ ਸਨਅਤਕਾਰਾਂ ਦੇ ਇਕ ਉਘੇ ਮਹਾਰਾਸ਼ਟਰੀ ਪਰਿਵਾਰ ਵਿਚ ਜਨਮੇ ਰਾਮਾਕ੍ਰਿਸ਼ਨਾ ਮਾਧਵ ਜੰਭੇਕਰ ਇਕ ਆਜ਼ਾਦੀ ਘੁਲਾਟੀਏ ਵਜੋਂ ਪਹਿਲਾਂ ਅੱਠ ਸਾਲ ਜੇਲ੍ਹ ਕੱਟ ਚੁਕੇ ਸਨ ਜਦੋਂ ਨਾਸਿਕ ਸੈਂਟਰਲ ਜੇਲ੍ਹ ਤੋਂ ਆਪਣੀ ਰਿਹਾਈ ਤੋਂ ਬਾਅਦ 1942 ਦੇ ਅੰਤ ਵਿਚ ਉਹ ਸੁਹਾਸਿਨੀ ਅਤੇ ਸ਼ਸ਼ੀ ਨੂੰ ਆ ਮਿਲੇ ਜਿਹੜੇ ਉਸ ਨਾਲ ਸਾਲ ਦੇ ਫਰਵਰੀ ਮਹੀਨੇ ਤੋਂ ਬੰਬਈ ਵਿਚ ਐਫ.ਐਸ.ਯੂ. ਦੀ ਲਹਿਰ ਜਥੇਬੰਦ ਕਰਦੇ ਆ ਰਹੇ ਸਨ। ਇਕ ਨੌਜਵਾਨ ਵਜੋਂ ਆਰ.ਐਮ. ਜੇ . ਪੂਨੇ ਦੇ ਬਵਾਕਾਰ ਫਰਗੂਸਨ ਕਾਲਜ ਨੂੰ ਗਾਂਧੀ ਜੀ ਦੇ ਸੱਦੇ ਉਤੇ ਪਹਿਲਾਂ ਹੀ ਛੱਡ ਚੁੱਕੇ ਸਨ। ਉਹਨਾਂ ਦੇ ਸਾਬਰਮਤੀ ਆਸ਼ਰਮ ਵਿਚ ਈ ਮਹੀਨਿਆਂ ਤਕ ਰਹੇ ਅਤੇ ਫਿਰ ਚਲੇ ਗਏ ਅਲਾਹਾਬਾਦ। ਉਹਨਾਂ ਦੇ ਜੀਵਨ ਭਰ ਦੇ ਦੋਸਤ ਅਤੇ ਨੇੜੇ ਦੇ ਰਿਸ਼ਤੇਦਾਰ ਐਸ.ਜੀ. ਸਾਰਾਡਿਸਾਈ ਸਰ ਤੇਜ ਬਹਾਦਰ ਸਪਰੂ ਦੇ ਸਕੱਤਰ ਵਜੋਂ ਕੰਮ ਕਰ ਰਹੇ ਸਨ। ਨੌਜਵਾਨ ਜਵਾਹਰ ਲਾਲ ਲਹਿਰੂ ਤੋਂ ਪ੍ਰਭਾਵਿਤ ਹੋ ਕੇ, ਜਿਹੜੇ ਕਿ 1927 ਵਿਚ ਸੋਵੀਅਤ ਯੂਨੀਅਨ ਦੀ ਯਾਤਰਾ ਤੋਂ ਵਾਪਸ ਆਏ ਸਨ, ਸਾਰਾਡਿਸਾਈ ਅਤੇ ਜੰਭੇਕਰ ਮਾਰਕਸਵਾਦੀ ਵਿਚਾਰਾਂ ਵੱਲ ਖਿੱਚੇ ਗਏ ਅਤੇ 1929 ਵਿਚ ਗੈਰ-ਕਾਨੂੰਨੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ। ਸੀ.ਪੀ.ਆਈ. ਦੇ ਸੀਨੀਅਰ ਨੇਤਾ ਉਸ ਵੇਲੇ ਮੇਰਠ ਸਾਜ਼ਿਸ਼ ਕੇਸ ਵਿਚ ਜੇਲ੍ਹ ਅੰਦਰ ਸਨ। ਆਰ.ਐਮ.ਜੇ. ਨੇ ਮਹਾਰਾਸ਼ਟਰ ਵਿਚ ਇਕ ਪੂਰਾ ਦਹਾਕਾ ਟਰੇਡ ਯੂਨੀਅਨ ਲਹਿਰ ਵਿਚ ਗੁਜ਼ਾਰਿਆ। ਉਹ ਇਕ ਬੁੱਧੀਵਾਨ ਲੇਖਕ, ਕਲਾਕਾਰ ਅਤੇ ਕਾਰਟੂਨਿਸਟ ਵੀ ਸਨ ਅਤੇ ਇਕ ਵਧੀਆ ਭਾਸ਼ਨਕਾਰ, ਗਾਇਕ ਅਤੇ ਜਥੇਬੰਦਕ ਵੀ। ਉਹ ਉਦੋਂ ਮਸਾਂ 36 ਸਾਲਾਂ ਦੇ ਸਨ ਉਹ ਸੁਹਾਸਿਨੀ ਨਾਲ ਮਿਲ ਕੇ ਬੰਬਈ ਐਫ.ਐਸ.ਯੂ. ਦੀ ਅਗਵਾਈ ਕਰਨ ਲੱਗ ਪਏ।

ਐਫ.ਐਸ.ਯੂ. ਦੀ ਪਹਿਲੀ ਆਲ ਇੰਡੀਆ ਕਾਂਗਰਸ ਜੂਨ, 1944 ਵਿਚ ਬੰਬਈ ਵਿਖੇ ਹੋਈ ਜਿਸ ਵਿਚ ਸਰੋਜਨੀ ਨਾਇਡੂ ਨੂੰ ਪ੍ਰਧਾਨ ਅਤੇ ਜੰਭੇਕਰ ਨੂੰ ਏ.ਆਈ.ਐਫ.ਐਸ.ਯੂ. ਦਾ ਜਨਰਲ ਸੈਕਟਰੀ ਚੁਣਿਆ ਗਿਆ। ਸ਼ਸ਼ੀ ਦੀ ਮੌਤ ਤੋਂ ਬਾਅਦ ਮੈਨੂੰ ਆਲ ਇੰਡੀਆ ਐਫ.ਐਸ.ਐਸ.ਯੂ. ਦੇ ਨਵੇਂ ਖੁਲ੍ਹੇ ਦਫਤਰ ਵਿਚ ਏ.ਆਈ.ਐਫ.ਐਸ.ਯੂ. ਨੂੰ ਚਲਾਉਣ ਲਈ ਜੰਭੇਕਰ ਦੀ ਸਹਾਇਤਾ ਕਰਨ ਅਤੇ ਇੰਡੋ-ਸੋਵੀਅਤ ਰਸਾਲੇ ਦੀ ਸੰਪਾਦਨਾ ਕਰਨ ਲਈ ਕਿਹਾ ਗਿਆ। ਮੈਂ ਪਹਿਲਾਂ ਜੂਨ, 1944 ਤੋਂ 1946 ਦੇ ਅੰਤ ਤਕ ਪੀਪਲਜ਼ ਪਬਲਿਸ਼ਿੰਗ ਹਾਊਸ ਵਿਚ ਸਬ-ਐਡੀਟਰ ਵਜੋਂ ਕੰਮ ਕਰ ਚੁੱਕਾ ਸਾਂ, ਆਰ.ਐਮ.ਜੇ. ਦੀ ਅਗਵਾਈ ਹੇਠਾਂ ਏ.ਆਈ.ਐਫ.ਐਸ.ਯੂ. ਦਾ ਦਫਤਰ ਅਤੇ ਆਈ.ਐਸ.ਜੇ. (ਇੰਡੋ-ਸੋਵੀਅਤ ਜਰਨਲ) ਛੇਤੀ ਹੀ ਜਥੇਬੰਦਕ ਸਰਗਰਮੀ ਦਾ ਕੇਂਦਰ ਬਣ ਗਏ ਅਤੇ ਐਫ.ਐਸ.ਯੂ. ਦੀਆਂ ਸਾਰੀਆਂ ਬਰਾਂਚਾਂ ਨੂੰ ਤੁਰੰਤ ਸਹਾਇਤਾ ਅਤੇ ਸਲਾਹ ਮਿਲਣ ਲੱਗੀ ਅਤੇ ਸੋਵੀਅਤ ਯੂਨੀਅਨ ਦੀ ਵਿਦੇਸ਼ਾਂ ਨਾਲ ਸਭਿਆਚਾਰਕ ਸੰਬੰਧਾਂ ਬਾਰੇ ਸੰਸਥਾ (ਵੋਕਸ) ਨਾਲ ਸੰਪਰਕ ਸਥਾਪਤ ਕੀਤਾ ਗਿਆ। ਮਾਰਚ, 1947 ਵਿਚ ਸੁਹਾਸਿਨੀ ਅਤੇ ਜੰਭੇਕਰ ਨੂੰ ਜਵਾਹਰ ਲਾਲ ਨਹਿਰੂ ਦੀ ਪਹਿਲਕਦਮੀ ਉਤੇ ਦਿੱਲੀ ਵਿਚ ਕੀਤੀ ਗਈ ਏਸ਼ੀਆਈ ਸੰਬੰਧਾਂ ਬਾਰੇ ਕਾਨਫਰੰਸ ਲਈ ਵੀ ਸੱਦਿਆ ਗਿਆ। ਸਰੋਜਨੀ ਨਾਇਡੂ ਨੇ ਪ੍ਰਧਾਨਗੀ ਕੀਤੀ ਅਤੇ ਗਾਂਧੀ ਜੀ ਨੇ ਕਾਨਫਰੰਸ ਵਿਚ ਭਾਸ਼ਣ ਦਿਤਾ। ਇਥੇ ਜੰਭੇਕਰ ਸੋਵੀਅਤ ਏਸ਼ੀਅਨ ਗਣਰਾਜਾਂ ਉਪਰ ਆਧਾਰਤ ਸੋਵੀਅਤ ਯੂਨੀਅਨ ਦੇ ਭਾਰਤ ਆਏ ਪਹਿਲੇ ਡੈਲੀਗੇਸ਼ਨ ਨੂੰ ਮਿਲੇ।

1947 ਦੇ ਅੰਤ ਵਿਚ ਜੰਭੇਕਰ ਵੋਕਸ ਅਤੇ ਯੂਰਪੀਨ ਦੇਸਾਂ ਵਿਚ ਸੋਵੀਅਤ ਯੂਨੀਅਨ ਨਾਲ ਦੋਸਤੀ ਦੀਆਂ ਸੰਸਥਾਵਾਂ ਦੇ ਨੇਤਾਵਾਂ ਨਾਲ ਵਿਅਕਤੀਗਤ ਸੰਪਰਕ ਕਰਨ ਲਈ ਸੋਵੀਅਤ ਯੂਨੀਅਨ ਦੇ ਦੌਰੇ ਉਤੇ ਗਏ। ਪਰੰਤੂ ਉਹ ਤਿੰਨ ਸਾਲਾਂ ਲਈ ਯੂਰਪ ਵਿਚ ਹੀ ਫਸੇ ਰਹੇ ਕਿਉਂਕਿ 1948 ਦੇ ਸ਼ੁਰੂ ਵਿਚ ਸੀ.ਪੀ.ਆਈ. ਦੀ ਦੂਜੀ ਕਾਂਗਰਸ ਨੇ ਕਲਕੱਤੇ ਵਿਚ ਬਹੁਤ ਹੀ ਕੁਰਾਹੀਆ ਲਾਈਨ ਇਖਤਿਆਰ ਕਰ ਲਈ ਅਤੇ ਉਹਨਾਂ ਨੂੰ ਹਦਾਇਤਾਂ ਭੇਜ ਦਿਤੀਆਂ ਗਈਆਂ ਕਿ ਉਹ ਓਨਾ ਚਿਰ ਘਰ ਵਾਪਸ ਨਾ ਆਉਣ ਜਿੰਨਾ ਚਿਰ ਉਹਨਾਂ ਨੂੰ ਵਾਪਸ ਬੁਲਾਇਆ ਨਹੀਂ ਜਾਂਦਾ। ਉਹਨਾਂ ਨੇ ਪ੍ਰਾਗ ਨੂੰ ਆਪਣਾ ਹੈਡਕੁਆਟਰ ਬਣਾ ਲਿਆ ਅਤੇ 1949 ਵਿਚ ਫਰਾਂਸ ਵਿਚ ਹੋਈ ਪਹਿਲੀ ਸੰਸਾਰ ਅਮਨ ਕਾਂਗਰਸ ਵਿਚ ਸ਼ਾਮਲ ਹੋਏ ਜਿਥੇ ਆਰ.ਐਮ.ਜੇ. ਭਾਰਤ ਵਜੋਂ ਬੋਲਿਆ ਅਤੇ ਉਹਨੂੰ ਸੰਸਾਰ ਅਮਨ ਕੌਂਸਲ ਦਾ ਮੈਂਬਰ ਚੁਣ ਲਿਆ ਗਿਆ। ਜੰਭੇਕਰ ਨੇ ਬਹੁਤ ਸਾਰੇ ਯੂਰਪੀਨ ਦੇਸਾਂ ਦਾ ਦੌਰਾ ਕੀਤਾ। ਉਹ ਪਤਾ ਇਹ ਵੀ ਕਰਨਾ ਚਾਹੁੰਦੇ ਸਨ ਕਿ ਸੁਹਾਸਿਨੀ ਦੇ ਵੱਡੇ ਭਰਾ ਵੀਰੇਂਦਰ ਨਾਥ ਅਤੇ ਉਹਦੇ ਪਹਿਲੇ ਪਤੀ ਏ.ਸੀ.ਐਨ. ਨੰਬਿਆਰ ਨਾਲ ਕੀ ਬੀਤੀ ਸੀ ਜਿਨ੍ਹਾਂ ਨਾਲ ਸੰਸਾਰ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਵੀ ਕੋਈ ਸੰਪਰਕ ਨਹੀਂ ਸੀ ਹੋ ਸਕਿਆ।

ਪ੍ਰਾਗ ਵਿਚ ਹੀ ਵਿਮਲਾ ਸੁਹਾਸਿਨੀ ਅਤੇ ਜੰਭੇਕਰ ਨੂੰ ਮੁੜ ਮਿਲੀ ਅਤੇ ਉਹਨਾਂ ਨਾਲ ਕੋਈ ਤਿੰਨ ਸਾਲ ਬੀਤਾਏ, ਭਾਵੇਂ ਕਿ ਰਹਿੰਦੀ ਉਹ ਅੰਤਰ-ਰਾਸ਼ਟਰੀ ਸਟੂਡੈਂਟਸ ਯੂਨੀਅਨ ਵਲੋਂ ਉਹਨੂੰ ਦਿਤੇ ਇਕ ਵਖਰੇ ਮਕਾਨ ਵਿਚ ਹੀ ਸੀ। ਜਿਵੇਂ ਕਿ ਉਹ ਆਪਣੀ ਲਿਖਤ ਵਿਚ ਜ਼ਿਕਰ ਕਰਦੀ ਹੈ, ਸਤਿਆਪਾਲ ਵੀ ਯੂਰਪ ਵਿਚ ਆਇਆ। (ਜੰਭੇਕਰ ਦੇ ਪ੍ਰਾਗ ਵਿਚ ਆਉਣ ਤੋਂ ਪਹਿਲਾਂ) ਅਤੇ ਉਹਨੇ ਕੁਝ ਸਮਾਂ ਵਿਮਲਾ ਨਾਲ ਗੁਜ਼ਾਰਿਆ।

ਪਿਛਲ ਝਾਤ ਵਜੋਂ, ਸੁਹਾਸਿਨੀ ਦੇ ਸੰਗਠਤ ਢੰਗਾਂ ਨਾਲ ਉਹਦੀ ਲੀਡਰਸ਼ਿਪ ਬਾਰੇ ਕੀ ਕਿਹਾ ਜਾ ਸਕਦਾ ਹੈ? ਉਹ ਐਫ.ਐਸ.ਯੂ. ਦੇ ਯੁਵਾ ਕਾਰਜਕਰਤਾਵਾਂ ਨਾਲ ਵਿਅਕਤੀਗਤ ਤੌਰ ਉਤੇ ਗੱਲਬਾਤ ਕਰਦਿਆਂ ਢੇਰ ਸਮਾਂ ਗੁਜ਼ਾਰਦੀ ਸੀ ਅਤੇ ਇਸ ਲਈ ਹਰ ਨੌਜਵਾਨ ਕਾਰਜਕਰਤਾ ਉਹਦੀ ਨੀਯਤ ਅਤੇ ਉਤਸ਼ਾਹ ਤੋਂ ਉਤਸ਼ਾਹਤ ਮਹਿਸੂਸ ਕਰਦਾ ਸੀ। ਉਹ ਐਫ.ਐਸ.ਯੂ. ਵੱਲ ਅਜਿਹੇ ਲੋਕਾਂ ਨੂੰ ਵੀ ਆਕਰਸ਼ਿਤ ਕਰ ਸਕਦੀ ਸੀ ਜਿਹੜੇ ਨਾ ਕੇਵਲ ਸਿਆਸਤ ਵਿਚ ਹੀ, ਸਗੋਂ ਕਲਾ, ਸਾਹਿਤ, ਸੰਗੀਤ, ਡਰਾਮਾ ਅਤੇ ਨ੍ਰਿਤ ਵਿਚ ਵੀ ਦਿਲਚਸਪੀ ਰੱਖਦੇ ਸਨ। ਬੰਬਈ ਐਫ.ਐਸ.ਯੂ. ਨੇ ਉਹਨਾਂ ਦਿਨਾਂ ਵਿਚ ਵੱਡੀ ਗਿਣਤੀ ਵਿਚ ਨੁਮਾਇਸ਼ਾਂ ਆਯੋਜਿਤ ਕੀਤੀਆਂ ਜਿਨ੍ਹਾਂ ਵਿਚ ਲਿਖਣ ਅਤੇ ਤਸਵੀਰਾਂ ਬਣਾਉਣ ਦਾ ਕੰਮ ਐਫ.ਐਸ.ਯੂ. ਦੇ ਕਾਰਜਕਰਤਾਵਾਂ ਵਲੋਂ ਉਹਦੀ ਅਤੇ ਜੰਭੇਕਰ ਦੀ ਅਗਵਾਈ ਵਿਚ ਹੀ ਕੀਤਾ ਜਾਂਦਾ ਸੀ ਜਿਹੜਾ ਕਿ ਖੁਦ ਇਕ ਬਹੁਤ ਹੀ ਬੁਧੀਮਾਨ ਚਿਤਰਕਾਰ ਸੀ। ਐਫ.ਐਸ.ਯੂ. ਨੇ ਸੁਹਾਸਿਨੀ ਦੀ ਅਗਵਾਈ ਵਿਚ ਪ੍ਰੋਗ੍ਰੈਸਿਵ ਆਰਟ ਗਰੁੱਪ ਦੀ ਪਹਿਲੀ ਪ੍ਰਦਰਸ਼ਨੀ ਆਯੋਜਿਤ ਕਰਨ ਵਿਚ ਸਹਾਇਤਾ ਕੀਤੀ ਜਿਸ ਦੇ ਮੈਂਬਰਾਂ ਵਿਚੋਂ ਬਹੁਤ ਸਾਰੇ ਆਰਾ, ਰਜ਼ਾ, ਐਫ.ਐਨ. ਸੂਜਾ ਅਤੇ ਦੂਜੇ ਬਾਅਦ ਦੇ ਸਾਲਾਂ ਵਿਚ ਸੰਸਾਰ ਪ੍ਰਸਿਧ ਬਣ ਗਏ।

ਪਾਰਟੀ ਦੀ ਅਗਵਾਈ ਵਾਲੀਆਂ ਦੂਜੀਆਂ ਜਥੇਬੰਦੀਆਂ ਤੋਂ ਉਲਟ, ਸੁਹਾਸਿਨੀ, ਜੰਭੇਕਰ ਅਤੇ ਸ਼ਸ਼ੀ ਦੀ ਅਗਵਾਈ ਵਿਚ ਬੰਬਈ ਐਫ.ਐਸ.ਯੂ. ਆਪਣਾ ਕੰਮ ਮੁਖ ਤੌਰ ਉਤੇ ਸਭਿਆਚਾਰਕ ਪਰੋਗਰਾਮਾਂ

ਰਾਹੀਂ ਹੀ ਕਰਦੀ ਸੀ ਅਤੇ ਇਸ ਲਈ ਇਹਨੇ ਜਨਤਾ ਦੇ ਵਿਸ਼ਾਲ ਹਿੱਸਿਆਂ ਨੂੰ ਆਕਰਸ਼ਤ ਕੀਤਾ। ਐਫ.ਐਸ.ਯੂ. ਅੰਦੋਲਨਕਾਰੀ ਢੰਗ ਨਹੀਂ ਸੀ ਵਰਤਦੀ। ਪਾਰਟੀ ਸਾਹਿਤ ਅਤੇ ਪਾਰਟੀ ਦਾ ਹਫਤਾਵਾਰ ਐਫ.ਐਸ.ਯੂ. ਦੇ ਦਫਤਰਾਂ ਵਿਚ ਨਹੀਂ ਸੀ ਵੰਡਿਆ ਜਾਂਦਾ। ਇਹ ਠੀਕ ਹੈ ਕਿ ਬਹੁਤ ਸਾਰੇ ਨੌਜਵਾਨ ਲੋਕ ਪਾਰਟੀ ਵਿਚ ਐਫ.ਐਸ.ਯੂ. ਵਿਚ ਆਪਣੇ ਕੰਮ ਰਾਹੀਂ ਆਏ, ਪਰੰਤੂ ਇਸ ਦਾ ਕਾਰਨ ਉਤਸ਼ਾਹ ਸੀ ਜਿਹੜਾ ਉਹਨਾਂ ਨੂੰ ਜੰਗ ਦੌਰਾਨ ਸੋਵੀਅਤ ਲੋਕਾਂ ਵਲੋਂ ਕੀਤੇ ਗਏ ਬਹਾਦਰਾਨਾ ਕੰਮ ਅਤੇ ਸੁਹਾਸਿਨੀ, ਜੰਭੇਕਰ ਅਤੇ ਸ਼ਸ਼ੀ ਦੀ ਵਿਅਕਤੀਗਤ ਮਿਸਾਲ ਤੋਂ ਮਿਲਿਆ।

ਹੁਣ ਉਹਨਾਂ ਗੱਲਾਂ ਵੱਲ ਵੇਖਦਿਆਂ, ਸੁਹਾਸਿਨੀ ਦੇ ਕੰਮ-ਢੰਗ ਬਾਰੇ ਜੋ ਕਿਹਾ ਜਾ ਸਕਦਾ ਹੈ ਉਹ ਇਹ ਕਿ ਅਜਿਹੇ ਢੰਗ ਬਹੁਤ ਹੀ ਕਾਮਯਾਬ ਹੋ ਸਕਦੇ ਸਨ ਅਤੇ ਹੈ ਵੀ ਸਨ ਬਹੁਤ ਹੀ ਕਾਮਯਾਬ ਅਤੇ ਉਹ ਵੀ ਕੇਵਲ ਸਿਧੇ ਵਿਅਕਤੀਗਤ ਸੰਪਰਕ ਰਾਹੀਂ ਹੀ। ਐਫ.ਐਸ.ਯੂ. ਦੀਆਂ ਦੇਸ ਦੇ ਦੂਜੇ ਹਿਸਿਆਂ ਵਿਚ ਸ਼ਾਖਾਵਾਂ ਆਮ ਕਰਕੇ ਸਿੱਧੀਆਂ ਸਥਾਨਕ ਪਾਰਟੀ ਲੀਡਰਸ਼ਿਪ ਦੇ ਅਧੀਨ ਹੀ ਕੰਮ ਕਰਦੀਆਂ ਸਨ ਅਤੇ ਇਹਨਾਂ ਬਹੁਤੀਆਂ ਵਿਚ ਐਫ.ਐਸ.ਯੂ. ਦਾ ਕੰਮ ਦੂਜੀਆਂ ਜਥੇਬੰਦੀਆਂ ਦੇ ਕੰਮ ਵਿਚ ਖਲਤ-ਮਲਤ ਹੋ ਜਾਂਦਾ ਸੀ। ਜਿਹੜੀਆਂ ਪਾਰਟੀ ਚਲਾਉਂਦੀ ਸੀ। ਇਸ ਲਈ ਕੰਮ ਦਾ ਜਥੇਬੰਦਕ ਢਾਂਚਾ ਜੋ ਕਿ ਐਫ.ਐਸ.ਯੂ. ਦੇ ਕਾਰਜਕਰਤਾਵਾਂ ਨਾਲ ਸਿਧੇ ਵਿਅਕਤੀਗਤ ਸੰਪਰਕ ਅਤੇ ਸਖਤ ਸੁਤੰਤਰਤਾ ਉਪਰ ਅਧਾਰਤ ਸੀ, (ਐਫ.ਐਸ.ਯੂ. ਬੰਬਈ ਵਿਚ ਆਪਣੇ ਸਰਗਰਮ ਕਾਰਜਕਰਤਾ ਅਤੇ ਆਪਣੇ ਦਫਤਰ ਦੂਜੀਆਂ ਜਥੇਬੰਦੀਆਂ ਨੂੰ ਵਰਤਣ ਨਹੀਂ ਸੀ ਦੇਂਦੀ) ਉਸ ਨੂੰ ਬੰਬਈ ਤੋਂ ਬਾਹਰਲੀਆਂ ਬਰਾਂਚਾਂ ਤਕ ਨਹੀਂ ਸੀ ਲਿਜਾਇਆ ਜਾ ਸਕਿਆ। ਪਰੰਤੂ ਇਹੋ ਹੀ ਉਹ ਵਿਸ਼ਾਲ ਪਹੁੰਚ ਸੀ, ਜਿਸ ਨੇ ਐਫ.ਐਸ.ਯੂ. ਦੇ ਕਾਰਜਕਰਤਾਵਾਂ ਦੀ ਦੂਜੀ ਪੀੜ੍ਹੀ ਨੂੰ ਡਾ. ਬਲਿੰਗਾ ਦੀ ਅਗਵਾਈ ਵਿਚ ਇੰਡੋ-ਸੋਵੀਅਤ ਕਚਲਰਲ ਸੋਸਾਇਟੀ ਦੇ ਪਹਿਲੇ 13 ਸਾਲਾਂ ਲਈ ਕਾਮਯਾਬੀ ਨਾਲ ਕੰਮ ਕਰਨ ਦੇ ਯੋਗ ਬਣਾਇਆ।

ਜਿਥੋਂ ਤਕ ਸਾਡੇ ਪਰਿਵਾਰ ਦਾ ਸੰਬੰਧ ਸੀ ਸਾਨੂੰ ਸਾਰਿਆਂ ਨੂੰ ਲਾਹੌਰ ਵਿਚ ਸੁਹਾਸਿਨੀ ਨੇ ਹੀ ਸਿਆਸੀ ਸਰਗਰਮੀ ਵਿਚ ਲਗਾਇਆ ਸੀ ਪਰੰਤੂ ਜਦੋਂ 1944 ਵਿਚ ਅਸੀਂ ਬੰਬਈ ਆ ਗਏ ਐਫ.ਐਸ.ਯੂ. ਵਿਚ ਕੰਮ ਕੇਵਲ ਮੈਂ ਹੀ ਕੀਤਾ। ਵਿਮਲਾ ਤਾਂ ਸਾਡੇ ਲਾਹੌਰ ਤੋਂ ਬੰਬਈ ਆਉਣ ਤੋਂ ਪਹਿਲਾਂ ਹੀ ਏ.ਆਈ.ਐਸ.ਐਫ. ਵਿਚ ਕੰਮ ਕਰ ਰਹੀ ਸੀ। ਸਰਲਾ ਨੇ ਨਰਸਿੰਗ ਦਾ ਪੇਸ਼ਾ ਅਖਤਿਆਰ ਕਰ ਲਿਆ ਸੀ, ਇਸ ਲਈ ਉਹ ਸਿਆਸੀ ਕੰਮ ਦੇ ਨਿਤਾਪ੍ਰਤੀ ਦੇ ਸੰਪਰਕ ਵਿਚ ਨਹੀਂ ਸੀ ਰਹਿ ਸਕਦੀ। ਰੱਤੀ ਅਜੇ ਛੋਟਾ ਹੀ ਸੀ ਅਤੇ ਉਹ ਰੁਝਿਆ ਹੋਇਆ ਸੀ ਕਿਸੇ ਪੇਸ਼ਾਵਰ ਕਾਲਜ ਵਿਚ ਦਾਖਲ ਹੋਣ ਲਈ। ਇਸ ਲਈ ਵਿਮਲਾ ਹੀ ਇਕੱਲੀ ਸੀ ਜਿਹੜੀ ਸਮੇਂ ਸਮੇਂ ਸੁਹਾਸਿਨੀ ਨੂੰ ਮਿਲਦੀ ਸੀ ਅਤੇ ਸਤਿਆਪਾਲ ਨਾਲ ਉਹਦੀ ਦੋਸਤੀ ਜਿਹਨੂੰ ਸੁਹਾਸਿਨੀ ਬਹੁਤਾ ਨਹੀਂ ਸੀ ਜਾਣਦੀ ਅਤੇ ਸ਼ਾਇਦ ਸਮਝਦੀ ਵੀ ਨਹੀਂ ਸੀ, ਇਸ ਲਈ ਕਈ ਵਾਰ ਸੁਹਾਸਿਨੀ ਦਾ ਏ.ਆਈ.ਐਸ.ਐਫ. ਅਤੇ ਉਸਦੇ ਨੇਤਾਵਾਂ ਬਾਰੇ ਆਲੋਚਨਾਤਮਕ ਵਤੀਰਾ ਵਿਮਲਾ ਨੂੰ ਦੁਬਿਧਾ, ਪ੍ਰੇਸ਼ਾਨੀ ਅਤੇ ਪੀੜਾ ਵਿਚ ਧਕੇਲ ਦੇਂਦਾ ਸੀ। ਬਹੁਤ ਛੋਟੀ ਹੋਣ ਕਾਰਨ, ਵਿਮਲਾ ਸੁਹਾਸਿਨੀ ਦੇ ਰੋਹਬ ਹੇਠਾਂ ਹੁੰਦੀ ਸੀ ਅਤੇ ਉਦੋਂ ਵੀ ਸੁਹਾਸਿਨੀ ਨਾਲ ਦਲੀਲਬਾਜ਼ੀ ਨਹੀਂ ਸੀ ਕਰ ਸਕਦੀ ਜਦੋਂ ਇਹ ਸਮਝਦੀ ਵੀ ਸੀ ਕਿ ਸੁਹਾਸਿਨੀ ਠੀਕ ਨਹੀਂ ਸੀ।

ਇਸ ਨਾਲ ਵਾਧਾ ਇਹ ਹੋਇਆ ਕਿ ਸੀ.ਪੀ.ਆਈ. ਨੇ 1948 ਦੇ ਸ਼ੁਰੂ ਵਿਚ ਆਪਣੀ ਦੂਜੀ ਕਾਂਗਰਸ ਵਿਚ ਇਕ ਤਿੱਖਾ ਮੋੜਾ ਕੱਟ ਲਿਆ ਸੀ ਜਦੋਂ ਵਿਮਲਾ ਅਤੇ ਜੰਭੇਕਰ ਇਕੱਠੇ ਇਕੋ ਸਮੇਂ ਹੀ ਦੇਸ ਤੋਂ ਬਾਹਰ ਪ੍ਰਾਗ ਵਿਚ ਸਨ। ਜਦੋਂ ਜੰਭੇਕਰ ਦੰਪਤੀ ਪ੍ਰਾਗ ਵਿਚ ਆਏ, ਜਿਥੇ ਵਿਮਲਾ ਆਈ.ਐਸ.ਯੂ. ਦੇ ਸਕਤਰੇਤ ਵਿਚ ਕੰਮ ਕਰਦੀ ਸੀ ਤਾਂ ਉਹਨਾਂ ਨੂੰ ਸਾਰੇ ਉਹਨਾਂ ਯੁਵਾ ਭਾਰਤੀਆਂ ਵਲੋਂ ਵਿਸ਼ੇਸ਼ਗ ਸਮਝਿਆ ਜਾਂਦਾ ਸੀ ਜਿਹੜੇ ਪੂਰਬੀ ਯੂਰਪ ਵਿਚ ਰਹਿੰਦੇ ਜਾਂ ਪੜ੍ਹਦੇ ਸਨ ਜਿਸ ਦਾ ਕਾਰਨ ਸੀ ਉਹਨਾਂ ਦਾ ਸੀਨੀਅਰ ਰੁਤਬਾ ਅਤੇ ਉਮਰ। ਪਰੰਤੂ ਛੇਤੀ ਹੀ 'ਪ੍ਰਾਗ ਗਰੁੱਪ' ਅਤੇ ਵੱਡੀ ਗਿਣਤੀ ਵਿਚ ਲੰਡਨ ਵਿਚ ਰਹਿ ਰਹੇ ਕਮਿਊਨਿਸਟਾਂ ਦਰਮਿਆਨ ਤਿਖੇ ਮਤਭੇਦ ਪੈਦਾ ਹੋ ਗਏ ਜਿਹੇ ਕਿ ਬਰਤਾਨਵੀ ਕਮਿਊਨਿਸਟ ਪਾਰਟੀ ਅਤੇ ਰਜਨੀ ਪਾਮ ਦੱਤ ਵਰਗੇ ਉਹਨਾਂ ਨੇਤਾਵਾਂ ਦੇ ਪ੍ਰਭਾਵ ਹੇਠ ਸਨ ਜਿਹੜੇ ਰਣਦੀਵੇ ਦੀ ਲੀਡਰਸ਼ਿਪ ਅਤੇ ਉਹਦੀਆਂ ਮਾਅਰਕਾਬਾਜ਼ ਨੀਤੀਆਂ ਦੀ ਸਿਆਣਪ ਬਾਰੇ ਸ਼ੱਕ ਕਰਨ ਲਗ ਪਏ ਸਨ। ਲੰਡਨ ਅਤੇ ਪ੍ਰਾਗ ਦਰਮਿਆਨ ਫਾਸਲੇ ਅਤੇ ਪੂਰਬੀ ਯੂਰਪ ਵਿਚ ਰਹਿ ਰਹੇ ਕਮਿਊਨਿਸਟਾਂ ਦੇ ਆਜ਼ਾਦਾਨਾ ਤੌਰ ਉਤੇ ਇੰਗਲੈਂਡ ਜਾਣ ਦੇ ਰਸਤੇ ਵਿਚ ਮੁਸ਼ਕਲਾਂ ਕਾਰਨ ਗਲਤ-ਫਹਿਮੀਆਂ ਹੋਰ ਵੀ ਵਧ ਗਈਆਂ। ਪੂਰਬੀ ਯੂਰਪ ਦੀਆਂ ਕਮਿਊਨਿਸਟ ਪਾਰਟੀਆਂ ਸਣੇ ਯੋਗਸਲਾਵੀ ਪਾਰਟੀ ਦੇ, ਵੀ ਛੇਤੀ ਹੀ ਆਪਣੀਆਂ ਅੰਦਰੂਨੀਆਂ ਸਮਸਿਆਵਾਂ ਵਿਚ ਘਿਰ ਗਈਆਂ ਜਿਸ ਦਾ ਕਾਰਨ ਸਨ ਸਟਾਲਿਨਵਾਦੀ ਹੁਕਮ ਅਤੇ ਉਹਨਾਂ ਵਿਚੋਂ ਬਹੁਤ ਸਾਰੇ ਸਿਰਕੱਢ ਨੇਤਾ ਨਾਂ ਕੇਵਲ ਆਪਣੀਆਂ ਪਦਵੀਆਂ ਹੀ ਗਵਾ ਬੈਠੇ ਅਤੇ ਉਹਨਾਂ ਵਿਚੋਂ ਕੁਝ ਤਾਂ 'ਗੱਦਾਰ ਅਤੇ ਜਸੂਸ' ਗਰਦਾਨੇ ਜਾਣ ਕਾਰਨ ਆਪਣੀਆਂ ਜਾਨਾਂ ਤੋਂ ਵੀ ਹੱਥ ਧੋ ਬੈਠੇ ਸਨ।

ਜਦੋਂ 1951ਦੇ ਸਿਆਲ ਵਿਚ ਕਿਸੇ ਵੇਲੇ ਜੰਭੇਕਰ ਦੰਪਤੀ ਭਾਰਤ ਪਰਤੇ, ਰਣਦੀਵੇ ਦੀ ਲੀਡਰਸ਼ਿਪ ਹਟਾਈ ਜਾ ਚੁੱਕੀ ਸੀ ਅਤੇ ਪਾਰਟੀ ਇਕ ਤਿਖੇ ਅੰਤਰ-ਪਾਰਟੀ ਘੋਲ ਵਿਚ ਦੀ ਲੰਘ ਰਹੀ ਸੀ। ਉਹ ਇਹ ਸਮਝਣ ਦਾ ਯਤਨ ਕਰ ਰਹੇ ਸਨ ਕਿ ਉਹਨਾਂ ਦੀ ਐਨੇ ਸਾਲਾਂ ਦੀ ਗੈਰ-ਹਾਜ਼ਰੀ ਵਿਚ ਕੀ ਹੋ ਗਿਆ ਸੀ ਅਤੇ ਇਹ ਗੱਲ ਉਹਨਾਂ ਦੇ ਹੱਕ ਵਿਚ ਕਹੀ ਜਾ ਸਕਦੀ ਹੈ ਕਿ ਜਦੋਂ ਉਹ ਐਫ.ਐਸ.ਯੂ. ਵਿਚ ਕੰਮ ਕਰਨ ਵਾਲੇ ਪਾਰਟੀ ਮੈਂਬਰਾਂ ਦੀਆਂ ਫਰੈਕਸ਼ਨ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਸਨ, ਤਾਂ ਉਹ ਉਹਨਾਂ ਨਿਰਣਿਆਂ ਨਾਲ ਸਹਿਮਤ ਹੋ ਜਾਂਦੇ ਸਨ ਜਿਹੜੇ ਉਹਨਾਂ ਦੇ ਨੌਜਵਾਨ ਸਾਥੀਆਂ ਪਹਿਲਾਂ ਹੀ ਸਰਵਸੰਮਤੀ ਨਾਲ ਲਏ ਹੁੰਦੇ ਸਨ। ਇਸ ਲਈ ਇਹ ਕੁਦਰਤੀ ਹੀ ਸੀ ਜਦੋਂ ਇਸਕਸ ਦੀ ਰਾਸ਼ਟਰੀ ਕੌਂਸਲ ਲਈ ਨਾਮ ਤਜਵੀਜ਼ ਕਰਨ ਦਾ ਸਵਾਲ ਪੈਦਾ ਹੋਇਆ ਤਾਂ ਐਫ.ਐਸ.ਯੂ. ਦੀ ਪਾਰਟੀ ਫਰੈਕਸ਼ਨ ਨੇ ਸਰਵਸੰਮਤੀ ਨਾਲ ਆਪਣੇ ਬਜ਼ੁਰਗ ਸੀਨੀਅਰ ਨੇਤਾਵਾਂ ਦੇ ਨਾਮ ਵੀ ਉਸ ਸੂਚੀ ਵਿਚ ਸ਼ਾਮਲ ਕਰ ਲਏ।

ਪਰੰਤੂ, ਫਰੈਕਸ਼ਨ ਦੇ ਦੋ ਮੈਂਬਰ, ਫਰੈਕਸ਼ਨ ਮੀਟਿੰਗ ਵਿਚ ਉਹਨਾਂ ਦੇ ਨਾਵਾਂ ਦਾ ਵਿਰੋਧ ਕੀਤੇ ਬਿਨਾਂ ਹੀ, ਪੋਲਿਟ ਬਿਊਰੋ ਦੇ ਇਕ ਉਘੇ ਮੈਂਬਰ ਕੋਲ ਚਲੇ ਗਏ ਅਤੇ ਉਹਦੇ ਕੋਲੋਂ 'ਮੈਂਡੇਟ' ਲੈ ਕੇ ਵਾਪਸ ਆ ਗਏ ਜਿਸ ਵਿਚ ਸੁਹਾਸਿਨੀ ਅਤੇ ਜੰਭੇਕਰ ਨੂੰ ਨਵੀਂ ਜਥੇਬੰਦੀ ਦੀ ਰਾਸ਼ਟਰੀ ਕੌਂਸਲ ਦੇ ਮੈਂਬਰ ਬਣਨ ਉਤੇ ਪਾਬੰਦੀ ਲਗਾ ਦਿਤੀ ਗਈ ਸੀ। ਜਦੋਂ ਇਹਨਾਂ ਦੋ ਸਾਥੀਆਂ ਨੇ 'ਪੀ.ਬੀ.ਮੈਂਡੇਟ' ਪੜ੍ਹਿਆ, ਤਾਂ ਫਰੈਕਸ਼ਨ ਨੇ ਸਰਵਸੰਮਤੀ ਨਾਲ ਫੈਸਲਾ ਕਰ ਦਿਤਾ ਦੋ ਮੈਂਬਰੀ ਡੈਲੀਗੇਸ਼ਨ ਭੇਜ ਕੇ ਪਾਰਟੀ ਦੇ ਜਨਰਲ ਸਕੱਤਰ ਅਜੇ ਘੋਸ਼ ਕੋਲ ਫੈਸਲੇ ਵਿਰੁਧ ਅਪੀਲ ਕਰਨ ਦਾ ਕਿਉਂਕਿ ਪਾਰਟੀ ਲੀਡਰ ਵਲੋਂ ਅਖੌਤੀ ਮੈਂਡੇਟ ਜਾਰੀ ਕਰਨ ਤੋਂ ਪਹਿਲਾਂ ਫਰੈਕਸ਼ਨ ਨੂੰ ਭਰੋਸੇ ਵਿਚ ਨਹੀਂ ਸੀ ਲਿਆ ਗਿਆ। ਡੈਲੀਗੇਸ਼ਨ

ਅਜੈ ਘੋਸ਼ ਨੂੰ ਮਿਲਿਆ ਜਿਸਨੇ ਉਹਨਾਂ ਨੂੰ ਚੁੱਪ ਕਰਕੇ ਸੁਣਿਆ ਅਤੇ ਫਿਰ ਉਹਨਾਂ ਨੂੰ ਕਿਹਾ ਕਿ ਦੋ ਦਿਨ ਬਾਅਦ ਉਹ ਉਹਨਾਂ ਨੂੰ ਮਿਲਣ। ਇਹ ਸਪਸ਼ਟ ਹੋ ਗਿਆ ਸੀ ਕਿ ਮੈਂਡੇਟ ਪੋਲਿਟ ਬਿਊਰੋ ਦੀ ਜਾਣਕਾਰੀ ਤੋਂ ਬਿਨਾਂ ਹੀ ਜਾਰੀ ਕਰ ਦਿਤਾ ਗਿਆ ਸੀ। ਐਫ.ਐਸ.ਯੂ. ਵਿਚ ਕੰਮ ਕਰਨ ਵਾਲੇ ਸਾਥੀਆਂ ਨੂੰ ਪੀ.ਬੀ. ਦਾ ਇਕ ਰੈਜ਼ੋਲੀਊਸ਼ਨ ਦਿਤਾ ਗਿਆ, ਜਿਹਨੇ ਮੂੰਹ ਰਖਣੇ ਲਈ ਬੀਤੇ ਵਿਚ ਸੁਹਾਸਿਨੀ ਅਤੇ ਜੰਭੇਕਰ ਉਤੇ ਕੁਰਾਹੀਆ ਗਲਤੀਆਂ ਕਰਨ ਦਾ ਦੋਸ਼ ਲਗਾਇਆ ਅਤੇ ਜਿਸ ਵਿਚ ਇਹ ਵੀ ਕਿਹਾ ਗਿਆ ਸੀ ਕਿ ਪਾਰਟੀ ਫਰੈਕਸ਼ਨ ਦੇ ਜਜ਼ਬਾਤ ਦਾ ਲਿਹਾਜ਼ ਕਰਦਿਆਂ ਹੋਇਆਂ ਪੀ.ਬੀ. ਨੇ ਉਹਨਾਂ ਦੇ ਨਾਂ ਇਸਕਸ ਦੀ ਨੈਸ਼ਨਲ ਕੌਂਸਲ ਦੀ ਆਉਣ ਵਾਲੀ ਮੁਢਲੀ ਕਾਨਫਰੰਸ ਲਈ ਉਮੀਦਵਾਰਾਂ ਵਜੋਂ ਭੇਜਣ ਦੀ ਇਜਾਜ਼ਤ ਦੇ ਦਿਤੀ ਸੀ।

ਇਸਕਸ ਕਾਨਫਰੰਸ ਇਕ ਜਾਂ ਦੋ ਦਿਨਾਂ ਵਿਚ ਸ਼ੁਰੂ ਹੋ ਗਈ ਅਤੇ ਨੈਸ਼ਨਲ ਕੌਂਸਲ ਲਈ ਚੁਣੇ ਸਣੇ ਜੰਭੇਕਰ ਦੰਪਤੀ ਦੇ ਨਾਵਾਂ ਦੀ ਤਜਵੀਜ਼ ਕਰ ਦਿਤੀ ਗਈ ਜਿਸਨੂੰ ਸਰਵਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਪਰੰਤੂ ਕੁਝ ਹੀ ਮਹੀਨਿਆਂ ਬਾਅਦ ਪੋਲਿਟ ਬਿਊਰੋ ਦੀ ਮੁੜ ਮੀਟਿੰਗ ਮਦਰਾਸ ਹੋਈ। ਉਸੇ ਹੀ ਪੀ.ਬੀ. ਮੈਂਬਰ ਦੀ ਪਹਿਲਕਦਮੀ ਉਤੇ ਜੰਭੇਕਰ ਦੰਪਤੀ ਦੇ ਕਿਸੇ ਵੀ ਜਨਤਕ ਜਥੇਬੰਦੀ ਵਿਚ ਕੰਮ ਕਰਨ ਉਤੇ ਪਾਬੰਦੀ ਲਾ ਦਿਤੀ ਗਈ ਜਿਸ ਦਾ ਆਧਾਰ ਉਸ ਜਾਣਕਾਰੀ ਨੂੰ ਬਣਾਇਆ ਗਿਆ ਕਿ ਯੂਰਪ ਵਿਚ ਹੁੰਦਿਆਂ ਉਹਨਾਂ ਨੇ ਇਕ ਦੁਸ਼ਮਣ ਦੇ 'ਏਜੰਟ' ਨਾਲ ਸੰਪਰਕ ਕੀਤਾ ਸੀ। ਇਸ ਦਾ ਇਸ਼ਾਰਾ ਉਸ ਯਤਨ ਵੱਲ ਸੀ ਜਿਹੜਾ ਉਹਨਾਂ ਇਹ ਜਾਣਨ ਲਈ ਕੀਤਾ ਸੀ ਕਿ ਵੀਰੇਂਦਰ ਨਾਥ ਚਟੋਪਾਧਿਆਏ ਸੁਹਾਸਿਨੀ ਦੇ ਵੱਡੇ ਵੀਰ ਅਤੇ ਉਸਦੇ ਸਾਬਕਾ ਪਤੀ ਏ.ਸੀ.ਐਨ. ਨੰਬਿਅਰ ਨਾਲ ਕੀ ਬੀਤੀ ਸੀ? ਜਦ ਕਿ ਵੀਰੇਂਦਰ ਨਾਥ ਤਾਂ ਪਹਿਲਾਂ ਹੀ ਰੂਸ ਵਿਚ ਮਰ ਚੁੱਕਾ ਸੀ, ਏ.ਸੀ.ਐਨ. ਨੰਬਿਆਰ ਹਾਲੀ ਵੀ ਯੂਰਪ ਵਿਚ ਸੀ ਅਤੇ ਉਸ ਨਾਲ ਉਹਨਾਂ ਸੰਪਰਕ ਕੀਤਾ ਸੀ। ਪਰੰਤੂ ਜਦੋਂ ਉਹਨਾਂ ਨੂੰ ਇਹ ਪਤਾ ਲੱਗਾ ਕਿ ਉਹ ਤਾਂ ਸੁਭਾਸ਼ ਬੋਸ ਦਾ ਇਕ ਸਹਾਇਕ ਰਿਹਾ ਸੀ, ਤਾਂ ਅਗੋਂ ਸੰਪਰਕ ਬੰਦ ਕਰ ਦਿਤਾ ਗਿਆ ਸੀ। ਕਿਉਂਕਿ ਉਦੋਂ ਸੀ.ਪੀ.ਆਈ. ਦੀਆਂ ਨਜ਼ਰਾਂ ਵਿਚ ਸੁਭਾਸ਼ ਬੋਸ 'ਫਾਸ਼ੀਵਾਦੀ ਏਜੰਟ' ਸੀ।

ਇਸਦੇ ਨਾਲ ਤਾਂ ਅੰਤ ਨੂੰ ਸੁਹਾਸਿਨੀ ਅਤੇ ਜੰਭੇਕਰ ਨੂੰ ਸਾਰੀ ਸਿਆਸੀ ਗਤੀਵਿਧੀ ਤੋਂ ਪਾਸੇ ਕਰ ਦਿਤਾ ਗਿਆ ਸੀ। ਉਹਨਾਂ ਨੇ ਪਾਰਟੀ ਫੈਸਲਾ ਪਰਵਾਨ ਕਰ ਲਿਆ। ਪਰ ਛੇਤੀ ਹੀ ਇਕ ਅਜਿਹੇ ਢੰਗ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ ਜਿਸ ਬਾਰੇ ਇਤਰਾਜ਼ ਨਹੀਂ ਸੀ ਕੀਤਾ ਜਾ ਸਕਦਾ। ਸੁਹਾਸਿਨੀ ਦੀ ਜਥੇਬੰਦਕ ਯੋਗਤਾ ਅਤੇ ਜੰਭੇਕਰ ਦੀ ਕਲਾਤਮਕ ਬੌਧਿਕਤਾ ਨਾਲ, ਉਹਨਾਂ ਨੇ ਔਰਤਾਂ ਨੂੰ ਦਸਤਕਾਰੀ ਵਿਚ ਸਿਖਿਆ ਦੇਣੀ ਸ਼ੁਰੂ ਕਰ ਦਿਤੀ ਤਾਂ ਜੋ ਉਹ ਕੁਝ ਵਾਧੂ ਕਮਾਈ ਕਰ ਸਕਣ। ਨਤੀਜਾ ਇਸ ਦਾ ਨਿਕਲਿਆ ਖਰਵਕਰ ਸੈਂਟਰ। ਸੁਹਾਸਿਨੀ ਗੰਠੀਏ ਨਾਲ ਬਹੁਤ ਬੀਮਾਰ ਸੀ ਅਤੇ ਵੀਲ੍ਹ ਚੇਅਰ ਨਾਲ ਹੀ ਜੁੜ ਕੇ ਰਹਿ ਗਈ ਸੀ ਪਰੰਤੂ ਕੇਂਦਰ ਵਿਚ ਬਹੁਤ ਸਾਰੇ ਹੋਰ ਉਤਸ਼ਾਹੀ ਨੌਜਵਾਨ ਆ ਗਏ ਸਨ ਉਸ ਦੀ ਸਹਾਇਤਾ ਕਰਨ ਲਈ ਜਿਹਨਾਂ ਵਿਚ ਕੁਝ ਪੁਰਾਣੇ ਐਫ.ਐਸ.ਯੂ. ਦੇ ਕਾਰਜਕਰਤਾ ਵੀ ਸਨ। ਕੁਝ ਸਮੇਂ ਲਈ ਜੰਭੇਕਰ ਦੰਪਤੀ ਚੀਨ ਚਲੇ ਗਏ ਜਿਥੇ ਸੁਹਾਸਿਨੀ ਦਾ ਆਕੂਪੰਕਚਰ ਨਾਲ ਇਲਾਜ ਕੀਤਾ ਗਿਆ। ਪਰੰਤੂ ਉਹ ਪੂਰੀ ਤਰ੍ਹਾਂ ਠੀਕ ਨਾ ਹੋ ਸਕੀ।

ਜਦੋਂ ਅੰਤ ਨੂੰ ਪਾਰਟੀ 1964 ਵਿਚ ਦੋ-ਫਾੜ ਹੋ ਗਈ, ਸੁਹਾਸਿਨੀ ਤੇ ਜੰਭੇਕਰ ਵੱਖ ਹੋਏ ਹਿੱਸੇ ਵਿਚ ਸ਼ਾਮਲ ਨਾ ਹੋਏ ਜਿਸਨੂੰ ਸੀ.ਪੀ.ਆਈ.(ਮ) ਕਿਹਾ ਜਾਂਦਾ ਸੀ। ਬੀਮਾਰ ਅਤੇ ਪਹੀਆ ਕੁਰਸੀ ਨਾਲ ਨਰੜੀ ਹੋਈ, ਪਰ ਹਾਲੀ ਵੀ ਅਪਰਾਜਤ ਤੇ ਸਰਗਰਮ, ਸੁਹਾਸਿਨੀ 26 ਨਵੰਬਰ, 1973 ਵਾਲੇ ਦਿਨ, ਸਾਨੂੰ ਸਭ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਈ। ਕਹਿਣ ਦੀ ਲੋੜ ਨਹੀਂ ਕਿ ਸਾਰੇ ਹੀ ਪੁਰਾਣੇ ਐਫ.ਐਸ.ਯੂ. ਕਾਰਜਕਰਤਾ, ਜਿਹੜੇ ਕਿ ਉਸ ਵੇਲੇ ਇਸਕਸ ਵਿਚ ਸਨ ਤੇ ਸਾਡੇ ਪਰਿਵਾਰ ਦੇ ਮੈਂਬਰ ਉਹਦੇ ਅਤੇ ਜੰਭੇਕਰ ਦੇ ਸੰਪਰਕ ਵਿਚ ਰਹੇ।

ਜਿਥੋਂ ਤਕ ਜੰਭੇਕਰ ਦਾ ਸੰਬੰਧ ਹੈ, ਉਹ 94 ਸਾਲ ਦੀ ਪਕੇਰੀ ਉਮਰ ਤਕ ਜਿਉਂਦਾ ਰਿਹਾ ਅਤੇ 23 ਮਈ, 2002 ਨੂੰ ਇਸ ਜਹਾਨ ਨੂੰ ਹਮੇਸ਼ਾ-ਹਮੇਸ਼ਾ ਲਈ ਛੱਡ ਕੇ ਚਲਾ ਗਿਆ। ਉਹਨੂੰ ਇਹ ਤਾਂ ਤਸੱਲੀ ਸੀ ਕਿ ਉਹ ਸਰਗਰਮ ਪਾਰਟੀ ਕੰਮ ਲਈ ਵਾਪਸ ਆ ਗਿਆ ਅਤੇ ਸੀ.ਪੀ.ਆਈ. ਦੇ ਮਰਾਠੀ ਦੇ ਸਪਤਾਹਿਕ 'ਜੁਗਾਂਤਰ' ਦਾ ਮੁਖ ਸੰਪਾਦਕ ਬਣ ਗਿਆ। ਇਹ ਉਹ ਕੰਮ ਸੀ ਜਿਸਨੂੰ ਉਹਨੇ ਵਿਲੱਖਣਤਾ ਨਾਲ ਬਹੁਤ ਸਾਰੇ ਸਾਲਾਂ ਤਕ ਨਿਭਾਇਆ। ਜਦ ਤਕ ਕਿ ਬੁਢਾਪੇ, ਮੰਦੀ ਸਿਹਤ ਅਤੇ ਘਟਦੀ ਜਾਂਦੀ ਨਜ਼ਰ ਨੇ ਉਹਨੂੰ ਸਵੈ-ਇੱਛਤ ਤੌਰ ਤੇ ਸੇਵਾ ਮੁਕਤ ਹੋਣ ਲਈ ਮਜਬੂਰ ਨਾ ਕਰ ਦਿਤਾ। ਉਹ ਸਤਿਆਪਾਲ ਅਤੇ ਵਿਮਲਾ ਦਾ ਨੇੜਲਾ ਦੋਸਤ ਰਿਹਾ ਅਤੇ ਉਹਨੇ ਚਿੱਠੀ-ਪੱਤਰ ਰਾਹੀਂ ਨਿਰੰਤਰ ਸੰਪਰਕ ਕਾਇਮ ਰੱਖਿਆ। ਸਾਡੇ ਵਿਚੋਂ ਕੋਈ ਵੀ ਜਦੋਂ ਕਿਤੇ ਬੰਬਈ ਜਾਂਦਾ ਉਹਨੂੰ ਮਿਲਣ ਦਾ ਮੌਕਾ ਨਾ ਖੁੰਝਾਉਂਦਾ।

-0-

ਲੈ ਸੂਰਜ ਵੀ ਚੰਨ ਕਟੋਰਾ,
ਤੇਲ ਬੂਹੇ ਤੇ ਚੋਵੇਗਾ।
ਅੱਗ ਚਾਨਣ ਦਾ ਮੇਲ ਸੁਨੱਖਾ,
ਨ੍ਹੇਰੇ ਕਾਲਖ ਧੋਵੇਗਾ।
ਕਲਮ ਮਰੀ ਨੇ ਲਭਿਆ ਸਾਰੇ,
ਆਸੇ ਪਾਸੇ ਦੂਰ ਦੁਰੇਡੇ-
ਵਿਮਲਾ ਜਿਹਾ ਨਾ ਮਿਲਿਆ ਕੋਈ
ਨਾ ਕੋਈ ਹੋਰ ਹੀ ਹੋਵੇਗਾ।

---

ਸੋਝੀ ਦੀ ਭੱਠੀ ਚੋਂ ਉਗਿਆ,
ਸੂਹਾ ਫੁੱਲ ਅੰਗਾਰ।
ਪੂੰਜੀ ਦੇ ਰਾਵਣ ਨੂੰ ਦਿੱਤੀ
ਮਾਂ ਧਰਤੀ ਲਲਕਾਰ।
ਵਾਨਰ ਸੈਨਾ ਬਣਕੇ ਲੜੀਆਂ
ਕੁਲ ਦੁਨੀਆਂ ਦੀਆਂ ਭੈਣਾਂ-
ਕਿਥੋਂ ਮਿਲੇਗੀ ਉਹਨਾਂ ਨੂੰ ਹੁਣ
ਵਿਮਲਾ ਜਹੀ ਸਰਦਾਰ।

-ਕੰਵਰ

# ਲੋਕ ਸਭਾ ਚੋਣ ਨਤੀਜੇ ਪਾਰਟੀ ਪੁਜ਼ੀਸ਼ਨ

| ਪਾਰਟੀ | 2009 | 2004 | ਘਾਟਾ/ਵਾਧਾ |
|---|---|---|---|
| ਇੰਕਾ | 207 | 145 | +62 |
| ਭਾਜਪਾ | 116 | 138 | −22 |
| ਸੀ.ਪੀ.ਆਈ.(ਐਮ) | 16 | 43 | −27 |
| ਜਨਤਾ ਦਲ(ਯੂ) | 20 | 8 | +12 |
| ਬੀ.ਐਸ.ਪੀ. | 21 | 19 | +2 |
| ਸੀ.ਪੀ.ਆਈ. | 4 | 10 | −6 |
| ਜਨਤਾ ਦਲ(ਐਸ) | 3 | 3 | 0 |
| ਟੀ.ਡੀ.ਪੀ. | 7 | 5 | +2 |
| ਸਮਾਜਵਾਦੀ ਪਾਰਟੀ | 24 | 36 | −12 |
| ਸ਼ਿਵ ਸੈਨਾ | 11 | 12 | −1 |
| ਡੀ.ਐਮ.ਕੇ. | 18 | 16 | +2 |
| ਏ.ਡੀ.ਐਮ.ਕੇ. | 9 | 0 | +9 |
| ਬੀ.ਜੇ.ਡੀ. | 14 | 11 | +3 |
| ਐਨ.ਸੀ.ਪੀ. | 9 | 9 | 0 |
| ਤ੍ਰਿਣਮੂਲ ਕਾਂਗਰਸ | 19 | 2 | +17 |
| ਆਰ.ਜੀ.ਡੀ. | 4 | 24 | −20 |
| ਪੀ.ਐਮ.ਕੇ. | 0 | 6 | −6 |
| ਏ.ਯੂ.ਡੀ.ਐਫ. | 2 | 0 | +2 |
| ਐ.ਸੀ. | 3 | 2 | +1 |
| ਐਮ.ਡੀ.ਐਮ.ਕੇ. | 1 | 4 | −3 |
| ਆਰ.ਐਸ.ਪੀ. | 2 | 3 | −1 |
| ਐਫ.ਬੀ. | 2 | 3 | −1 |
| ਐਮ.ਯੂ.ਐਲ. | 2 | 3 | −1 |
| ਅਕਾਲੀ ਦਲ | 4 | 8 | −4 |
| ਐਸ.ਜੇ.ਪੀ.(ਆਰ) | 0 | 1 | −1 |
| ਐਨ.ਪੀ.ਐਫ. | 1 | 1 | 0 |
| ਜੇ.ਐਮ.ਐਮ. | 2 | 5 | −3 |
| ਐਸ.ਡੀ.ਐਫ. | 1 | 1 | 0 |
| ਕੇ.ਈ.ਸੀ.(ਐਮ) | 0 | 1 | −1 |
| ਆਰ.ਡੀ. | 5 | 3 | +2 |
| ਐਮ.ਐਨ.ਐਫ. | 0 | 1 | −1 |
| ਜੇ.ਵੀ.ਐਮ. | 1 | 0 | +1 |
| ਬੀ.ਐਨ.ਪੀ. | 0 | 1 | −1 |
| ਏ.ਆਈ.ਐਮ.ਆਈ.ਐਮ. | 1 | 1 | 0 |
| ਪੀ.ਆਰ.ਪੀ | 1 | 0 | +1 |
| ਆਈ.ਐਫ.ਡੀ.ਪੀ. | 0 | 1 | −1 |
| ਐਲ.ਜੇ.ਪੀ. | 0 | 4 | −4 |
| ਏ.ਜੀ.ਪੀ. | 2 | 2 | 0 |
| ਟੀ.ਆਰ.ਐਸ. | 2 | 5 | −3 |
| ਪੀ.ਡੀ.ਪੀ. | 0 | 1 | −1 |
| ਆਰ.ਪੀ.ਆਈ. | 0 | 1 | −1 |
| ਐਚ.ਜੇ.ਸੀ.ਬੀ.ਐਲ. | 1 | 0 | +1 |
| ਆਜ਼ਾਦ ਤੇ ਹੋਰ | 50 | 5 | +45 |

# ਚੋਣ ਨਤੀਜਿਆਂ ਬਾਰੇ ਸੀ.ਪੀ.ਆਈ. ਦਾ ਪ੍ਰਤੀਕਰਮ

ਸੀ.ਪੀ.ਆਈ. ਦੀ ਕੌਮੀ ਐਗਜ਼ੈਕਟਿਵ ਨੇ ਕਿਹਾ ਹੈ ਕਿ ਹਾਲ ਵਿਚ ਹੀ ਹੋਈਆਂ ਲੋਕ ਸਭਾ ਚੋਣਾਂ ਵਿਚ ਫਤਵਾ ਕਾਂਗਰਸ ਅਤੇ ਇਸਦੇ ਕੁਝ ਇਤਿਹਾਦੀਆਂ ਦੇ ਹੱਕ ਵਿਚ ਗਿਆ ਹੈ ਜਦਕਿ ਸੀ.ਪੀ.ਆਈ. ਅਤੇ ਸਮੁਚੇ ਖੱਬੇ-ਪਖ ਨੂੰ ਭਾਰੀ ਧੱਕਾ ਲੱਗਿਆ ਹੈ।

ਇਹ ਗੱਲ ਸੀ.ਪੀ.ਆਈ. ਦੀ ਰਾਸ਼ਟਰੀ ਕਾਰਜਕਾਰਣੀ ਨੇ ਇਕ ਬਿਆਨ ਵਿਚ ਕਹੀ ਹੈ ਜਿਸਦਾ ਪੰਜਾਬੀ ਰੂਪ ਅਜ ਇਥੇ ਪੰਜਾਬ ਪਾਰਟੀ ਦੇ ਸਕੱਤਰ ਸਾ. ਭੂਪਿੰਦਰ ਸਾਂਬਰ ਨੇ ਜਾਰੀ ਕੀਤਾ।

ਪਾਰਟੀ ਦੀ ਰਾਸ਼ਟਰੀ ਕਾਰਜਕਾਰਣੀ ਦੇ ਮੈਂਬਰਾਂ ਨੇ ਇਨ੍ਹਾਂ ਚੋਣ ਨਤੀਜਿਆਂ ਅਤੇ ਸੀ.ਪੀ.ਆਈ. ਅਤੇ ਸਮੁਚੇ ਖੱਬੇ-ਪਖ ਦੀ ਚੋਣਾਂ ਵਿਚ ਕਾਰਕਰਦਗੀ ਪਿਛੇ ਕੰਮ ਕਰਦੇ ਸਿਆਸੀ ਨਾਅਰਿਆਂ, ਦਾਅਪੇਚਕ ਕਦਮਾਂ ਅਤੇ ਜਥੇਬੰਦਕ ਕਾਰਨਾਂ ਬਾਰੇ ਆਪਣੀ ਰਾਏ ਜ਼ਾਹਰ ਕੀਤੀ।

ਉਹਨਾਂ ਅਗੇ ਕਿਹਾ ਕਿ ਲੋਕਾਂ ਨੇ ਭਾਜਪਾ ਲੀਡਰਾਂ ਦੀ ਫਿਰਕੂ ਰਾਜਨੀਤੀ ਅਤੇ ਨਾਅਰੇਬਾਜ਼ੀ ਰੱਦ ਕਰ ਦਿਤੀ ਹੈ। ਉਨ੍ਹਾਂ ਕੋਲ ਹੋਰ ਕੋਈ ਏਜੰਡਾ ਨਹੀਂ ਸੀ। ਲੋਕਾਂ ਨੇ ਗੈਰ-ਭਾਜਪਾ ਅਤੇ ਗੈਰ-ਕਾਂਗਰਸ ਬਦਲ ਦੇ ਸੱਦੇ ਦੀ ਵੀ ਹਮਾਇਤ ਨਹੀਂ ਕੀਤੀ ਜਿਹੜਾ ਖੱਬੇ-ਪਖ ਅਤੇ ਇਸਦੇ ਇਤਿਹਾਦੀਆਂ ਨੇ ਦਿਤਾ ਸੀ। ਲੋਕਾਂ ਨੇ ਇਸ ਨੂੰ ਪ੍ਰਚਲਤ ਸਥਿਤੀ ਵਿਚ ਹੰਢਣਸਾਰ, ਸਥਿਰ ਅਤੇ ਹਕੀਕਤਪਸੰਦ ਬਦਲ ਨਹੀਂ ਸਮਝਿਆ। ਲੋਕਾਂ ਨੇ ਇਕ ਸਥਿਰ ਸਰਕਾਰ ਲਈ ਵੋਟ ਪਾਈ ਖਾਸ ਕਰ ਇਸ ਹਾਲਤ ਵਿਚ ਜਦ ਦੇਸ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਯੂ.ਪੀ.ਏ. ਸਰਕਾਰ ਵਲੋਂ ਅਪਣਾਏ ਕੁਝ ਲੋਕ-ਪਖੀ ਕਦਮਾਂ ਜਿਵੇਂ ਨਰੇਗਾ, ਕਬਾਇਲੀਆਂ ਲਈ ਜੰਗਲਾਂ ਉਤੇ ਅਧਿਕਾਰਾਂ ਦੇ ਕਾਨੂੰਨ, ਸੂਚਨਾ ਦੇ ਅਧਿਕਾਰ ਦੇ ਕਾਨੂੰਨ ਪਾਸ ਕਰਾਉਣ ਵਿਚ ਖੱਬੇ-ਪਖ ਵਲੋਂ ਪਾਏ ਯੋਗਦਾਨ ਨੂੰ ਵੀ ਖੱਬਾ-ਪਖ ਉਭਾਰ ਨਹੀਂ ਸਕਿਆ। ਇਨ੍ਹਾਂ ਸਾਰਿਆਂ ਦਾ ਲਾਭ ਕਾਂਗਰਸ ਲੈ ਗਈ। ਕੌਮੀ ਕਾਰਨਾਂ ਤੋਂ ਇਲਾਵਾ ਕੁਝ ਰਾਜਾਂ ਦੇ ਵਿਸ਼ੇਸ਼ ਕਾਰਨ ਸਨ ਜਿਵੇਂ ਪਛਮੀ ਬੰਗਾਲ ਅਤੇ ਕੇਰਲਾ ਵਿਚ, ਜਿਨ੍ਹਾਂ ਦਾ ਖੱਬੇ-ਪਖ ਦੇ ਚਿਹਰੇ-ਮੋਹਰੇ ਨਾਲ ਸਿਧਾ ਵਾਸਤਾ ਸੀ। ਕੌਮੀ ਕਾਰਜਕਾਰਣੀ ਦੇ ਮੈਂਬਰਾਂ ਨੇ ਚੋਣਾਂ ਵਿਚ ਧੰਨ-ਸੱਤਾ ਵਲੋਂ ਨਿਭਾਈ ਲਾਮਿਸਾਲ ਭੂਮਿਕਾ ਉਤੇ ਵੀ ਗਹਿਰੀ ਚਿੰਤਾ ਪ੍ਰਗਟ ਕੀਤੀ। ਇਹ ਸਾਡੀ ਪਾਰਲੀਮਾਨੀ ਪ੍ਰਣਾਲੀ ਲਈ ਬਹੁਤ ਵੱਡਾ ਖਤਰਾ ਹੈ।

ਕੌਮੀ ਕਾਰਜਕਾਰਣੀ ਮਹਿਸੂਸ ਕਰਦੀ ਸੀ ਕਿ ਸੀ.ਪੀ.ਆਈ. ਅਤੇ ਸਮੁਚੇ ਖੱਬੇ-ਪਖ ਦੀ ਕਾਰਗੁਜ਼ਾਰੀ ਦੀਆਂ ਜੜ੍ਹਾਂ ਵਿਚ ਕੰਮ ਕਰਦੀਆਂ ਰਾਜਸੀ ਅਤੇ ਜਥੇਬੰਦਕ ਕਮਜ਼ੋਰੀਆਂ ਦਾ ਵਿਸਥਾਰਪੂਰਨ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ। ਜਦ ਕਿ ਖੱਬੇ-ਪਖ ਏਕਤਾ ਅਵੱਸ਼ ਮਜ਼ਬੂਤ ਕਰਨੀ ਚਾਹੀਦੀ ਹੈ, ਕੌਮੀ ਕਾਰਜਕਾਰਣੀ ਮਹਿਸੂਸ ਕਰਦੀ ਹੈ ਕਿ ਜਿਸ ਢੰਗ ਨਾਲ ਖੱਬਾ ਮੋਰਚਾ ਕੰਮ ਕਰਦਾ ਰਿਹਾ ਅਤੇ ਲੋਕਾਂ ਦੇ ਵੱਖਿਨ ਹਿਸਿਆਂ ਨਾਲ ਸਬੰਧਤ ਮਸਲਿਆਂ ਬਾਰੇ ਜੋ ਪਹੁੰਚ ਅਪਣਾਉਂਦਾ ਰਿਹਾ ਉਸਦਾ ਆਲੋਚਨਾਤਮਕ ਅਤੇ ਸਵੈ-ਆਲੋਚਨਾਤਮਕ ਰੀਵਿਊ ਕਰਨਾ ਵੀ ਜ਼ਰੂਰੀ ਹੈ।

ਕੌਮੀ ਕਾਰਜਕਾਰਣੀ ਨੇ ਲੋਕਾਂ ਦੇ ਵੱਲ ਰਵੱਈਏ ਵਿਚ ਸਭ ਖੱਬੇ-ਪਖੀ ਆਗੂਆਂ ਅਤੇ ਕਾਰਕੁਨਾਂ ਵਲੋਂ ਨਿਮਰਤਾ ਅਪਣਾਉਣ ਅਤੇ ਹੈਂਕੜ ਨੂੰ ਇਕ ਵਾਢਿਓਂ ਖਤਮ ਕਰਨ ਉਤੇ ਜ਼ੋਰ ਦਿਤਾ।

ਰਾਸ਼ਟਰੀ ਕਾਰਜਕਾਰਣੀ ਨੇ ਸੂਬਾਈ ਇਕਾਈਆਂ ਦੀਆਂ ਲੀਡਰਸ਼ਿਪਾਂ ਨੂੰ ਹਦਾਇਤ ਕੀਤੀ ਕਿ ਉਹ ਆਪੋ ਆਪਣੇ ਰਾਜ ਵਿਚ ਚੋਣ ਕਾਰਕਰਦਗੀ ਦਾ ਰੀਵਿਊ ਕਰਨ।

ਕੌਮੀ ਕਾਰਜਕਾਰਣੀ ਦੀ ਅਗਲੀ ਮੀਟਿੰਗ 3 ਜੁਲਾਈ ਨੂੰ ਹੋਵੇਗੀ ਅਤੇ ਕੌਮੀ ਕੌਂਸਲ ਦੀ 4 ਤੋਂ 6 ਜੁਲਾਈ ਨੂੰ। ਕੌਮੀ ਕਾਰਜਕਾਰਣੀ ਨੇ ਸਾਰੇ ਪਾਰਟੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਅਵਾਮ ਨਾਲ ਗੂੜ੍ਹੇ ਨਾਤੇ ਜੋੜਣ ਅਤੇ ਵਧਦੇ ਆਰਥਕ ਸੰਕਟ ਦੀ ਹਾਲਤ ਵਿਚ ਲੋਕਾਂ ਦੇ ਹਿਤਾਂ ਦੀ ਰਾਖੀ ਲਈ ਕੰਮ ਕਰਨ।***

# ਵੋ ਸ਼ਾਨ ਸਲਾਮਤ ਰਹਿਤੀ ਹੈ......


**-ਹਰਭਜਨ ਸਿੰਘ**

ਇਸ 10 ਮਈ ਦੀ ਸਵੇਰ ਭੈਣ ਵਿਮਲਾ ਡਾਂਗ ਦੇ ਜੀਵਨ-ਪੰਧ ਦੀ ਅੰਤਲੀ ਸਵੇਰ ਸੀ। ਇਸ ਤੋਂ ਪਹਿਲੇ ਦਿਨ, 9 ਮਈ ਦੁਪਹਿਰੇ, ਟੈਸਟ ਕਰਨ ਲਈ ਖੂਨ ਲੈ ਰਹੇ ਟੈਕਨੀਸ਼ੀਅਨ ਨੂੰ ਜਦ ਅਸੀਂ ਮਰੀਜ਼ ਨੂੰ ਘੱਟ ਤੋਂ ਘਟ ਤਕਲੀਫ ਦੇਣ ਲਈ ਜ਼ੋਰ ਪਾ ਰਹੇ ਸਾਂ ਤਾਂ ਉਹਨੇ ਉਸ ਵੇਲੇ ਸੇਵਾ ਕਰ ਰਹੀ ਛੇਹਰਟੇ ਤੋਂ ਕੌਂਸਲਰ ਬੀਬੀ ਪਰਵੀਨ ਨੂੰ ਪੁਛਿਆ, "ਮਰੀਜ਼ ਤੁਹਾਡੇ ਕੀ ਲਗਦੇ ਹਨ?" "ਮੇਰੇ ਅੰਮੀਂ" ਪਰਵੀਨ ਦਾ ਜਵਾਬ ਮਿਲਿਆ। "ਉਹਨਾਂ ਦੇ?" ਉਹਨੇ ਮੇਰੇ ਵੱਲ ਇਸ਼ਾਰਾ ਕਰ ਪੁਛਿਆ। "ਉਹਨਾਂ ਦੇ ਵੀ ਅੰਮੀਂ" ਪਰਵੀਨ ਦਾ ਜਵਾਬ ਸੀ। ਮੁਲਾਜ਼ਮ ਦੇ ਚਿਹਰੇ ਤੇ ਹੈਰਾਨੀ ਵੇਖ ਕੇ ਪਰਵੀਨ ਨੇ ਦਸਿਆ, "ਇਹ ਜਗਤ - ਅੰਮੀ ਹਨ।" ਇੰਨਾ ਵੱਡਾ ਪਰਿਵਾਰ ਕਿਸ ਮਾਂ ਨੂੰ ਮਿਲਿਆਂ ਹੋਵੇਗਾ ਕਦੇ !

ਮੁੱਦਤਾਂ ਬੀਤ ਜਾਣਗੀਆਂ ਪਰ ਛੇਹਰਟਾ ਦੀ ਧਰਤੀ ਕਸ਼ਮੀਰ ਦੀ ਇਸ ਸੁਣੱਖੀ ਮੁਟਿਆਰ ਨੂੰ ਕਦੇ ਨਹੀਂ ਭੁਲੇਗੀ ਜਿਸ ਆਪਣੇ ਜੀਵਨ ਸਾਥੀ ਕਾ. ਸਤਪਾਲ ਡਾਂਗ ਨਾਲ ਮਿਲ ਕੇ ਕੀਤੇ ਸੋਚੇ ਸਮਝੇ ਫੈਸਲੇ ਅਨੁਸਾਰ, ਆਪਣੇ ਚਾਅ, ਆਪਣੀਆਂ ਰੀਝਾਂ, ਲੋੜਾਂ, ਸੁੱਖ-ਆਰਾਮ ਤੇ ਸਭ ਤੋਂ ਵਧ, ਆਪਣੀ ਮਮਤਾ, ਕਿਰਤੀਆਂ ਦੇ ਕਾਜ਼ ਦੇ, ਇਕ ਇਨਸਾਫ- ਮਈ ਸਮਾਜਕ ਪ੍ਰਬੰਧ ਲਈ ਸੰਗਰਾਮ ਦੇ, ਅਰਪਣ ਕਰ ਦਿਤੇ। ਅਤੇ ਵੇਖਣ ਵਾਲਾ ਸੀ ਉਹ ਸਿਦਕ ਤੇ ਸਿਰੜ ਜਿਸ ਨਾਲ ਉਹਨੇ ਕਿਰਤੀਆਂ ਦੀ ਬਸਤੀ ਵਿਚ, ਕਿਰਤੀਆਂ ਦੇ ਪੱਧਰ ਤੇ ਜ਼ਿੰਦਗੀ ਜਿਉਂਦਿਆਂ ਆਪਣੀ ਸਹੁੰ ਵੱਡੀ ਸ਼ਾਨ ਨਾਲ ਨਿਭਾਈ।

ਜਨਵਰੀ 2005 ਦੇ ਦੂਜੇ ਅੱਧ ਵਿਚ ਵੀ ਇਸੇ ਤਰ੍ਹਾਂ ਦੀ ਗੰਭੀਰ ਹਾਲਤ ਵਿਚ ਹਸਪਤਾਲ ਪਿਆਂ, ਜਦ ਡਾਕਟਰਾਂ ਤੋਂ ਵਿਮਲਾ ਭੈਣ ਜੀ ਦੀ ਬਿਮਾਰੀ ਦਾ ਨਾਂ ਪੁੱਛਿਆ ਤਾਂ ਉਹਨਾਂ ਨੇ ਕਿਹਾ, "ਵਰ੍ਹਿਆਂ-ਬੱਧੀ ਤੋਂ ਖੁਰਾਕ ਦੀ ਕਮੀ" (ਲਾਂਗ ਯੀਅਰਜ਼ ਆਫ ਅੰਡਰ ਨਾਰਿਸ਼ਮੈਂਟ)। ਐਸੀ ਸੀ ਛੇਹਰਟਾ ਮਿਉਂਸਪਲ ਕਮੇਟੀ ਦੀ ਸਾਬਕਾ ਪ੍ਰਧਾਨ, ਖੁਦ ਸਾਬਕਾ ਐਮ.ਐਲ.ਏ. ਤੇ ਸਾਬਕਾ ਮੰਤਰੀ ਕਾ. ਸਤਪਾਲ ਡਾਂਗ ਦੀ ਜੀਵਨ-ਸਾਥਣ ਵਿਮਲਾ ਡਾਂਗ।

ਹਰ ਸਾਲ ਨਵੇਂ ਸਾਲ ਦੇ ਵਧਾਈ ਦੇ ਕਾਰਡਾਂ ਉਤੇ ਉਹ ਆਪਣੇ ਹੱਥ ਨਾਲ ਵੱਖ-ਵੱਖ ਰੰਗਾਂ ਦੇ ਸੁਮੇਲ ਵਾਲੇ ਵੇਲ ਬੂਟੇ ਬਣਾਉਂਦੇ ਸਨ ਤੇ ਨਾਮ ਲਿਖਦੇ ਸਨ। ਵਿਚ ਜੂਲੀਅਸ ਫਿਊਚਕ, ਨਿਕੋਲਾਈ ਆਸਤਰਾਵਸਕੀ ਦੇ ਨਾਵਲ "ਸੂਰਮੇ ਦੀ ਸਿਰਜਣਾ" ਵਿਚੋਂ, ਸਵਾਮੀ ਵਿਵੇਕਾਨੰਦ, ਡਾ. ਐਸ. ਰਾਧਾਕ੍ਰਿਸ਼ਨਨ ਅਦੇ ਹੋਰਨਾਂ ਦੀਆਂ ਬੜੀਆਂ ਭਾਵ-ਪੂਰਤ ਤੇ ਟੁੰਬਵੀਆਂ ਟੂਕਾਂ (ਕੋਟੇਸ਼ਨਜ਼) ਦਿੰਦੇ ਸਨ। 1994 ਦੇ ਨਵੇਂ ਸਾਲ ਮੌਕੇ ਮੈਂ ਜ਼ਰਾ ਵਧੇਰੇ ਬਿਮਾਰ ਹੋ ਕੇ ਛੁੱਟੀ ਤੇ ਸਾਂ ਤਾਂ ਉਹਨਾਂ ਆਪਣੇ ਕਾਰਡ ਵਿਚ ਲਿਖਿਆ, "ਦੇਅਰ ਇਜ਼ ਆਲਵੇਜ਼ ਰੂਮ ਇਨ ਲਾਈਫ ਫਾਰ ਗਰੇਟ ਡੀਡਜ਼" (ਜੀਵਨ ਵਿਚ ਹਮੇਸ਼ਾ ਹੀ ਮਹਾਨ ਕਾਰਜ ਕਰਨ ਦੀ ਗੁੰਜ਼ਾਇਸ਼ ਰਹਿੰਦੀ ਹੈ)। ਇਹਨਾਂ ਕੋਟੇਸ਼ਨਾਂ ਵਿਚਲੇ




ਮਹਾਨ ਦਲੇਰ ਵਿਚਾਰਾਂ ਤੇ ਖੁਦ ਪਹਿਰਾ ਦੇਣਾ ਉਹਨਾਂ ਦੀ ਸਿਫਤ ਸੀ, ਕਿਉਂਕਿ ਅਮਲ ਕਰਨਾ ਹੀ ਤਾਂ ਔਖਾ ਕੰਮ ਹੈ।

ਹਰ ਤਰ੍ਹਾਂ ਦੇ ਜਬਰ, ਵਿਤਕਰੇ ਤੇ ਅਨਿਆਂ ਵਿਰੁਧ ਰੋਹ ਅਤੇ ਲੜਨ ਦੀ ਇਹ ਤਾਂਘ ਜਿਸਨੂੰ ਸ਼ਹੀਦ ਰਾਮ ਪ੍ਰਸਾਦ 'ਬਿਸਮਿਲ' ਨੇ 'ਮਰ ਮਿਟਨੇ ਕੀ ਹਸਰਤ' ਕਹਾਂ ਸੀ, ਵਿਮਲਾ ਭੈਣ ਜੀ ਦੀ ਪਛਾਣ ਸੀ। ਕਈ ਸਾਲ ਪਹਿਲਾਂ ਪੰਜਾਬ ਅਸੰਬਲੀ ਦੇ ਘਰਾਓ ਲਈ ਜਾਂਦਿਆਂ ਪੁਲਸ ਰੋਕਾਂ ਤੋੜਨ ਵੇਲੇ ਸਖਤ ਲਾਠੀਚਾਰਜ ਚੋਂ ਵਿਮਲਾ ਭੈਣ ਜੀ ਨੂੰ ਬਚਾਉਣ ਲਈ ਜਦ ਅਸੀਂ ਉਸ ਪਾਸੇ ਵਲ ਮੁੜੇ ਤਾਂ ਉਹਨਾਂ ਭਾਂਪ ਲਿਆ ਤੇ ਲਲਕਾਰਿਆ, "ਆਪ ਆਗੇ ਬੜ੍ਹੋ, ਮੇਰੀ ਫਿਕਰ ਮਤ ਕਰੋ"।

ਆਪਣੇ ਪਰਿਵਾਰ, ਪਾਰਟੀ ਜਾਂ ਲਹਿਰ ਤੋਂ ਇੱਜ਼ਤ ਹੋਰ ਲੋਕ ਵੀ ਲੈ ਲੈਂਦੇ ਹਨ, ਪਰ ਹਰ ਕਿਸਮ ਦੇ ਵਿਚਾਰਧਾਰਕ ਤੇ ਸਿਆਸੀ ਵਿਰੋਧੀਆਂ ਤੋਂ ਵੀ ਸਤਿਕਾਰ ਸਹਿਤ ਹੱਥ ਜੁੜਵਾ ਲੈਣੇ ਕਾ. ਵਿਮਲਾ ਭੈਣ ਤੇ ਸਤਪਾਲ ਡਾਂਗ ਦੀ ਹੀ ਪ੍ਰਾਪਤੀ ਹੈ।

ਹਸਪਤਾਲ ਵਿਚ ਵਿਮਲਾ ਭੈਣ ਜੀ ਦੀ ਆਖਰੀ ਰਾਤ ਉਹਨਾਂ ਦੇ ਕਮਰੇ ਵਿਚ ਡਿਊਟੀ ਦੇ ਰਹੀ ਇਕ ਨਰਸ ਕੁੜੀ ਨੇ ਜਿਸ ਮੋਹ ਤੇ ਅਪਣੱਤ ਨਾਲ ਉਹਨਾਂ ਦੀ ਸੇਵਾ ਕੀਤੀ ਉਹ ਮਾਣ-ਭਰੀ ਹੈਰਾਨੀ ਵਾਲੀ ਗੱਲ ਸੀ।

ਇਕ ਉਚ ਅਧਿਕਾਰੀ ਕਹਿ ਰਿਹਾ ਸੀ, "ਪਾਰਲੀਮੈਂਟ ਚੋਣ ਦੀ ਦੇਖ-ਰੇਖ ਲਈ ਦਿੱਲੀਓਂ ਆਏ ਵੱਡੇ ਅਫਸਰਾਂ ਨੂੰ ਜਦ ਮੈਂ ਦੱਸਦਾਂ ਹਾਂ ਕਿ ਅੱਜ ਦੀ ਸਿਆਸਤ ਵਿਚ ਵੀ ਇਸੇ ਸ਼ਹਿਰ ਵਿਚ ਡਾਂਗ ਜੋੜੀ ਏਨਾ ਸਾਦਾ, ਤਿਆਗ-ਮਈ ਤੇ ਬੇਦਾਗ ਜੀਵਨ ਜੀਅ ਰਹੀ ਹੈ ਤਾਂ ਉਹ ਯਕੀਨ ਨਹੀਂ ਕਰਦੇ। ਮੈਂ ਕਲ੍ਹ ਉਹਨਾਂ ਨੂੰ ਲਿਆ ਕੇ ਵਿਖਾਉਣਾ ਚਾਹੁੰਦਾ ਹਾਂ।"

ਕਿੰਨੀ ਤ੍ਰਿਪਤੀ ਹੁੰਦੀ ਹੈ ਇਹ ਸੋਚ ਕੇ ਕਿ ਅਸੀਂ ਵੀ ਉਹਨਾਂ ਹਜ਼ਾਰਾਂ ਵਿਚ ਸ਼ਾਮਲ ਹਾਂ, ਜਿਹਨਾਂ ਨੂੰ ਵਿਮਲਾ ਭੈਣ ਜੀ ਵਰਗੇ ਲਾਸਾਨੀ ਇਨਸਾਨ ਨੂੰ ਇਹ ਜ਼ਿੰਦਗੀ ਜਿਉਂਦਿਆਂ ਨੇੜਿਓਂ ਵੇਖਣ ਦਾ ਤੇ ਪ੍ਰੇਰਿਤ ਹੋਣ ਦਾ ਮੌਕਾ ਮਿਲਿਆ।

ਚਾਰ ਸਾਲ ਪਹਿਲਾਂ ਵੀ ਤੇ ਹੁਣ ਦੀ ਬੀਮਾਰੀ ਵੇਲੇ ਵੀ ਬੀਬੀ ਪਰਵੀਨ, ਬੀਬੀ ਕ੍ਰਿਸ਼ਨਾਂ, ਬੀਬੀ ਨਰਿੰਦਰ ਤੇ ਹੋਰਨਾਂ ਕਈ ਬੀਬੀਆਂ ਨੇ ਜਿਸ ਪਿਆਰ ਤੇ ਅਪਣੱਤ ਨਾਲ ਵਿਮਲਾ ਜੀ ਦੀ ਸੇਵਾ ਕੀਤੀ ਏਨੀ ਕਿਸੇ ਦੇ ਸਕੇ ਧੀਆਂ ਪੁੱਤ ਵੀ ਮੁਸ਼ਕਿਲ ਨਾਲ ਹੀ ਕਰਦੇ ਲੱਭਣਗੇ।

ਇਸੇ ਤਰ੍ਹਾਂ ਸਾ. ਚੰਦਰ ਕਿਸ਼ੋਰ ਪਠਾਣੀਆਂ, ਸਾ. ਵਿਜੇ ਕਪੂਰ ਤੇ ਹੁਣ ਐਡਵੋਕੇਟ ਸੰਦੀਪ ਦੇ ਪਰਿਵਾਰ ਨੇ ਮਹੀਨਿਆਂ-ਬੱਧੀ ਡਾਂਗ ਜੋੜੀ ਦੀ ਆਪਣੇ ਘਰ ਵਿਚ ਸਕੇ ਧੀਆਂ ਪੁੱਤਾਂ ਤੋਂ ਵੀ ਵਧ ਸੇਵਾ ਕੀਤੀ ਹੈ। ਕਾ. ਡਾਂਗ ਅਜ ਵੀ ਐਡਵੋਕੇਟ ਸੰਦੀਪ ਦੇ ਘਰ ਹੀ ਰਹਿ ਰਹੇ ਹਨ।

ਸ਼ਿਅਰ ਤਾਂ ਹੈ:

ਜਿਸ ਧਜ ਸੇ ਮਕਤਲ ਮੇਂ ਗਿਆ ਕੋਈ
ਵੋ ਸ਼ਾਨ ਸਲਾਮਤ ਰਹਿਤੀ ਹੈ।

ਪਰ ਸ਼ਹੀਦ ਭਗਤ ਸਿੰਘ ਨੇ ਰੁੱਸੇ ਹੋਏ ਰਾਜਗੁਰੂ ਨੂੰ ਮਨਾਉਂਦਿਆਂ ਧਿਆਨ ਦਵਾਇਆ ਸੀ ਕਿ, "ਇਕ ਦਿਨ ਵਿਚ ਗੋਲੀ ਖਾ ਕੇ ਮਰ ਜਾਣਾ ਵੱਡਾ ਜਾਪਦਾ ਹੈ, ਪਰ ਸਭਨਾਂ ਲਈ ਇਨਸਾਫ ਤੇ ਸਚੀ ਖੁਸ਼ੀ ਵਾਸਤੇ ਜੀਵਨ ਭਰ ਤਿਲ-ਤਿਲ ਕਰਕੇ ਮਰਨਾ ਵਧੇਰੇ ਔਖਾ ਹੈ।" ਇਸ ਤਿਲ-ਤਿਲ ਕਰਕੇ ਮਰਨ ਦੀ ਮਕਤਲ (ਕੁਰਬਾਨ-ਗਾਹ) ਵਿਚ ਜੋ ਸਿਦਕ ਤੇ ਜੋਸ਼ ਸੱਚੀ ਕਮਿਊਨਿਸਟ ਵੀਰਾਂਗਣਾ ਵਿਮਲਾ ਡਾਂਗ ਨੇ ਨਿਭਾਇਆ, ਉਹਦੀ ਸ਼ਾਨ ਹਮੇਸ਼ਾ ਸਲਾਮਤ ਰਹੇਗੀ।

ਇਕ ਜੀਵਨ ਦੀ ਇਸ ਤੋਂ ਵਧ ਪ੍ਰਾਪਤੀ ਹੋਰ ਕੀ ਹੋ ਸਕਦੀ ਹੈ ਕਿ ਮਨੁੱਖਤਾ ਦੀ ਸੱਚੀ ਤੇ ਸਦੀਵੀ ਖੁਸ਼ੀ ਦੇ ਸੰਗਰਾਮ ਵਿਚ ਕਿਸੇ ਦਾ ਏਨਾ ਵਡਾ ਤਿਆਗ-ਭਰਿਆ, ਨਿਰਛਲ ਤੇ ਨਿਡਰ ਹਿੱਸਾ ਹੋਵੇ।

***

RNI No. 046691/77



ਜ਼ਿੰਦਗੀ ਦੇ ਤਿੰਨ ਵੱਖੋ-ਵੱਖਰੇ ਪਹਿਲੂ







ਉਪਰ : ਕਾ: ਸਤਪਾਲ ਡਾਂਗ ਨਾਲ ਦੁੱਖ ਸਾਂਝਾ ਕਰਦੇ ਹੋਏ ਸੀ. ਪੀ. ਆਈ. ਦੇ ਜਨਰਲ ਸਕੱਤਰ ਕਾ. ਏ. ਬੀ. ਬਰਧਨ, ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਬੀਬੀ ਮਹਿੰਦਰ ਸਾਂਬਰ, ਬੀਬੀ ਗੁਰਦੇਵ ਮਲਹੋਤਰਾ ਅਤੇ ਹੋਰ




☜ 23 ਮਈ ਨੂੰ ਕਾ: ਵਿਮਲਾ ਡਾਂਗ ਦੀ ਯਾਦ ਵਿਚ ਹੋਏ ਸ਼ੋਕ ਸਮਾਗਮ ਸਮੇਂ ਮੰਚ ਤੇ ਬੈਠੇ ਆਗੂ




ਸ਼ੋਕ ਸਮਾਗਰਮ ਵਿਚ ਸ਼ਾਮਲ ਸਾਥੀਆਂ ਦਾ ਇਕ ਹਿੱਸਾ



# ਵਿਮਲਾ ਜੀ ਨੂੰ ਮੇਰਾ ਲੱਖ-ਲੱਖ ਪ੍ਰਣਾਮ

ਵਿਮਲਾ ਡਾਂਗ ਨਾਲ ਮੇਰੀ ਪਹਿਲੀ ਵਾਕਫੀਅਤ ਮੇਰੇ ਪਿਤਾ ਜੀ (ਦਿੱਲੀ ਕਮਿਊਨਿਸਟ ਪਾਰਟੀ ਦੇ ਮੋਢੀਆਂ ਵਿਚੋਂ ਇਕ ਕਮਿਊਨਿਸਟ ਆਗੂਕਾ. ਦੀਵਾਨ ਸਿੰਘ—ਸੰਪਾਦਕ) ਦੀ ਜ਼ੁਬਾਨੀ ਹੋਈ ਸੀ। ਪਿਤਾ ਜੀ ਕਾ. ਵਿਮਲਾ ਡਾਂਗ ਅਤੇ ਕਾ. ਸਤਪਾਲ ਡਾਂਗ ਦਾ ਨਾਂਅ ਬਹੁਤ ਆਦਰ ਨਾਲ ਲੈਂਦੇ ਸਨ। ਵਿਮਲਾ ਡਾਂਗ ਚੰਗੀ ਵਕਤਾ, ਸੰਗਰਾਮੀਆ ਔਰਤ ਅਤੇ ਸੁਯੋਗ ਜਥੇਬੰਦਕ ਹੈ, ਮੇਰੇ ਪਿਤਾ ਜੀ ਨੇ ਉਹਨਾਂ ਬਾਰੇ ਦਸਿਆ ਸੀ, ਜਦੋਂ ਮੈਂ ਹਾਲੇ ਸਕੂਲ ਦੀ ਵਿਦਿਆਰਥੀ ਸਾਂ।

ਮੇਰੀ ਉਹਨਾਂ ਨਾਲ ਪਹਿਲੀ ਮੁਲਾਕਾਤ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਅੰਦੋਲਨ ਵਿਚ ਮੇਰੀ ਸਰਗਰਮੀ ਵਧਣ ਮਗਰੋਂ ਹੋਈ। ਭਾਰਤੀ ਮਹਿਲਾ ਫੈਡਰੇਸ਼ਨ ਵਲੋਂ ਉਹਨੀਂ ਦਿਨੀਂ ਬਲਾਤਕਾਰ ਵਿਰੋਧੀ ਕਾਨੂੰਨ ਨੂੰ ਤਰਮੀਮ ਕਰਕੇ ਸਖਤ ਬਣਾਉਣ ਲਈ ਅੰਦੋਲਨ ਚਲ ਰਿਹਾ ਸੀ। ਖਾਸ ਕਰਕੇ ਇਸ ਪਿਛੋਕੜ ਵਿਚ ਕਿ ਮਥਰਾ ਨਾਂਅ ਦੀ ਮਹਾਂਰਾਸ਼ਟਰ ਦੀ ਇਕ ਨਾਬਾਲਗ ਬੱਚੀ ਨਾਲ ਪੁਲਿਸ ਸਟੇਸ਼ਨ ਵਿਚ ਪੁਲਿਸ ਵਾਲਿਆਂ ਵਲੋਂ ਕੁਕਰਮ ਦਾ ਮਾਮਲਾ ਹੇਠਲੀਆਂ ਅਦਾਲਤਾਂ ਵਿਚੋਂ ਹੁੰਦਾ ਹੋਇਆ ਸੁਪਰੀਮ ਕੋਰਟ ਤਕ ਪਹੁੰਚਿਆ ਅਤੇ ਪੁਲਿਸ ਮੁਲਾਜ਼ਮਾਂ ਨੂੰ ਰਿਹਾਅ ਕਰ ਦਿਤਾ ਗਿਆ ਸੀ। ਇਸ ਪਿਛੋਕੜ ਵਿਚ ਇਹ ਅੰਦੋਲਨ ਸੀ ਅਤੇ ਮੈਂ ਆਪਣੇ ਵਿਦਿਆਰਥੀ ਸਾਥੀਆਂ ਨਾਲ ਇਸ ਵਿਚ ਸਰਗਰਮ ਹਿੱਸਾ ਲੈ ਰਹੀ ਸੀ। ਮਹਿਲਾ ਫੈਡਰੇਸ਼ਨ ਨੇ ਇਕ ਕੌਮੀ ਸੈਮੀਨਾਰ ਆਯੋਜਿਤ ਕੀਤਾ ਸੀ। ਜਿਸ ਵਿਚ ਵਿਮਲਾ ਡਾਂਗ ਵੀ ਪਹੁੰਚੀ ਸੀ। ਇਹ 197●ਵਿਆਂ ਦੇ ਮਧ ਦੀ ਗੱਲ ਹੈ। ਮੈਨੂੰ ਉਹਨਾਂ ਨੂੰ ਸੁਣਨ ਦਾ ਮੌਕਾ ਮਿਲਿਆ ਸੀ ਅਤੇ ਫਿਰ ਇਸ ਮੁੱਦੇ ਉਤੇ ਮੇਰੇ ਵਿਚਾਰਾਂ ਤੇ ਉਹਨਾਂ ਵਲੋਂ ਟਿਪਣੀ ਅਤੇ ਹਲਾ-ਸ਼ੇਰੀ ਵੀ ਮਿਲੀ। ਉਸ ਸਮੇਂ ਤੋਂ ਲੈ ਕੇ ਬਾਅਦ ਦੇ ਬਹੁਤ ਸਾਲਾਂ ਤਕ ਜੋ ਵੀ ਅਨੁਭਵ ਮੇਰੇ ਉਹਨਾਂ ਦੇ ਨਾਲ ਮੀਟਿੰਗਾਂ ਵਿਚ ਕੰਮ ਦੇ ਦੌਰਾਨ ਅਤੇ ਅੰਦੋਲਨਾਂ ਵਿਚ ਹੋਏ ਮੇਰਾ ਬੇਸ਼ਕੀਮਤੀ ਖਜ਼ਾਨਾ ਹਨ। ਉਹ ਨੌਜਵਾਨਾਂ ਨੂੰ ਟੁੰਬਦੀ ਸੀ। ਮੇਰੀਆਂ ਕਈ ਯਾਦਾਂ ਹਨ ਜੋ ਦਰਸਾਉਂਦੀਆਂ ਹਨ ਕਿ ਉਹ ਨੌਜਵਾਨਾਂ ਨੂੰ ਗਲਤੀਆਂ ਸੁਧਾਰਨ ਦਾ ਮੌਕਾ ਦਿੰਦੇ ਹੋਏ ਉਹਨਾਂ ਨੂੰ ਨਿਰਉਤਸ਼ਾਹਤ ਨਹੀਂ ਹੋਣ ਦਿੰਦੀ ਸੀ।

ਫੈਡਰੇਸ਼ਨ ਦੀਆਂ ਮੀਟਿੰਗਾਂ ਵਿਚ ਕਈ ਵਾਰ ਉਹਨਾਂ ਮੇਰੇ ਦ੍ਰਿਸ਼ਟੀਕੋਣ ਉਤੇ ਜੇ ਕਿਸੇ ਸੀਨੀਅਰ ਸਾਥੀ ਤਿੱਖੀ ਟਿੱਪਣੀ ਕੀਤੀ ਹੁੰਦੀ ਸੀ ਤਾਂ ਉਹ ਤੁਰੰਤ ਉਸਦਾ ਜਵਾਬ ਦਿੰਦੇ ਹੋਏ ਸਹੀ ਅਤੇ ਗਲਤ ਬਾਰੇ ਆਪਣੀ ਰਾਇ ਦੇਣ ਦੇ ਨਾਲ-ਨਾਲ ਆਪਣੀਆਂ ਸਾਥੀ ਆਗੂਆਂ ਦੀ ਨੁਕਤਾਚੀਨੀ ਕਰਦੀ ਕਿ ਉਹ ਨੌਜਵਾਨ ਮੈਂਬਰਾਂ ਨੂੰ ਨਾ ਦਬਾਉਣ ਤੇ ਨਾ ਹੀ ਨਿਰ-ਉਤਸ਼ਾਹਤ ਕਰਨ ਕਿਉਂਕਿ ਸੰਗਠਨ ਦੇ ਵਿਕਾਸ ਲਈ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ। ਉਹਨਾਂ ਦਾ ਵਰਤਾਓ ਮਾਨਵੀ ਅਤੇ ਅਪੱਣਤ ਵਾਲਾ ਹੁੰਦਾ ਸੀ। ਆਮ ਲੋਕਾਂ ਦੇ ਸਵਾਲਾਂ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਦੀ ਦੁਰਦਸ਼ਾ ਉਤੇ ਉਹ ਬਹੁਤ ਜਲਦੀ ਭਾਵੁਕ ਹੋ ਜਾਂਦੇ ਸਨ। ਉਹਨਾਂ ਦਾ ਇਹ ਮਮਤਾਪੂਰਣ ਵਿਹਾਰ ਅਤੇ ਭਾਵੁਕਤਾ ਮੈਂ ਜਨਤਕ ਜਲਸਿਆਂ ਵਿਚ ਉਹਨਾਂ ਦੇ ਭਾਸ਼ਣਾਂ ਵਿਚ ਵੀ ਮਹਿਸੂਸ ਕੀਤੇ।

ਕਦੇ ਨਾ ਥੱਕਣ ਵਾਲੀ ਅਤੇ ਹਮੇਸ਼ਾ ਲਗਾਤਾਰ ਕੰਮ ਵਿਚ ਜੁਟੀ ਰਹਿਣ ਵਾਲੀ ਵਿਮਲਾ ਡਾਂਗ ਨੌਜਵਾਨਾਂ ਲਈ ਪ੍ਰੇਰਨਾਮਈ ਮਿਸਾਲ ਸੀ। ਉਹਨਾਂ ਦੀ ਜ਼ਿੰਦਗੀ ਦੇ ਬਹੁਤ ਸਾਰੇ ਪਹਿਲੂਆਂ ਬਾਰੇ ਅੱਡ-ਅੱਡ ਅਧਿਆਏ ਹੋ ਸਕਦੇ ਹਨ। ਮੈਂ ਇਥੇ ਪੰਜਾਬ ਵਿਚ ਦਹਿਸ਼ਤਗਰਦੀ ਦੌਰਾਨ ਅਤੇ ਉਸ ਮਗਰੋਂ ਉਹਨਾਂ ਵਲੋਂ ਕੀਤੇ ਗਏ ਪ੍ਰਸੰਸਾਯੋਗ ਜਤਨਾਂ ਦਾ ਜ਼ਿਕਰ ਜ਼ਰੂਰ ਕਰਾਂਗੀ। ਵਿਮਲਾ ਡਾਂਗ ਜੀ ਦਹਿਸ਼ਤਗਰਦਾਂ ਹਥੋਂ ਪੀੜਤ ਜਾਂ ਦਹਿਸ਼ਤਗਰਦੀ ਵਿਰੁਧ ਐਕਸ਼ਨ ਨਾਲ ਪੀੜਤ ਪਰਿਵਾਰਾਂ ਦੇ ਬੱਚਿਆਂ ਦੇ ਪੁਨਰਵਾਸ ਦੀ ਮੁਹਿਮ ਲੈ ਕੇ ਚਲ ਪਏ ਸਨ। ਮੈਨੂੰ ਉਹਨਾਂ ਅਨਾਥ ਬੱਚਿਆਂ ਲਈ ਕੰਮ ਕਰਦੀਆਂ ਸੰਸਥਾਵਾਂ ਦੀ ਜਾਣਕਾਰੀ ਹਾਸਲ ਕਰਨ ਨੂੰ ਕਿਹਾ, ਖਾਸ ਕਰਕੇ ਉਹਨਾ ਨੂੰ ਕਿਸੇ ਨੇ "ਐਸ ਓ ਐਸ ਪਿੰਡ" ਬਾਰੇ ਦਸਿਆ ਸੀ। ਵਿਮਲਾ ਜੀ ਸਿਧੀ ਜਾਣਕਾਰੀ ਬਿਨਾਂ ਅਤੇ ਪੂਰੀ ਤਸੱਲੀ ਬਿਨਾਂ ਕਿਸੇ ਨੂੰ ਬੱਚੇ ਸੌਂਪਣ ਲਈ ਤਿਆਰ ਨਹੀਂ ਸਨ। ਉਹਨਾਂ ਮੈਨੂੰ ਖੁਦ ਜਾ ਕੇ ਛਾਣਬੀਨ ਕਰਨ ਨੂੰ ਕਿਹਾ; ਸੰਸਥਾ ਦੇ ਮੁਖੀ ਨੂੰ ਮਿਲ ਕੇ ਅਤੇ ਬੱਚਿਆਂ ਦੀ ਪੜ੍ਹਾਈ, ਪਾਲਣ-ਪੋਸਣ ਅਤੇ ਭਵਿੱਖ ਆਦਿ ਸਭ ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਕਰਨ ਨੂੰ ਕਿਹਾ। ਮੈਂ ਜਦੋਂ ਤਕ ਦੋ ਵਾਰ ਆਪ ਉਸ ਸੰਸਥਾ ਵਿਚ ਜਾ ਕੇ, ਸੰਸਥਾ ਦੇ ਕੰਮਕਾਜ ਨੂੰ ਸਮਝਕੇ ਉਥੇ ਭਰਤੀ ਹੋਏ ਬੱਚਿਆਂ ਤੇ ਉਹਨਾਂ ਲੋਕਾਂ ਤੋਂ ਜੋ ਬਚਪਨ ਵਿਚ ਉਥੇ ਆਏ ਸਨ, ਫਿਰ ਉਥੇ ਹੀ ਪਾਲੇ-ਪੋਸੇ, ਪੜ੍ਹਾਏ ਤੇ ਵਿਗਸੇ ਗਏ ਸਨ ਤੇ ਹੁਣ ਜ਼ਿੰਦਗੀ ਕਾਮਯਾਬੀ ਨਾਲ ਤੋਰ ਰਹੇ ਸਨ, ਨੂੰ ਮਿਲਕੇ ਖੁਦ ਤਸੱਲੀ ਕਰਕੇ ਵਿਮਲਾ ਡਾਂਗ ਜੀ ਨੂੰ ਵਿਸਥਾਰਪੂਰਵਕ ਚਿੱਠੀ ਨਾ ਲਿਖ ਦਿਤੀ ਅਤੇ ਫਿਰ ਆਮੋ-ਸਾਹਮਣੇ ਬਹਿ ਕੇ ਉਹਨਾਂ ਦੀ ਤਸੱਲੀ ਨਹੀਂ ਕਰਵਾ ਦਿਤੀ, ਉਦੋਂ ਤਕ ਉਹਨਾਂ ਬੱਚੇ ਸੰਸਥਾ ਦੇ ਹਵਾਲੇ ਕਰਨ ਦੇ ਫੈਸਲੇ ਨੂੰ ਲਟਕਾਈ ਰਖਿਆ। ਹਾਲਾਂਕਿ ਉਹਨਾਂ ਮਹਿਲਾ ਫੈਡਰੇਸ਼ਨ ਦੇ ਕੇਂਦਰ ਨੂੰ ਵੀ ਲਿਖਿਆ ਅਤੇ ਜਾਣਕਾਰੀ ਮੰਗੀ ਸੀ ਪਰ ਇਸ ਨਾਲੋਂ ਵੀ ਵਧ ਉਹਨਾਂ ਨੂੰ ਸੰਸਥਾ ਦੇ ਹਾਲਾਤ ਬਾਰੇ ਨਿਜੀ ਤੌਰ ਤੇ ਜਾ ਕੇ ਅੱਖੀਂ ਵੇਖੀ ਜਾਣਕਾਰੀ ਚਾਹੀਦੀ ਸੀ ਤਾਂ ਜੋ ਉਹ ਬੱਚਿਆਂ ਦੀ ਜ਼ਿੰਦਗੀ ਤੇ ਭਵਿੱਖ ਨਾਲ ਸੰਬੰਧਤ ਅਹਿਮ ਫੈਸਲਾ ਕਰ ਸਕਣ। ਪ੍ਰਤੱਖ ਹੈ ਕਿ ਉਹ ਜਿਸ ਵੀ ਕੰਮ ਨੂੰ ਹੱਥ ਪਾਉਂਦੇ ਸਨ ਉਹਨੂੰ ਬਹੁਤ ਵਿਉਂਤਬੱਦ ਤਰੀਕੇ ਅਤੇ ਪੂਰੀ ਲਗਨ ਨਾਲ ਕਰਦੇ ਸਨ। ਉਹਨਾਂ ਦੇ ਇਹ ਗੁਣ ਮੈਨੂੰ ਬਹੁਤ ਪ੍ਰਭਾਵਤ ਕਰਦੇ ਸਨ।

ਉਹਨਾਂ ਨੇ ਬਹੁਤ ਸਾਰੇ ਬੱਚਿਆਂ ਨੂੰ 'ਐਸ.ਓ.ਐਮ. ਪਿੰਡ' ਵਿਚ ਦਾਖਲਾ ਦੁਆਇਆ ਅਤੇ ਪੰਜਾਬ ਵਿਚ ਵੀ ਅਜਿਹਾ ਕੇਂਦਰ ਖੁਲ੍ਹੇ ਇਸਦੇ ਲਈ ਵਿਮਲਾ ਜੀ ਦੇ ਸੰਸਥਾ ਯਤਨਾਂ ਦਾ ਖਾਕਾ ਬਣਾਇਆ।



ਅਮਰਜੀਤ ਕੌਰ

ਵਿਮਲਾ ਜੀ ਚਿੱਠੀ ਲਿਖਣ ਵਿਚ ਕਦੇ ਆਲਸ ਨਹੀ ਕਰਦੇ ਸਨ, ਜਿਥੇ ਉਹਨਾਂ ਦੀ ਇਸ ਆਦਤ ਦੀ ਮੈਂ ਸਹਾਰਨਾ ਕਰਦੀ ਹਾਂ ਉਥੇ ਨਾਲ ਹੀ ਆਪਣੀ ਕਮਜ਼ੋਰੀ ਮੰਨਦੀ ਹਾਂ ਕਿ ਚਾਹੁੰਦੀ ਹੋਈ ਵੀ ਮੈਂ ਇਹਨੂੰ ਖੁਦ ਅਪਣਾਉਣ ਵਿਚ ਅਸਫਲ ਰਹੀ। ਸ਼ਾਇਦ ਸਾਡੀ ਪੀੜ੍ਹੀ ਟੈਲੀਫੋਨ ਦੇ ਮਾਧਿਅਮ ਰਾਹੀਂ ਗੱਲਬਾਤ ਨੂੰ ਵਧੇਰੇ ਮਾਨਤਾ ਦਿੰਦੀ ਹੈ। ਪਰ ਉਹਨਾਂ ਦੀਆਂ ਚਿਠੀਆਂ ਵਿਚ ਜੋ ਅੱਪਣਤ ਹੁੰਦੀ ਸੀ, ਮਜ਼ਬੂਤੀ ਨਾਲ ਪੇਸ਼ ਕੀਤਾ ਦ੍ਰਿਸ਼ਟੀਕੋਣ ਹੁੰਦਾ ਸੀ, ਉਹ ਕੁਝ ਹੋਰ ਕਰਨ ਦੀ ਪ੍ਰੇਰਨਾ ਦਿੰਦਾ ਸੀ। ਜਦੋਂ ਕਿ ਟੈਲੀਫੋਨ ਰਾਹੀਂ ਹੋਈ ਸਿਧੀ ਗੱਲਬਾਤ ਸ਼ਾਇਦ ਏਨੀ ਟੁੰਬਵੀਂ ਨਹੀਂ ਹੁੰਦੀ।

ਉਹਨਾਂ ਮੈਨੂੰ ਭਾਰਤੀ ਮਹਿਲਾ ਫੈਡਰੇਸ਼ਨ ਦੀ ਕੌਮੀ ਜ਼ਿੰਮੇਵਾਰੀ ਲੈਣ ਲਈ ਬਹੁਤ ਵਾਰ ਸਮਝਾਇਆ, ਮੇਰੇ ਮਨ੍ਹਾ ਕਰਨ ਦੇ ਬਾਵਜੂਦ ਉਹ ਇਸ ਵਿਸ਼ੇ ਤੇ ਮੇਰੇ ਨਾਲ ਚਰਚਾ ਕਰਦੇ ਹੀ ਰਹਿੰਦੇ ਸਨ। ਫਿਰ ਜਦੋਂ ਹਾਲਾਤ ਅਜਿਹੇ ਬਣ ਗਏ ਕਿ ਮੈਨੂੰ ਜ਼ਿੰਮੇਵਾਰੀ ਲਣੀ ਹੀ ਪਈ ਤਾਂ ਸਭ ਤੋਂ ਪਹਿਲਾਂ ਉਹਨਾਂ ਮੇਰੇ ਨਾਲ ਸੰਪਰਕ ਕੀਤਾ ਅਤੇ ਕਿੰਨੀਆਂ ਹੀ ਚੰਗੇਰੇ ਕੰਮ ਲਈ ਰਾਅਵਾਂ ਦਿਤੀਆਂ। ਉਹ ਬਹੁਤ ਖੁਸ਼ ਸਨ ਅਤੇ ਚਾਹੁੰਦੇ ਸਨ ਕਿ ਮੈਂ ਇਸਤਰੀ ਲਹਿਰ ਨੂੰ ਹੀ ਜ਼ਿਆਦਾ ਸਮਾਂ ਦੇਵਾਂ। ਮੈਂ ਉਹਨਾਂ ਦੀ ਇੱਛਾ ਨਹੀਂ ਪੂਰੀ ਕਰ ਸਕੀ ਅਤੇ ਟਰੇਡ ਯੂਨੀਅਨ ਲਹਿਰ ਨੂੰ ਹੀ ਜ਼ਿਆਦਾ ਸਮਾਂ ਦੇਣ ਦੀ ਜ਼ਰੂਰਤ ਨੂੰ ਮੈਂ ਜ਼ਿਆਦਾ ਧਿਆਨ ਦਿਤਾ। ਵਿਮਲਾ ਜੀ ਮੰਨਦੇ ਸਨ ਕਿ ਮੈਂ ਮਜ਼ਦੂਰ ਲਹਿਰ ਵਿਚ ਸਰਗਰਮ ਰਹਿੰਦਿਆਂ ਹੋਇਆਂ ਵੀ ਇਸਤਰੀ ਅੰਦੋਲਨ ਵਿਚ ਬਹੁਤ ਯੋਗਦਾਨ ਪਾ ਸਕਦੀ ਹਾਂ, ਤੇ ਇਸਦੀ ਉਹਨਾਂ ਹਮੇਸ਼ਾਂ ਮੇਰੇ ਕੋਲੋਂ ਆਸ ਰਖੀ।

ਵਿਮਲਾ ਜੀ ਹਰ ਕੰਮ ਪੂਰੀ ਲਗਨ ਨਾਲ ਸਮਰਪਿਤ ਹੋ ਕੇ ਕਰਦੇ ਸਨ। ਇਹ ਉਹਨਾਂ ਦੀ ਵਿਧਾਨ ਸਭਾ ਵਿਚ ਸਫਲ ਅਤੇ ਯਾਦਗਾਰੀ ਕਾਰਕਰਦਗੀ ਤੋਂ ਵੀ ਪ੍ਰਤੱਖ ਨਜ਼ਰ ਪੈਂਦਾ ਹੈ।

ਵਿਮਲਾ ਜੀ ਨੇ ਕਈ ਮਿਸ਼ਨਪੂਰਣ ਸੰਸਥਾਵਾਂ ਕਾਇਮ ਕੀਤੀਆਂ ; ਸੱਚੀ ਗੱਲ ਤਾਂ ਇਹ ਹੈ ਕਿ ਵਿਮਲਾ ਜੀ ਖੁਦ ਆਪਣੇ ਆਪ ਵਿਚ ਹੀ ਇਕ ਜਿਉਂਦੀ-ਜਾਗਦੀ ਸੰਸਥਾ ਸਨ—ਇਸਟੀਚੂਸ਼ਨ।

ਵਿਮਲਾ ਜੀ ਦੇ ਜਾਣ ਨਾਲ ਇਕ ਵਾਰ ਫਿਰ ਇਕ ਹੋਰ ਥੰਮ੍ਹ ਗਿਰ ਗਿਆ ਹੈ, ਉਸ ਪੀੜ੍ਹੀ ਦਾ ਜਿਸਨੇ ਜਵਾਨੀ ਵੇਲੇ ਅੰਗਰੇਜ਼ੀ ਹਕੂਮਤ ਨੂੰ ਵੰਗਾਰਿਆ ਅਤੇ ਆਜ਼ਾਦ ਭਾਰਤ ਦੇ ਸੁਪਨੇ ਨੂੰ ਹਾਸਲ ਕੀਤਾ ਅਤੇ ਫਿਰ ਉਸ ਭਾਰਤ ਦੇ ਨਿਰਮਾਣ ਵਿਚ ਅਤੇ ਉਸ ਵਿਚ ਲੁਟ-ਖਸੁੱਟ-ਰਹਿਤ ਨਜ਼ਾਮ ਦੀ ਕਾਇਮੀ ਲਈ ਸੰਘਰਸ਼ ਨੂੰ ਅਗੇ ਵਧਾਉਣ ਦੀ ਆਪਣੀ ਪਾਰੀ ਖੇਡਦੇ ਹੋਏ ਕਈ ਪੀੜ੍ਹੀਆਂ ਨੂੰ ਪ੍ਰਭਾਵਤ ਕੀਤਾ ਅਤੇ ਉਹ ਵਿਰਾਸਤ ਪਿਛੇ ਛੱਡੀ ਜੋ ਸਾਡੇ ਦੇਸ ਦਾ ਬਹੁਮੁਲਾ ਖਜ਼ਾਨਾ ਹੈ, ਗਰੀਬ, ਲੁਟੇ-ਪੁਟਿਆਂ, ਮਜਬੂਰਾਂ, ਮੁਫਲਿਸਾਂ, ਮਿਹਨਤਕਸ਼ਾਂ ਦਾ ਖਜ਼ਾਨਾ।

ਵਿਮਲਾ ਜੀ ਦੀ ਲੋਕਾਂ, ਸਮਾਜ ਤੇ ਦੇਸ਼ ਨੂੰ ਸਮਰਪਿਤ ਰਹੀ ਜ਼ਿੰਦਗੀ ਨੂੰ ਅਤੇ ਸੰਘਰਸ਼ ਨੂੰ ਮੇਰਾ ਲੱਖ-ਲੱਖ ਪ੍ਰਣਾਮ! -●-


ਸਪਤਾਹਿਕ ਸਾਡਾ ਜੁਗ
*********
ਸੰਪਾਦਕੀ ਬੋਰਡ:
ਜੋਗਿੰਦਰ ਦਿਆਲ
ਭੂਪਿੰਦਰ ਸਾਂਬਰ
ਜਗਰੂਪ ਸਿੰਘ
ਗੁਰਨਾਮ ਕੰਵਰ
*********
ਪਤਾ :
ਸਪਤਾਹਿਕ ਸਾਡਾ ਜੁਗ
345, 21 ਏ, ਚੰਡੀਗੜ੍ਹ
*********
ਸਾਲਾਨਾ ਚੰਦਾ 100 ਰੁਪਏ
*********
ਛਾਪਕ :
ਸਾਥੀ ਭੁਪਿੰਦਰ ਸਾਂਬਰ ਨੇ ਪ੍ਰੇਰਨਾ ਪ੍ਰਿੰਟਿੰਗ ਪ੍ਰੈਸ ਮੁਹਾਲੀ, ਤੋਂ ਛਪਵਾ ਕੇ ਪੰਜਾਬ ਸੂਬਾ ਕੌਂਸਲ ਸੀ ਪੀ ਆਈ ਵਾਸਤੇ, 345, ਸੈਕਟਰ 21-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

ਫੋਨ : (0172)-2703446
ਫੈਕਸ : (0172)-2707553

# ਮੇਰੀ ਦੋਸਤ, ਮੇਰੀ ਸਾਥਣ, ਮੇਰੀ ਆਗੂ–ਵਿਮਲਾ ਡਾਂਗ

- ਓਸ਼ਿਮਾ ਰੇਖੀ -

ਵਿਮਲਾ ਡਾਂਗ, ਜੋ ਉਹਨੀ ਦਿਨੀ ਵਿਮਲਾ ਬਕਾਇਆ ਹੁੰਦੀ ਸੀ, ਅਤੇ ਮੈਂ ਆਜ਼ਾਦੀ ਦੇ ਘੋਲ ਸਮੇਂ ਲਾਹੌਰ ਇਕੱਠਿਆਂ ਏ. ਆਈ. ਐਸ.ਐਫ. ਅਤੇ ਸੀ.ਪੀ.ਆਈ. ਵਿਚ ਕੰਮ ਕਰਦੀਆਂ ਸਾਂ। ਮੈਂ ਇਸ ਜੋਸ਼ ਭਰਪੂਰ ਸੁਨੱਖੀ ਕਸ਼ਮੀਰੀ ਕੁੜੀ ਨੂੰ 1943 ਵਿਚ ਮਿਲੀ ਸਾਂ। ਵਿਮਲਾ ਪੜ੍ਹਾਈ ਵਿਚ ਹੁਸ਼ਿਆਰ ਸੀ, ਜੋ ਉਸਨੂੰ ਆਖਰ ਅੰਗਰੇਜ਼ੀ ਦੀ ਐਮ.ਏ. ਤਕ ਲੈ ਗਈ। ਵਿਮਲਾ ਦੀ ਆਵਾਜ਼ ਬੜੀ ਮਿੱਠੀ ਅਤੇ ਜਾਨਦਾਰ ਸੀ ਅਤੇ ਉਹ ਉਸ ਵੇਲੇ ਪ੍ਰਚਲਤ ਸਭ ਦੇਸ਼ਭਗਤ ਗੀਤ ਏਨੇ ਜਜ਼ਬੇ ਨਾਲ ਗਾਇਆ ਕਰਦੀ ਸੀ ਕਿ ਸਰੋਤਿਆਂ ਨੂੰ ਦਿਲ ਦੀਆਂ ਡੂੰਘਾਈਆਂ ਤਕ ਹਲੂਣ ਦਿੰਦੇ। ਸ਼ੀਲਾ ਭਾਟੀਆ ਦੀ ਨਿਰਦੇਸ਼ਨਾ ਹੇਠ ਵਿਮਲਾ ਇਪਟਾ ਲਾਹੌਰ ਵਲੋਂ ਕਰਵਾਏ ਡਰਾਮਿਆਂ ਤੇ ਸਕਿਟਾਂ ਵਿਚ ਸ਼ਾਨਦਾਰ ਭੂਮਿਕਾ ਨਿਭਾਇਆ ਕਰਦੀ ਸੀ।

ਗਲੀਆਂ-ਬਾਜ਼ਾਰਾਂ ਵਿਚ ਪਾਰਟੀ ਅਖਬਾਰਾਂ ਵੇਚਣ ਅਤੇ ਕੰਧਾਂ ਤੇ ਪਾਰਟੀ ਇਸ਼ਤਿਹਾਰ ਲਾਉਣ ਦੇ ਰੁਟੀਨ ਕੰਮ ਦੇ ਨਾਲ-ਨਾਲ ਉਹ ਲੜਕੀਆਂ ਦੇ ਕਨਾਰਡ ਕਾਲਜ, ਜਿਥੇ ਉਹ ਪੜ੍ਹਦੀ ਸੀ, ਵਿਚ ਵਿਦਿਆਰਥੀਆਂ ਦੇ ਸਟੱਡੀ ਸਰਕਲ ਵੀ ਲਾਉਂਦੀ ਸੀ ਅਤੇ ਬਰੈਡਲੇ ਹਾਲ ਵਿਚ ਹੋਣ ਵਾਲੀਆਂ ਏ.ਆਈ.ਐਸ.ਐਫ. ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਣ ਲਈ ਵਿਦਿਆਰਥੀਆਂ ਨੂੰ ਲਾਮਬੰਦ ਵੀ ਕਰਦੀ ਸੀ।

ਆਜ਼ਾਦੀ ਪ੍ਰਾਪਤੀ ਤੇ ਮੁਲਕ ਦੀ ਵੰਡ ਪਿਛੋਂ ਵਿਮਲਾ ਅਤੇ ਸਤਪਾਲ ਡਾਂਗ ਨੂੰ ਮੈਂ ਛੇਹਰਟਾ ਵਿਚ ਮਿਲੀ ਜਿਥੇ ਉਹ ਮਜ਼ਦੂਰ ਬਸਤੀ ਵਿਚ ਕੱਚੇ ਫਰਸ਼ ਵਾਲੇ ਇਕ ਕਮਰੇ ਵਿਚ ਰਹਿਣ ਲਗ ਪਏ ਸਨ। ਵਿਮਲਾ ਨੇ ਮੈਨੂੰ ਦਸਿਆ ਕਿ ਉਹ ਕਮਰੇ ਨੂੰ ਠੀਕ-ਠਾਕ ਰੱਖਣ ਲਈ ਮਹੀਨੇ ਵਿਚ ਇਕ ਵਾਰ ਇਸਦੇ ਫਰਸ਼ ਨੂੰ ਗਾਂ ਦੇ ਗੋਬਰ ਨਾਲ ਲਿਪਦੀ ਹੈ। ਇਸੇ ਕਾਰਨ ਕਮਰਾ ਗਰਮੀਆਂ ਵਿਚ ਕੁਝ ਠੰਡਾ ਅਤੇ ਸਰਦੀਆਂ ਵਿਚ ਕੁਝ ਨਿੱਘਾ ਰਹਿੰਦਾ ਹੈ। ਉਹਨੇ ਮੈਨੂੰ ਭਰੇ ਹੋਏ ਗਲੇ ਨਾਲ ਇਹ ਵੀ ਦਸਿਆ ਕਿ ਉਹਨਾਂ (ਡਾਂਗ ਜੋੜੀ ਨੇ) ਨਿਸ਼ਚਾ ਕੀਤਾ ਹੈ ਕਿ ਕੋਈ ਬੱਚਾ ਪੈਦਾ ਨਹੀਂ ਕਰਨਗੇ ਕਿਉਂਕਿ ਨਹੀਂ ਤਾਂ ਪਾਰਟੀ ਕੰਮ ਪ੍ਰਤੀ ਉਹਨਾਂ ਦੇ ਮੁਕੰਮਲ ਸਮਰਪਣ ਤੋਂ ਧਿਆਨ ਪਾਸੇ ਹਟ ਜਾਇਆ ਕਰੇਗਾ। ਮੈਂ ਤਿੰਨ ਵਾਰ ਉਹਨਾਂ ਦੀ ਮੁਹਿੰਮ ਵਿਚ ਮਦਦ ਕਰਨ ਗਈ, ਦੋ ਵਾਰ ਸਤਪਾਲ ਨੇ ਅਤੇ ਇਕ ਵਾਰ ਜਦੋਂ ਵਿਮਲਾ ਨੇ ਵਿਧਾਨ ਸਭਾ ਦੀ ਚੋਣ ਲੜੀ ਅਤੇ ਜਿੱਤੇ ਸਨ। ਲੋਕਾਂ ਦੇ ਉਹਨਾਂ ਪ੍ਰਤੀ ਪਿਆਰ, ਸਤਿਕਾਰ, ਭਰੋਸੇ ਅਤੇ ਸਮਰਥਨ ਨੂੰ ਵੇਖ ਕੇ ਮੈਂ ਸਗਵੀਂ ਦੀ ਸਗਵੀਂ ਹਲੂਣੀ ਗਈ ਸਾਂ। ਛੇਹਰਟਾ ਦੇ ਲਗਭਗ ਹਰ ਘਰ ਦਾ ਉਹਨਾਂ ਦੀ ਫੋਟੋ ਸ਼ਿੰਗਾਰ ਬਣੀ ਹੋਈ ਸੀ।

1965 ਵਿਚ ਇਸਦੇ ਜਨਮ ਤੋਂ ਲੈ ਕੇ ਪੰਜਾਬ ਇਸਤਰੀ ਸਭਾ ਵਿਚ ਅਸੀਂ ਇਕੱਠਿਆਂ ਕੰਮ ਕੀਤਾ ਹੈ। ਸਭਾ ਦੀ ਜਨਰਲ ਸਕੱਤਰ ਵਜੋਂ ਵਿਮਲਾ ਨੇ ਇਸਦੇ ਸ਼ਕਤੀਸ਼ਾਲੀ ਜ਼ਿਲਾ ਅਤੇ ਸਥਾਨਕ ਕੇਂਦਰ ਉਸਾਰੇ ਅਤੇ ਇਸਤਰੀ ਕਾਡਰ ਨੂੰ ਟਰੇਂਡ ਕੀਤਾ ਜੋ ਆਪਣੇ ਕੰਮ ਸਦਕਾ ਸਥਾਨਕ ਲੋਕਾਂ ਦੀਆਂ ਜਨਤਕ ਆਗੂ ਬਣ ਗਈਆਂ। ਟੀਮ ਵਰਕ ਅਤੇ ਜਮਹੂਰੀ ਫੰਕਸ਼ਨਿੰਗ ਉਤੇ ਉਸ ਦਾ ਜ਼ੋਰ ਬੜਾ ਉਘੜਵਾਂ ਹੁੰਦਾ ਸੀ। ਇਸਤਰੀਆਂ, ਖਾਸ ਕਰਕੇ ਗਰੀਬ ਇਸਤਰੀਆਂ, ਦੱਬੀਆਂ-ਕੁਚਲੀਆਂ ਔਰਤਾਂ ਅਤੇ ਅਸੰਗਠਤ ਖੇਤਰ ਵਿਚ ਕੰਮ ਕਰਦੀਆਂ ਔਰਤਾਂ ਦੇ ਹੱਕਾਂ ਲਈ, ਹਿਤਾਂ ਲਈ ਸੰਘਰਸ਼ ਕਰਦਿਆਂ ਵਿਮਲਾ ਨੇ ਇਸਤਰੀ ਸਭਾ ਨੂੰ ਜਨਤਕ ਆਧਾਰ ਵਾਲੀ ਜਨਤਾ ਵਿਚ ਜੜ੍ਹਾਂ ਵਾਲੀ ਇਸਤਰੀ ਜਥੇਬੰਦੀ ਵਜੋਂ ਉਸਾਰ ਦਿਤਾ। ਉਹਦੀ ਅਗਵਾਈ ਥਲੇ ਪੰਜਾਬ ਇਸਤਰੀ ਸਭਾ ਭਾਰਤੀ ਮਹਿਲਾ ਫੈਡਰੇਸ਼ਨ (ਐਨ.ਐਫ.ਆਈ.ਡਬਲਯੂ.) ਦੀਆਂ ਸਭ ਤੋਂ ਤਾਕਤਵਰ ਇਕਾਈਆਂ ਵਿਚੋਂ ਇਕ ਬਣ ਗਈ। ਜ਼ਿਲਾ ਆਗੂਆਂ ਨਾਲ ਸਭਾ ਦੀ ਕੌਂਸਲ ਮੀਟਿੰਗ ਦੀਆਂ ਤਾਰੀਕਾਂ ਤੈਅ ਕਰਨ ਮਗਰੋਂ ਉਹ ਮੇਰੇ ਕੋਲ ਆਉਂਦੀ ਅਤੇ ਏਜੰਡੇ, ਭਵਿੱਖੀ ਵਿਉਂਤਾਂ ਅਤੇ ਜਥੇਬੰਦਕ ਮੁੱਦਿਆਂ ਬਾਰੇ ਵਿਚਾਰ ਕਰਦੀ।

ਭਾਰਤੀ ਮਹਿਲਾ ਫੈਡਰੇਸ਼ਨ ਦੀ ਕੌਮੀ ਕੌਂਸਲ ਦੀਆਂ ਮੀਟਿੰਗਾਂ ਜਾਂ ਕੌਮੀ ਕਾਨਫਰੰਸਾਂ ਵਿਚ ਵਿਮਲਾ ਪੰਜਾਬ ਦੇ ਡੈਲੀਗੇਸ਼ਨ ਦੇ ਨਾਲ ਹੀ ਠਹਿਰਿਆ ਕਰਦੀ ਸੀ, ਰਾਤ ਨੂੰ ਰੋਜ਼ ਹੀ ਡੈਲੀਗੇਸ਼ਨ ਦੀਆਂ ਮੀਟਿੰਗਾਂ ਕਰਦੀ, ਦਿਨ ਵੇਲੇ ਦੇ ਅਜਲਾਸ ਦੀ ਕਾਰਵਾਈ ਦੀ ਵਿਆਖਿਆ ਕਰਦੀ ਅਤੇ ਅਗਲੇ ਦਿਨ ਦੇ ਏਜੰਡੇ ਉਤੇ ਡੈਲੀਗੇਸ਼ਨ ਦੇ ਮੈਂਬਰਾਂ ਦੀ ਸ਼ਮੂਲੀਅਤ ਲਈ ਤਿਆਰੀ ਕਰਵਾਉਂਦੀ ਸੀ। ਉਹ ਧਿਆਨ ਰੱਖਦੀ ਕਿ ਵਫਦ ਦੇ ਕਿਸੇ ਮੈਂਬਰ ਨੂੰ ਕੋਈ ਮੁਸ਼ਕਲ ਤਾਂ ਨਹੀਂ ਪੇਸ਼ ਆ ਰਹੀ, ਜੇ ਹੁੰਦੀ ਤਾਂ ਉਸਦਾ ਹੱਲ ਕਰਵਾਉਂਦੀ।

ਵਿਮਲਾ ਨੂੰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਉਤੇ ਚੰਗੀ ਮੁਹਾਰਤ ਹਾਸਲ ਸੀ; ਉਹ ਇਸਤਰੀ ਸਭਾ ਦੀਆਂ ਕਾਰਕੁਨਾਂ, ਦੋਸਤਾਂ ਅਤੇ ਰਿਸ਼ਤੇ-ਦਾਰਾਂ ਨੂੰ ਨਿੱਘੀਆਂ ਚਿੱਠੀਆਂ ਲਿਖਦੀ। ਉਹਨਾਂ ਦੇ ਖੁਸ਼ੀ ਤੇ ਗਮੀ ਦੇ ਮੌਕਿਆਂ ਉਤੇ ਉਹ ਜ਼ਰੂਰ ਸ਼ਰਕਤ ਕਰਦੀ, ਜੇ ਆਪ ਨਾ ਜਾ ਸਕਦੀ ਤਾਂ ਚਿੱਠੀ ਜ਼ਿਰੂਰ ਲਿਖਦੀ। ਮੈਨੂੰ ਲਗਭਗ ਹਰ ਹਫਤੇ ਉਹਦੀ ਚਿੱਠੀ ਮਿਲਦੀ। ਚਿੱਠੀਆਂ ਨਿਜੀ ਵੀ ਹੁੰਦੀਆਂ ਅਤੇ ਵਖ-ਵਖ ਮੁਹਾਜਾਂ ਤੇ ਹੋ ਰਹੇ ਕੰਮ ਬਾਰੇ ਵੀ ਹੁੰਦੀਆਂ।

ਪੰਜਾਬ ਦੇ ਦਹਿਸ਼ਤਗਰਦੀ ਦੇ ਸੰਤਾਪ ਸਮੇਂ ਵਿਮਲਾ ਇਸਤਰੀ ਸਭਾ ਦੇ ਕਾਰਕੁਨਾਂ ਦਾ ਗਰੁੱਪ ਲੈ ਕੇ ਦਹਿਸ਼ਤਵਾਦੀਆਂ ਦੇ ਸ਼ਿਕਾਰ ਬਣੇ ਪਰਿਵਾਰਾਂ ਕੋਲ ਪੁਜਣ ਵਾਲੇ ਪਹਿਲੇ ਲੋਕਾਂ ਵਿਚੋਂ ਹੁੰਦੀ। ਪੀੜਤਾਂ ਦੇ ਦੁੱਖ-ਤਕਲੀਫਾਂ ਸੁਣਦੀ, ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਉਣ ਵਿਚ ਮਦਦ ਕਰਦੀ, ਉਹਨਾਂ ਲਈ ਮੁਫਤ ਦੁਆਈਆਂ ਅਤੇ ਲੋੜ ਮੁਤਾਬਕ ਖੂਨ ਦਾ ਅਤੇ ਫੌਰੀ ਲੋੜਾਂ ਲਈ ਮਾਇਕ ਸਹਾਇਤਾ ਦਾ ਯਥਾ ਸੰਭਵ ਪ੍ਰਬੰਧ ਕਰਵਾਉਂਦੀ।

ਜਦੋਂ ਪੰਜਾਬ ਵਿਚੋਂ ਦਹਿਸ਼ਤੀ ਜਨੂੰਨ ਮਾਸੂਮ ਪਰਿਵਾਰਾਂ ਦੇ ਬੱਚਿਆਂ ਤੇ ਔਰਤਾਂ ਨੂੰ ਅਨਾਥ ਅਤੇ ਬੇਸਹਾਰਾ ਬਣਾ ਰਿਹਾ ਸੀ ਤਾਂ 1989 ਵਿਚ ਪੰਜਾਬ ਇਸਤਰੀ ਸਭਾ ਰਲੀਫ ਟਰੱਸਟ ਸਥਾਪਿਤ ਕੀਤਾ ਗਿਆ ਜਿਸਦੇ ਆਨਰੇਰੀ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਵਿਮਲਾ ਸਿਰ ਹੀ ਪਾਈ ਗਈ। ਦਹਿਸ਼ਤ ਪੀੜਤਾਂ ਦੇ ਪਰਿਵਾਰਾਂ ਵਿਚੋਂ 600 ਬੱਚਿਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਵਜ਼ੀਫੇ ਦਿਤੇ ਗਏ। ਟਰੱਸਟ ਨੇ ਵਿਧਵਾਵਾਂ ਅਤੇ ਅਪਾਹਜਾਂ ਨੂੰ ਮਾਇਕ ਪੈਨਸ਼ਨ ਵੀ ਦਿਤੀ। ਲਗਭਗ ਦਹਾਕੇ ਭਰ ਤੋਂ ਵਧ ਸਮਾਂ ਵਿਮਲਾ ਨੇ, ਆਪਣੀਆਂ ਦੂਜੀਆਂ ਸਰਗਰਮੀਆਂ ਦੇ ਨਾਲ-ਨਾਲ, ਟਰੱਸਟ ਲਈ ਫੰਡ ਇਕੱਠੇ ਕੀਤੇ ਅਤੇ ਇਸਦੀਆਂ ਰੋਜ਼ਮਰਾ ਦੀਆਂ ਸਰਗਰਮੀਆਂ ਚਲਾਈਆਂ।

ਵਿਮਲਾ ਦੇ ਯਤਨਾਂ ਸਦਕਾ ਪੰਜਾਬ ਇਸਤਰੀ ਸਭਾ ਰਲੀਫ ਟਰੱਸਟ ਅਤੇ ਅਰੁਣਾ ਆਸਫ ਅਲੀ ਯਾਦਗਾਰੀ ਟਰੱਸਟ ਲਈ ਹਰ ਸਾਲ ਲੱਖਾਂ ਰੁਪੈ ਇਕੱਠੇ ਕੀਤੇ ਜਾਂਦੇ ਅਤੇ ਮਜ਼ਦੂਰਾਂ ਦੇ ਬੱਚਿਆਂ ਲਈ ਮਜ਼ਦੂਰ ਬਸਤੀਆਂ ਵਿਚ ਚਲਦੇ ਸਕੂਲਾਂ ਲਈ, ਗਰੀਬ ਇਸਤਰੀਆਂ ਦੇ ਸਸ਼ਕਤੀਕਰਣ ਲਈ ਚਲਦੇ ਸਿਲਾਈ-ਦਸਤਕਾਰੀ ਕੇਂਦਰਾਂ ਲਈ ਖਰਚੇ ਜਾਂਦੇ ਅਤੇ ਗਰੀਬ ਬੱਚਿਆਂ ਵਲੋਂ ਪੜ੍ਹਾਈ ਵਿਚੇ ਛੱਡ ਜਾਣ ਨੂੰ ਰੋਕਣ ਲਈ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਗਰੀਬਾਂ ਦੇ ਬੱਚਿਆਂ ਨੂੰ ਵਜ਼ੀਫੇ ਦੇਣ ਲਈ ਵਰਤੇ ਜਾਂਦੇ। ਬਹੁਤ ਸਾਰੀਆਂ ਗਰੀਬ ਕੁੜੀਆਂ ਨੂੰ ਵਿਆਹ ਦੇ ਮੌਕੇ ਮਾਇਕ ਮਦਦ ਦਿਤੀ ਜਾਂਦੀ। ਰੋਜ਼ੀ ਕਮਾਉਣ ਦੇ ਯੋਗ ਬਣਾਉਣ ਲਈ ਗਰੀਬ ਔਰਤਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਂਦੀਆਂ।

ਖੁਦ ਵਿਮਲਾ ਅਤੇ ਸਤਪਾਲ ਡਾਂਗ ਹਰ ਮਹੀਨੇ ਆਪਣੀ ਸਾਬਕ ਐਮ.ਐਲ.ਏ. ਦੀ ਪੈਨਸ਼ਨ ਚੋਂ 500-500 ਰੁਪੈ ਇਸਤਰੀ ਸਭਾ ਰਲੀਫ ਟਰੱਸਟ ਅਤੇ ਅਰੁਣਾ ਆਸਫ ਅਲੀ ਯਾਦਗਾਰੀ ਟਰੱਸਟ ਨੂੰ ਦਿੰਦੇ ਰਹੇ। ਅਜਿਹੇ ਜੋੜੇ ਹੋਰ ਨਹੀਂ ਹੋਣਗੇ ਇਥੋਂ ਤਕ ਕਿ ਸੀ.ਪੀ.ਆਈ. ਵਿਚ ਵੀ, ਜੋ ਵਿਮਲਾ ਅਤੇ ਸਤਪਾਲ ਡਾਂਗ ਵਲੋਂ ਕੀਤੇ ਨਿਸੁਆਰਥ ਪਾਰਟੀ ਅਤੇ ਟਰੇਡ ਯੂਨੀਅਨ ਕੰਮ ਅਤੇ ਕੀਤੀਆਂ ਕੁਰਬਾਨੀਆਂ ਦੇ ਹਾਣੀ ਹੋ ਸਕਦੇ ਹੋਣ।

ਵਿਮਲਾ ਡਾਂਗ—ਅਮਰ ਰਹੇ !

ਵਿਮਲਾ ਡਾਂਗ ਨੂੰ—ਲਾਲ ਸਲਾਮ! ਲਾਲ ਸਲਾਮ!!

# ਮੇਰੀ ਜ਼ਿੰਦਗੀ ਤੇ ਮੇਰੇ ਸੁਪਨੇ

**– ਵਿਮਲਾ ਡਾਂਗ –**

*[ਵਿਮਲਾ ਡਾਂਗ ਜੀ ਦੀ ਆਪਣੀ ਇਹ ਜੀਵਨ-ਕਥਾ ਇਕ ਪ੍ਰਤੀਕਰਮ ਹੈ, ਉਹਨਾਂ ਸਵਾਲਾਂ ਬਾਰੇ ਜਿਹੜੇ ਅੱਜ ਤੋਂ ਕੁਝ ਸਾਲ ਪਹਿਲਾਂ 'ਸ਼ਮਸ਼ੀਰ' ਨਾਂਅ ਦੀ ਇਕ ਸੰਸਥਾ ਨੇ ਆਪਣੀ ਪ੍ਰਤੀਨਿਧ ਕੰਵਲਜੀਤ ਢਿਲੋਂ ਰਾਹੀਂ ਇਕ ਸਵਾਲ-ਨਾਮਾ ਭੇਜ ਕੇ ਮੰਗਿਆ ਸੀ। ਪਹਿਲਾਂ ਪੰਜਾਬ ਦੀ ਵਿਦਿਆਰਥੀ ਅਤੇ ਨੌਜਵਾਨ ਲਹਿਰ ਵਿਚ ਅਤੇ ਅੰਮ੍ਰਿਤਸਰ ਆਉਣ ਪਿਛੋਂ ਅੰਮ੍ਰਿਤਸਰ ਦੀ ਖਾਸ ਕਰ ਅਤੇ ਸਮੁੱਚੇ ਪੰਜਾਬ ਅਤੇ ਭਾਰਤ ਦੀ ਕਮਿਊਨਿਸਟ ਅਤੇ ਇਸਤਰੀ ਲਹਿਰ ਵਿਚ ਵਿਮਲਾ ਜੀ ਨੇ ਜੋ ਭੂਮਿਕਾ ਨਿਭਾਈ, ਇਸ ਲਿਖਤ ਵਿਚ ਉਸ ਦਾ ਬੜਾ ਹੀ ਵਿਸਥਾਰ-ਪੂਰਵਕ ਅਤੇ ਖੂਬਸੂਰਤ ਢੰਗ ਨਾਲ ਵਰਨਣ ਕੀਤਾ ਗਿਆ ਹੈ। ਬਚਪਨ ਤੋਂ ਹੀ ਇਹੋ ਜਿਹੇ ਹਾਲਾਤ ਵਿਚੋਂ ਉਹਨਾਂ ਨੂੰ ਲੰਘਣਾ ਪਿਆ, ਉਹ ਸੰਘਰਸ਼ਾਂ ਦੀ ਇਕ ਅਜਿਹੀ ਕੁਠਾਲੀ ਸਨ, ਜਿਨ੍ਹਾਂ ਨੇ ਵਿਮਲਾ ਜੀ ਨੂੰ ਕੁੰਦਨ ਬਣਾ ਦਿਤਾ। ਉਰਦੂ ਦੇ ਇਕ ਸ਼ਾਇਰ ਦੀ ਬੇਟੀ ਅਤੇ ਇਕ ਹੋਣਹਾਰ ਕਵੀ ਦੀ ਭੈਣ, ਖੁਦ ਵੀ ਇਕ ਨਹਾਇਤ ਹੀ ਕੋਮਲ ਭਾਵੀ ਇਸਤਰੀ ਹੈ। ਸ਼ੁਰੂ ਤੋਂ ਹੀ ਦੇਸ ਦੀ ਸੇਵਾ ਵਿਚ ਉਹ ਏਨੀ ਲੀਨ ਸੀ ਕਿ ਉਸ ਦੇ ਪਿਤਾ ਨੇ ਆਪਣੀ ਇਕ ਗਜ਼ਲ ਦੇ ਇਕ ਸ਼ੇਅਰ ਵਿਚ ਕਿਹਾ ਹੈ :*

*ਘਰ ਕਾ ਕਾਮ ਤੋਂ ਕੁਛ ਕਰਤੀ ਨਹੀਂ,*
*ਬੇਟੀ ਹਮਾਰੀ ਕੌਮ ਕੀ ਸਰਵੈਂਟ ਹੈ।*

*ਕਿਨਾ ਗੌਰਵ ਸੀ ਇਕ ਪਿਤਾ ਨੂੰ ਆਪਣੀ ਹੋਣਹਾਰ ਬੇਟੀ ਬਾਰੇ।*

*ਬਹੁਤ ਕੁਝ ਕਿਹਾ ਜਾ ਸਕਦਾ ਹੈ, ਵਿਮਲਾ ਜੀ ਬਾਰੇ ਪਰ ਚੰਗਾ ਇਹੋ ਹੀ ਹੈ ਕਿ ਪਾਠਕ ਖੁਦ ਹੀ ਇਸ ਖੂਬਸੂਰਤ ਲਿਖਤ ਦਾ ਆਨੰਦ ਮਾਨਣ, ਜੋ ਸਾਨੂੰ ਪ੍ਰੋ. ਪ੍ਰੀਤਮ ਸਿੰਘ ਪਰਵਾਨਾ ਹੋਰਾਂ ਰਾਹੀਂ ਪ੍ਰਾਪਤ ਹੋਈ ਹੈ—ਸੰਪਾਦਕ]*

ਮੈਂ ਵਿਮਲਾ ਡਾਂਗ ਇਕ ਕਸ਼ਮੀਰੀ ਪੰਡਤ ਪਰਿਵਾਰ ਵਿਚੋਂ ਹਾਂ। ਮੇਰਾ ਜਨਮ 26 ਦਸੰਬਰ 1926 ਵਾਲੇ ਦਿਨ ਅਲਾਹਾਬਾਦ (ਉਤਰ ਪ੍ਰਦੇਸ਼) ਵਿਚ ਹੋਇਆ। ਮੈਂ ਲਾਹੌਰ (ਪੰਜਾਬ) ਵਿਚ ਜਿਥੇ ਮੇਰੇ ਮਾਤਾ-ਪਿਤਾ ਰਹਿੰਦੇ ਸਨ, ਸਰ ਗੰਗਾ ਰਾਮ ਸਕੂਲ ਵਿਚ ਮੈਟ੍ਰਿਕ ਤੱਕ ਪੜ੍ਹੀ। ਇਸ ਸਕੂਲ ਦੀ ਪ੍ਰਿੰਸੀਪਲ ਮਿਸ ਮਿਨਾਲਿਨੀ ਚਟੋਪਾਧਿਆਇ ਸ੍ਰੀਮਤੀ ਸਰੋਜਨੀ ਨਾਇਡੂ ਦੀ ਛੋਟੀ ਭੈਣ ਸੀ। ਚੰਗੀ ਸਿੱਖਿਆ ਦੇ ਨਾਲ ਨਾਲ ਉਹਨਾਂ ਨੇ ਬੱਚਿਆਂ ਤੇ ਅਧਿਆਪਕਾਂ ਵਿਚ ਦੇਸ਼ਭਗਤੀ ਦਾ ਜਜ਼ਬਾ ਪੈਦਾ ਕੀਤਾ। ਮੇਰੀ ਮਾਤਾ ਸ੍ਰੀਮਤੀ ਕਮਲਾ ਬਕਾਇਆ ਇਸੇ ਹੀ ਸਕੂਲ ਵਿਚ ਮੋਂਟੈਸਰੀ ਅਧਿਆਪਕਾ ਸਨ।

ਮੈਟ੍ਰਿਕ ਤੋਂ ਬਾਅਦ ਮੈਂ ਲਾਹੌਰ ਦੇ ਕਿਨੇਰਡ ਕਾਲਜ ਵਿਚ ਦਾਖਲ ਹੋ ਗਈ, ਪਰ 1945 ਵਿਚ ਸਾਡਾ ਪਰਵਾਰ ਬੰਬਈ ਸ਼ਿਫਟ ਹੋ ਗਿਆ। ਇਥੇ ਮੈਂ ਵਿਲਸਨ ਕਾਲਜ ਤੋਂ ਬੀ.ਏ. ਪਾਸ ਕੀਤੀ ਅਤੇ Honours in Econominics ਨਾਲ ਗਰੈਜੂਏਸ਼ਨ ਕੀਤੀ। ਉਪਰੰਤ, ਮੈਂ ਬੰਬਈ ਦੇ ਸਕੂਲ ਆਫ ਇਕਨਾਮਿਕਸ ਵਿਚ ਐਮ.ਏ. ਦੀ ਪੜ੍ਹਾਈ ਆਰੰਭੀ, ਪਰ ਪ੍ਰੀਖਿਆ ਤੋਂ ਪਹਿਲਾਂ ਹੀ 1947 ਵਿਚ ਕੌਮਾਂਤਰੀ ਵਿਦਿਆਰਥੀ ਯੂਨੀਅਨ ਵਿਚ ਕੰਮ ਕਰਨ ਲਈ ਪ੍ਰਾਗ (ਚੈਕੋਸਲੋਵਾਕੀਆ) ਚਲੀ ਗਈ।

ਮੇਰੇ ਪਿਤਾ ਜੀ ਸ੍ਰੀ ਅਵਤਾਰ ਲਾਲ ਬਕਾਇਆ ਇਕ ਅਣਖ ਵਾਲੇ ਦੇਸ਼ਭਗਤ ਇਨਕਲਾਬੀ ਸਨ। ਜਲ੍ਹਿਆਂ ਵਾਲੇ ਬਾਗ ਦੇ ਜਲਸੇ ਤੋਂ ਪਹਿਲਾਂ ਮੇਰੇ ਪਿਤਾ ਜੀ ਨੇ ਕਸੂਰ ਵਿਖੇ ਗੋਰਿਆਂ ਦੇ ਰਾਜ ਦਾ ਭਰਪੂਰ ਤਸ਼ੱਦਦ ਵੇਖਿਆ ਸੀ ਅਤੇ ਕਈ ਹਫਤਿਆਂ ਤਕ ਸਰਕਾਰੀ ਨੌਕਰੀ ਕਰਨ ਤੋਂ ਇਨਕਾਰ ਕਰੀ ਰੱਖਿਆ ਸੀ। ਉਹ ਐਮ.ਏ. ਕਲਾਸ ਨੂੰ ਅੰਗਰੇਜ਼ੀ ਪੜ੍ਹਾਇਆ ਕਰਦੇ ਸਨ। ਸਾਡੇ ਮਾਤਾ ਜੀ ਨੂੰ ਸਾਡੇ ਨਾਨਾ ਜੀ ਨੇ ਮੋਂਟੈਸਰੀ ਟੀਚਰਜ਼ ਟਰੇਨਿੰਗ ਲਈ 1931 ਵਿਚ ਇਟਲੀ ਭੇਜ ਦਿਤਾ। ਪਿਤਾ ਜੀ ਉਹਨਾਂ ਦੇ ਫੈਸਲੇ ਨਾਲ ਸਹਿਮਤ ਸਨ, ਹਾਲਾਂਕਿ 5 ਬੱਚਿਆਂ ਨੂੰ ਇਕ ਸਾਲ ਲਈ ਛੱਡ ਕੇ ਜਾਣਾ ਸੌਖਾ ਨਹੀਂ ਸੀ। ਮੇਰੀ ਉਮਰ ਚਾਰ ਸਾਲ ਦੀ ਅਤੇ ਸੂਰੀਆ ਤੋਂ ਛੋਟੇ ਭਾਰਤੀ ਦੀ ਉਮਰ 6 ਮਹੀਨੇ ਦੀ ਸੀ। ਸਾਰੇ ਬੱਚੇ ਪਿਤਾ ਜੀ ਦੇ ਨਾਲ ਦਾਦੀ ਜੀ ਕੋਲ ਰਹੇ। ਮੇਰੇ ਪਿਤਾ ਜੀ ਨੇ ਆਲ ਇੰਡੀਆ ਰੇਡੀਓ ਵਿਚ ਨੌਕਰੀ ਕਰ ਲਈ ਅਤੇ ਬਾਅਦ ਵਿਚ 1944 ਵਿਚ ਬੀ.ਬੀ.ਸੀ. ਦੇ ਹਿੰਦੁਸਤਾਨੀ ਵਿਭਾਗ ਵਿਚ ਸ੍ਰੀ ਬਲਰਾਜ ਸਾਹਨੀ ਨਾਲ ਕੰਮ ਕਰਦੇ ਰਹੇ। ਮੇਰੇ ਮਾਤਾ ਜੀ ਗੰਗਾ ਰਾਮ ਸਕੂਲ ਲਾਹੌਰ ਵਿਚ ਟੀਚਰ ਸਨ। ਮੈਂ ਤੇ ਮੇਰੀ ਛੋਟੀ ਭੈਣ ਸਰਲਾ ਅਤੇ ਭਾਰਤੀ ਇਸੇ ਸਕੂਲ ਵਿਚ ਪੜ੍ਹਦੇ ਸਾਂ। ਮੇਰਾ ਵੱਡਾ ਭਰਾ ਸ਼ਸ਼ੀ ਬਕਾਇਆ 1942-43 ਵਿਚ ਸੁਹਾਸ਼ਨੀ ਝੰਬੇਕਰ, ਜੋ ਸਰੋਜਨੀ ਨਾਇਡੂ ਦੀ ਛੋਟੀ ਭੈਣ ਅਤੇ ਕਮਿਊਨਿਸਟ ਇਨਕਲਾਬੀ ਸੀ, ਨਾਲ ਬੰਬਈ ਚਲਾ ਗਿਆ ਤੇ ਐਫ. ਐਸ.ਯੂ. ਵਿਚ ਕੰਮ ਕਰਨਾ ਸ਼ੁਰੂ ਕਰ ਦਿਤਾ। ਦੂਜਾ ਮੇਰਾ ਵੱਡਾ ਵੀਰ ਰਵੀ ਬਕਾਇਆ ਪਾਰਟੀ ਵਿਚ ਸਰਗਰਮ ਸੀ। ਸਾਡੇ ਪਰਿਵਾਰ ਉਤੇ ਸ੍ਰੀਮਤੀ ਸੁਹਾਸ਼ਨੀ ਅਤੇ ਮਿਨਾਲਿਨੀ ਦਾ ਬਹੁਤ ਡੂੰਘਾ ਪ੍ਰਭਾਵ ਸੀ। ਲਾਹੌਰ ਵਿਚ ਹੀ ਐਫ.ਐਸ.ਯੂ. ਅਤੇ ਏ.ਆਈ.ਐਸ.ਐਫ. ਵਿਚ ਕੰਮ ਕਰਨਾ ਆਰੰਭਿਆ। 1943 ਵਿਚ ਬੰਗਾਲ ਅੰਦਰ ਭਿਆਨਕ ਕਾਲ ਪਿਆ। ਅਸੀਂ ਵਿਦਿਆਰਥੀ ਜਥਾ ਲੈ ਕੇ ਬੰਗਾਲ ਗਏ। ਕਾ. ਸਤਪਾਲ ਡਾਂਗ ਅਤੇ ਬਲਰਾਜ ਮਹਿਤਾ ਇਸ ਸੁਕੇਡ ਵਿਚ ਸ਼ਾਮਲ ਸਨ। ਵਾਪਸ ਆ ਕੇ ਅਸਾਂ ਬੰਗਾਲ ਲਈ ਬਹੁਤ ਫੰਡ ਇਕੱਠਾ ਕੀਤਾ।

1944 ਵਿਚ ਪਿਤਾ ਜੀ ਦੀ ਇੰਗਲੈਂਡ ਵਿਚ ਹੀ ਮੌਤ ਹੋ ਜਾਣ ਤੋਂ ਬਾਅਦ ਸਾਰਾ ਪਰਿਵਾਰ ਬੰਬਈ ਚਲਾ ਗਿਆ, ਜਿਥੇ ਮੇਰੇ ਦੋਵੇਂ ਵੱਡੇ ਭਰਾ ਐਫ.ਐਸ.ਯੂ. ਅਤੇ ਏ.ਆਈ.ਐਸ.ਐਫ. ਵਿਚ ਕੰਮ ਕਰਦੇ ਰਹੇ। 1945-46 ਦੇ ਆਈ.ਐਨ.ਏ. ਦੇ ਨੇਤਾਵਾਂ ਨੂੰ ਰਿਹਾਅ ਕਰਨ ਦੇ ਹੱਕ ਵਿਚ ਹੋਏ ਜ਼ਬਰਦਸਤ ਪ੍ਰਦਰਸ਼ਨਾਂ ਅਤੇ 1946 ਦੀ ਸਮੁੰਦਰੀ ਬੇੜੇ ਦੀ ਬਗਾਵਤ ਵੇਲੇ ਏ.ਆਈ.ਐਸ.ਐਫ. ਨੇ ਸ਼ਲਾਘਾਯੋਗ ਭੂਮਿਕਾ ਅਦਾ ਕੀਤੀ ਅਤੇ ਉਸ ਦਾ ਸਰਗਰਮ ਸਮਰਥਨ ਕੀਤਾ। ਇਸ ਲਹਿਰ ਵਿਚ ਮੈਂ ਵੀ ਹਿੱਸਾ ਪਾਇਆ। 26 ਜਨਵਰੀ, 1946 ਨੂੰ ਬਰਤਾਨਵੀ ਟੈਂਕਾਂ ਨੇ ਪਰੇਲ ਵਿਚ ਡੰਮ-ਡੰਮ ਬੰਦੂਕਾਂ ਨਾਲ ਗੋਲੀਆਂ ਚਲਾਈਆਂ। ਪ੍ਰਸਿੱਧ ਮਹਿਲਾ

ਆਗੂ ਕਮਲ ਢੌਂਡੇ ਇਸ ਵਿਚ ਸ਼ਹੀਦ ਹੋ ਗਈ। ਪਰੇਲ ਵਿਚ ਸਨਹਾ ਅਤੇ ਗੋਰਾ ਫੌਜ ਤਾਇਨਾਤ ਸੀ। ਉਸ ਰਾਤ ਅਸੀਂ ਸ਼ਾਂਤਾ ਕਰੂਜ਼ ਆਪਣੇ ਘਰ ਨਹੀਂ ਸਾਂ ਪੁੱਜ ਸਕੇ। ਗੱਡੀਆਂ ਬੰਦ ਹੋ ਗਈਆਂ ਸਨ। ਪਰੇਲ ਵਿਚ ਕਿਸੇ ਦੇ ਘਰ ਠਹਿਰੇ। ਇਸ ਗੋਲੀਬਾਰੀ ਵਿਚ 200 ਨਿਹੱਥੇ ਲੋਕਾਂ ਦਾ ਖ਼ੂਨ ਹੋਇਆ ਸੀ। ਲਾਸ਼ਾਂ ਵੇਖਣ ਲਈ ਅਸੀਂ ਕੇਮ ਹਸਪਤਾਲ ਪਹੁੰਚੇ। ਇਹ ਇਕ ਅਤਿ ਦਾ ਦਰਦਨਾਕ ਨਜ਼ਾਰਾ ਸੀ।

ਅੰਗਰੇਜ਼ਾਂ ਵਲੋਂ ਭੜਕਾਏ ਹਿੰਦੂ-ਮੁਸਲਿਮ ਫਸਾਦਾਂ ਵੇਲੇ ਸਾਡੇ ਸਾਰੇ ਭੈਣ-ਭਰਾਵਾਂ ਨੇ ਦੰਗਿਆਂ ਦੇ ਸ਼ਿਕਾਰ ਲੋਕਾਂ ਲਈ ਖ਼ੂਨਦਾਨ ਕੀਤਾ, ਜਿਸ ਕਾਰਨ ਮੇਰੇ ਵੱਡੇ ਭਰਾ ਸ਼ਸ਼ੀ ਬਕਾਇਆ ਦੀ ਅਚਾਨਕ ਮੌਤ ਹੋ ਗਈ, ਕਿਉਂਕਿ ਖ਼ੂਨਦਾਨ ਵੇਲੇ ਸੂਈ ਠੀਕ ਤਰ੍ਹਾਂ ਜਿਰਮ-ਹੀਣ (Sterlized) ਨਹੀਂ ਸੀ ਕੀਤੀ ਗਈ। ਸ਼ਸ਼ੀ ਬਕਾਇਆ ਇਕ ਨੌਜਵਾਨ ਕਵੀ ਸੀ। 'ਹਿੰਦੀ ਹਮ ਚਾਲੀਸ ਕਰੋੜ' ਵਰਗੇ ਪ੍ਰਸਿਧ ਗੀਤ ਉਹਨੇ ਹੀ ਲਿਖੇ ਸਨ। 25 ਵਰ੍ਹਿਆਂ ਦੀ ਜਵਾਨ ਉਮਰ ਵਿਚ ਇਹ ਮੌਤ ਸਾਡੇ ਪਰਵਾਰ ਲਈ ਜ਼ਬਰਦਸਤ ਧੱਕਾ ਸੀ, ਸਹਾਸ਼ਨੀ, ਜਿਸ ਨੇ ਮੇਰੇ ਵੀਰ ਨੂੰ ਦੇਸ਼ਭਗਤੀ ਦੀ ਪ੍ਰੇਰਣਾ ਦਿੱਤੀ ਸੀ ਅਤੇ ਉਸ ਦੇ ਕਵਿਤਾ ਲਿਖਣ ਦੇ ਹੁਨਰ ਨੂੰ ਹੋਰ ਵੀ ਉਤਸ਼ਾਹਿਤ ਕੀਤਾ ਸੀ, ਉਸ ਉਤੇ ਇਸ ਮੌਤ ਦਾ ਡੂੰਘਾ ਪ੍ਰਭਾਵ ਪਿਆ।

ਜੁਲਾਈ 1947 ਵਿਚ ਏ.ਆਈ.ਐਸ.ਐਫ. ਦੇ ਪ੍ਰਤੀਨਿਧ ਦੇ ਤੌਰ ਤੇ ਮੈਂ ਪ੍ਰਾਗ ਵਿਚ ਆਈ.ਐਸ.ਯੂ. ਵਿਚ ਚਲੀ ਗਈ, ਜਿਥੇ 1951 ਤਕ ਕੰਮ ਕਰਦੀ ਰਹੀ। ਇਸ ਦੌਰ ਵਿਚ ਸੀ.ਪੀ.ਆਈ. ਗੈਰ-ਕਾਨੂੰਨੀ ਕਰਾਰ ਦੇ ਦਿੱਤੀ ਗਈ ਸੀ। ਮੈਨੂੰ ਸੋਵੀਅਤ ਯੂਨੀਅਨ, ਬੁਲਗਾਰੀਆ, ਪੋਲੈਂਡ, ਯੋਗੋਸਲਾਵੀਆ, ਫਰਾਂਸ, ਇਟਲੀ, ਫਿਨਲੈਂਡ ਅਤੇ ਸਵਿਟਜ਼ਰਲੈਂਡ ਆਦਿ ਦੇਸਾਂ ਵਿਚ ਜਾਣ ਦਾ ਮੌਕਾ ਮਿਲਿਆ। ਸਮਾਜਵਾਦੀ ਦੇਸਾਂ ਦੇ ਕ੍ਰਾਂਤੀਕਾਰੀ ਪ੍ਰੀਵਰਤਤ ਜੀਵਨ ਦਾ ਵੀ ਅਤੇ ਅੱਖਾਂ ਨਾਲ ਹਾਲਾਤ ਵੇਖਣ ਅਤੇ ਸਮਝਣ ਦਾ ਵੀ ਮੌਕਾ ਮਿਲਿਆ। ਮੇਰੀ ਉਮਰ ਉਸ ਵੇਲੇ 20-22 ਸਾਲ ਦੀ ਸੀ।

1951 ਵਿਚ ਮੈਂ ਦੇਸ਼ ਵਾਪਸ ਪਰਤੀ, ਸਾਥੀ ਸਤਪਾਲ ਡਾਂਗ 1947 ਵਿਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵਲੋਂ ਵਰਲਡ ਸਟੂਡੈਂਟਸ ਕਾਂਗਰਸ ਵਿਚ ਹਿੱਸਾ ਲੈਣ ਲਈ ਪ੍ਰਾਗ ਆਏ ਸੀ। ਦੋ-ਤਿੰਨ ਮਹੀਨੇ ਯੂਰਪ ਵਿਚ ਠਹਿਰ ਕੇ ਹਿੰਦੁਸਤਾਨ ਵਾਪਸ ਚਲੇ ਗਏ ਸਨ। ਦੇਸ ਦਾ ਬਟਵਾਰਾ ਅਤੇ ਫਿਰਕੂ ਫਸਾਦ ਇਨ੍ਹਾਂ ਦੇ ਪਿਛੋਂ ਹੋਏ। ਇਨ੍ਹਾਂ ਦਾ ਸਾਰਾ ਪਰਿਵਾਰ ਬਟਵਾਰੇ ਦੀਆਂ ਮੁਸੀਬਤਾਂ ਝੱਲਦਾ ਪੰਜਾਬ ਤੋਂ ਮੇਰਠ ਆ ਕੇ ਵੱਸ ਗਿਆ। ਕਾਮਰੇਡ ਡਾਂਗ ਲਗਾਤਾਰ ਏ.ਆਈ.ਐਸ.ਐਫ. ਵਿਚ ਮੁੱਖ ਪੁਜ਼ੀਸ਼ਨ ਉਤੇ ਰਹਿ ਕੇ ਜ਼ਿੰਮੇਵਾਰੀ ਨਿਭਾਉਂਦੇ ਰਹੇ। 1951 ਵਿਚ ਵਾਪਸ ਆ ਕੇ ਮੈਂ ਏ.ਆਈ.ਐਸ.ਐਫ. ਵਿਚ ਮੁੜ ਕੰਮ ਆਰੰਭਿਆ। ਅਪਰੈਲ 1952 ਵਿਚ ਸਾਡੀ ਸ਼ਾਦੀ ਬੰਬਈ ਵਿਚ ਹੋ ਗਈ। 1954 ਵਿਚ ਮੈਂ ਛੇਹਰਟਾ ਦੀ ਮਜ਼ਦੂਰ ਬਸਤੀ ਵਿਚ ਸਾਥੀ ਡਾਂਗ ਨਾਲ ਜੀਵਨ ਆਰੰਭਿਆ।

ਇਨ੍ਹਾ ਦਿਨਾਂ ਵਿਚ ਨਿਮਲਾ ਅਤੇ ਮਹਿਰਾ ਮਿੱਲ ਦੀ ਹੜਤਾਲ ਚੱਲ ਰਹੀ ਸੀ। ਅਸਾਂ ਇਸ ਦੇ ਹੱਕ ਵਿਚ ਔਰਤਾਂ ਨੂੰ ਲਾਮਬੰਦ ਕੀਤਾ। 'ਛੇਹਰਟਾ ਦੀਓ ਭੈਣੋਂ, ਅੱਗੇ ਵਧੋ, ਵੀਰਾਂ ਨਾਲ ਮੋਢਾ ਜੋੜੋ, ਵੀਰਾਂ ਦੀ ਮਦਦ ਕਰੋ' ਦੇ ਨਾਅਰੇ ਹੇਠ ਸੈਂਕੜੇ ਔਰਤਾਂ ਦੇ ਪ੍ਰਦਰਸ਼ਨ ਰੋਜ਼ ਹੁੰਦੇ। 9 ਅਪਰੈਲ ਨੂੰ ਪੁਲਸ ਨੇ ਸਾਥੀ ਡਾਂਗ ਨੂੰ ਟ੍ਰਿਬਿਊਨਲ ਵਿਚੋਂ ਗ੍ਰਿਫਤਾਰ ਕਰ ਲਿਆ। ਸ਼ਾਮ ਨੂੰ ਧਰਨੇ ਉਤੇ ਬੈਠੇ ਮਜ਼ਦੂਰਾਂ ਅਤੇ ਔਰਤਾਂ ਉਤੇ ਲਾਠੀਆਂ ਅਤੇ ਹੰਝੂ ਗੈਸ ਨਾਲ ਹਮਲਾ ਕੀਤਾ ਗਿਆ। ਕਈ ਸਾਥੀਆਂ ਨਾਲ ਮੈਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। 10 ਅਪਰੈਲ ਨੂੰ 20 ਹਜ਼ਾਰ ਮਜ਼ਦੂਰਾਂ ਨੇ ਹੜਤਾਲ ਕਰ ਦਿਤੀ। ਪੁਲਸ ਨੇ ਘਰਾਂ ਵਿਚ ਜਾ ਕੇ ਲੋਕਾਂ ਨੂੰ ਲਹੂ-ਲੁਹਾਨ ਕੀਤਾ। ਇਸਤੇ ਸੈਂਕੜੇ ਔਰਤਾਂ ਅਤੇ ਮਜ਼ਦੂਰਾਂ ਨੇ ਗ੍ਰਿਫਤਾਰੀਆਂ ਦਿਤੀਆਂ। ਭੈਣ ਵੀਰਾਂ ਅਤੇ ਸ਼ਕੁੰਤਲਾ ਸੁਖਨ ਮੇਰੇ ਨਾਲ ਜੇਲ੍ਹ ਵਿਚ ਸਨ। ਇਹ ਹੜਤਾਲ 36 ਦਿਨ ਚਲੀ। ਇੰਜ ਇਸਤਰੀ ਸਭਾ ਦੀ ਜਥੇਬੰਦੀ ਦਾ ਛੇਹਰਟੇ ਵਿਚ ਜਨਮ ਹੋਇਆ। ਇਹ ਵੱਡੀ ਪ੍ਰਾਪਤੀ ਸੀ। ਮੁਨੀ ਲਾਲ (ਲੰਗੋਟੀਵਾਲਾ) ਤੇ ਪ੍ਰਦੁਮਣ ਸਿੰਘ ਨੇ 1955 ਦੀ ਹੜਤਾਲ ਵਿਚ ਅੰਡਰ-ਗਰਾਊਂਡ ਰਹਿ ਕੇ ਕੰਮ ਕੀਤਾ ਅਤੇ ਗ੍ਰਿਫਤਾਰੀ ਅਖੀਰ ਵਿਚ ਦਿੱਤੀ। ਸਾਥੀ ਵੀਰ ਭਾਨ ਨੇ 22 ਦਿਨ ਦੀ ਭੁੱਖ ਹੜਤਾਲ ਕੀਤੀ। ਇਸ ਸੰਘਰਸ਼ ਬਾਰੇ ਔਰਤਾਂ ਦੀਆਂ ਕੁੱਝ ਪ੍ਰਸਿਧ ਬੋਲੀਆਂ ਇਹ ਸਨ :

*'ਬੱਲੇ-ਬੱਲੇ ਭਈ ਜੇਲ੍ਹਾਂ ਵਿਚ ਨਾਅਰੇ ਮਾਰਦੇ,*
*ਵੀਰ ਸੋਹਣਿਆਂ ਮੁਖੜਿਆਂ ਵਾਲੇ।*
*ਬੱਲੇ-ਬਲੇ ਭਈ ਭੁੱਖ ਹੜਤਾਲਾਂ ਨੇ*
*ਵੀਰ ਰੰਗੋਂ ਬਦਰੰਗ ਨੇ ਕੀਤੇ।*
*ਭਈ ਅੱਗ ਲੱਗੇ ਇਨ੍ਹਾਂ ਨੂੰ,*
*ਪੈਰੀਂ ਬੇੜੀਆਂ, ਹੱਥਾਂ ਵਿਚ ਹੱਥਕੜੀਆਂ।*
*ਬੱਲੇ-ਬਲੇ ਭਈ ਭੱਠੇ ਤੋਂ ਜਦੋਂ ਜਥਾ ਤੁਰਿਆ,*
*ਸਾਰਾ ਛੇਹਰਟਾ ਥਰ-ਥਰ ਕੰਬਿਆ।*
*ਭਲਾ ਕਾਲ ਇਨ੍ਹਾਂ ਨੇ ਸਿਰਾਂ 'ਤੇ ਬੰਨ੍ਹ ਲਿਆ।*
*ਉਨ੍ਹਾਂ ਜਾਨ ਤਲੀ 'ਤੇ ਧਰ ਲਈ,*
*ਕੰਧ ਏਕਤਾ ਕਮੇਟੀ ਸਾਡੀ ਦੀ,*
*ਦਿਨ ਦਿਨ ਤਾਕਤ ਵਧਦੀ ਜਾਵੇ।'*

ਇਸ ਸੰਗਰਾਮ ਦਾ ਨਤੀਜਾ ਇਹ ਹੋਇਆ ਕਿ ਅਗਲੇ ਸਾਲ ਦੀ ਮਿਉਂਸਪਲ ਚੋਣ ਵਿਚ ਮਜ਼ਦੂਰ ਮੁਹਾਜ਼ 9 ਦੀਆਂ 9 ਸੀਟਾਂ ਜਿੱਤ ਗਿਆ।

*'ਖੱਟਣ ਗਿਆ ਸੀ ਖੱਟ ਕੇ ਲਿਆਂਦੇ ਛੋਲੇ,*
*ਗੜ੍ਹ ਮਜ਼ਦੂਰਾਂ ਦਾ 9 ਸੀਟਾਂ ਤੇ ਬੋਲੇ।'*

ਦੀਆਂ ਬੋਲੀਆਂ ਨਾਲ ਸਾਰਾ ਛੇਹਰਟਾ ਗੂੰਜ ਉਠਿਆ। ਇਸ ਤਰ੍ਹਾਂ ਮੈਂ ਇਸਤਰੀ ਸਭਾ ਵਿਚ ਕੰਮ ਕਰਨਾ ਆਰੰਭਿਆ। ਸਮਾਜਕ ਕੇਸ, ਸਿਹਤ ਸਹੂਲਤਾਂ, ਹਸਪਤਾਲਾਂ ਵਿਚ ਕੰਮ, ਮਹਿੰਗਾਈ ਵਿਰੁਧ ਅੰਦੋਲਨ, ਕਮੇਟੀ ਵਲੋਂ ਸਿਲਾਈ ਸੈਂਟਰ, ਬੱਚਿਆਂ ਲਈ ਬਾਲਵਾੜੀ, ਅੱਖਾਂ ਦੇ ਮੁਫਤ ਕੈਂਪਾਂ ਵਿਚ ਔਰਤਾਂ ਨੇ ਉਘਾ ਰੋਲ ਅਦਾ ਕੀਤਾ। ਮਜ਼ਦੂਰ ਮੁਹਾਜ਼ ਦੀ ਰਹਿਨੁਮਾਈ ਵਿਚ ਸਾਡੀ ਕਮੇਟੀ ਨੂੰ ਕੋਈ ਤਾਕਤ ਨਹੀਂ ਸੀ ਤੋੜ ਸਕੀ, ਜਦ ਤੱਕ 1978 ਵਿਚ ਕਾਰਪੋਰੇਸ਼ਨ ਬਣਾ ਕੇ ਸਰਕਾਰ ਨੇ ਛੇਹਰਟਾ ਨੂੰ ਅੰਮ੍ਰਿਤਸਰ ਸ਼ਹਿਰ ਨਾਲ ਮਿਲਾ ਨਾ ਦਿਤਾ।

## ਜ਼ਿੰਦਗੀ ਦੀਆਂ ਮੁੱਖ ਸਰਗਰਮੀਆਂ

ਮੈਂ ਸਕੂਲ ਦੀ ਸੇਵਾ ਛੱਡ ਕੇ 1958 ਵਿਚ ਪਾਰਟੀ ਦੀ ਕੁਲਵਕਤੀ ਤੌਰ ਉਤੇ ਕੰਮ ਆਰੰਭਿਆ ਸੀ। ਸੂਬਾ ਪੱਧਰ ਦੀ ਜਥੇਬੰਦੀ ਉਸਾਰੀ ਗਈ । 1962 ਵਿਚ ਇਸਤਰੀ ਸਭਾ ਨੇ ਚੀਨ ਦੇ ਹਮਲੇ ਵਿਰੁਧ ਡਟ ਕੇ ਕੰਮ ਕੀਤਾ। ਰੁਪਿਆਂ, ਸੋਨੇ ਦੀਆਂ ਮੁੰਦਰੀਆਂ ਤੇ ਵੰਗਾਂ ਤੱਕ ਡਿਫੈਂਸ ਫੰਡ ਵਿਚ ਔਰਤਾਂ ਨੇ ਦਿਤੀਆਂ।

1965 ਵਿਚ ਅੰਮ੍ਰਿਤਸਰ ਦੇ ਮਜ਼ਦੂਰਾਂ ਨੇ ਦੂਜੀ ਵਾਰ ਆਮ ਹੜਤਾਲ ਕੀਤੀ। ਦਸ ਸਾਲਾਂ ਬਾਅਦ ਇਸ ਹੜਤਾਲ ਵਿਚ 2000 ਮਜ਼ਦੂਰਾਂ ਨੇ ਗ੍ਰਿਫਤਾਰੀਆਂ ਦਿਤੀਆਂ। 50 ਔਰਤਾਂ ਇਸਤਰੀ ਸਭਾ ਦੀ ਰਹਿਨੁਮਾਈ ਵਿਚ ਜੇਲ੍ਹ ਗਈਆਂ। ਹੜਤਾਲ 50 ਦਿਨ ਚਲੀ। ਹਰੀਪੁਰਾ, ਪੁਤਲੀਘਰ, ਬਟਾਲਾ ਰੋਡ, ਛੇਹਰਟਾ ਸ਼ਹਿਰ ਦੇ ਸਭਨਾਂ ਇਲਾਕਿਆਂ ਵਿਚ ਔਰਤਾਂ ਸਰਗਰਮ ਹੋਈਆਂ ਅਤੇ ਇਕ ਜੁਝਾਰੂ ਲਹਿਰ ਉਸਾਰੀ ਗਈ। ਉਸ ਵੇਲੇ ਮੈਂ ਲੁਧਿਆਣਾ ਜੇਲ੍ਹ ਵਿਚ ਸੀ।

1965 ਵਿਚ ਹਿੰਦ-ਪਾਕ ਜੰਗ ਦੌਰਾਨ ਇਸਤਰੀ ਸਭਾ ਨੇ ਏਕਤਾ ਯੂਨੀਅਨ ਨਾਲ ਮਿਲ ਕੇ ਫੌਜੀਆਂ ਲਈ ਕੰਟੀਨ ਚਲਾਈ ਅਤੇ ਖ਼ੂਨਦਾਨ ਕੀਤਾ। ਜੰਗ ਦੇ ਅੰਤਲੇ ਦਿਨ ਪਾਕਿ ਹਵਾਈ ਜਹਾਜ਼ਾਂ ਨੇ ਛੇਹਰਟਾ ਦੀ ਕੰਟੀਨ ਵਿਚ 2 ਬੰਬ ਸੁੱਟੇ। ਮੈਂ ਉਸ ਵੇਲੇ ਫੌਜੀਆਂ ਦੀ ਕੰਟੀਨ ਤੋਂ ਭੱਜ ਕੇ ਏਕਤਾ ਯੂਨੀਅਨ ਦੇ ਸਾਥੀਆਂ ਨਾਲ ਬਾਜ਼ਾਰ ਵਿਚ ਪੁੱਜੀ। 31 ਜਾਨਾਂ ਸ਼ਹੀਦ, ਬਿਜਲੀ ਦੀਆਂ ਤਾਰਾਂ ਉਤੇ ਮਾਸ ਦੇ ਲੋਥੜੇ, ਸਾਰੀ ਰਾਤ ਗੋਲੀਬਾਰੀ, ਦੂਜੇ ਦਿਨ ਸਵੇਰੇ ਪੰਜ ਵਜੇ ਜੰਗ ਬੰਦ ਹੋਈ। 'ਲਾਸ਼ਾਂ ਦੇ ਸਸਕਾਰ ਲਈ ਦਾਨ ਕਰੋ ਦਾਨ ਕਰੋ' ਚਾਰ ਸਾਥੀਆਂ ਨਾਲ ਚਾਦਰ ਦੇ ਚਾਰੇ ਕੋਨੇ ਪਕੜ ਕੇ ਸਸਕਾਰ ਲਈ ਉਗਰਾਹੀ ਕੀਤੀ। 10 ਪੈਸੇ ਤੋਂ 100 ਰੁਪੈ ਤਕ ਲੋਕਾਂ ਨੇ ਦਿੱਤੇ। ਸ਼ਮਸ਼ਾਨ ਭੂਮੀ ਵਿਚ ਸਮੂਹਿਕ ਸਸਕਾਰ ਕੀਤਾ ਗਿਆ। ਕਾਮਰੇਡ ਤੇਜਾ ਸਿੰਘ ਸੁਤੰਤਰ ਨਾਲ ਸਾਥੀ ਡਾਂਗ ਜੀ ਚੰਡੀਗੜ੍ਹ ਤੋਂ ਸਿਧੇ ਸ਼ਮਸ਼ਾਨ ਭੂਮੀ ਪੁੱਜੇ ਜਦੋਂ ਅਸੀਂ ਚਿਤਾ ਨੂੰ ਅਗਨੀ ਦੇ ਰਹੇ ਸੀ । ਸਾਡਾ ਰੋਸ ਭਰਿਆ ਪ੍ਰਣ ਸੀ :

*ਸ਼ਹੀਦਾਂ ਦੇ ਖ਼ੂਨ ਦੀ ਲਲਕਾਰ :*
*ਅਸੀਂ ਸਦਾ ਦੇਸ਼ ਦੀ ਰਕਸ਼ਾ ਕਰਾਂਗੇ।*

1970 ਵਿਚ ਇਤਿਹਾਸਕ ਜ਼ਮੀਨ ਦੇ ਮੋਰਚੇ ਵਿਚ ਬੇਦੀ ਫਾਰਮ ਉਤੇ ਝੰਡਾ ਲਹਿਰਾਇਆ, 137 ਔਰਤਾਂ ਮਰਦਾਂ ਦੇ ਜਥੇ ਨਾਲ ਗ੍ਰਿਫਤਾਰੀ ਦਿਤੀ। ਮਹੀਨਾ ਭਰ ਫਿਰੋਜ਼ਪੁਰ ਜੇਲ੍ਹ ਵਿਚ ਰਹੀਆਂ। ਬੀਬੀ ਹਾਕਮ ਦੇਵੀ ਅਤੇ ਕੈਲਾਸ਼ ਸਣੇ 150 ਔਰਤਾਂ ਨਾਲ ਜੇਲ੍ਹ ਵਿਚ ਇਕ ਮਹੀਨਾ ਗੁਜ਼ਾਰਿਆ। ਗ੍ਰਿਫਤਾਰੀ ਤੋਂ ਪਹਿਲਾਂ ਸਾਰੀ ਰਾਤ ਪੈਦਲ ਤੁਰ ਕੇ 20 ਮੀਲ ਦਾ ਪੈਂਡਾ ਬੇਦੀ ਫਾਰਮ ਤਕ ਤਹਿ ਕੀਤਾ। ਇਹ ਇਕ ਲਾਮਿਸਾਲ ਕੁਰਬਾਨੀ ਵਾਲਾ ਮੋਰਚਾ ਸੀ।

1975 ਦੇ ਕੌਮਾਂਤਰੀ ਇਸਤਰੀ ਵਰ੍ਹੇ ਲਈ ਇਕ ਵੱਡਾ ਵਿਸ਼ਾਲ ਜਲਸਾ ਕੀਤਾ ਅਤੇ ਇਸਤਰੀਆਂ ਉਤੇ ਜਬਰ ਵਿਰੁਧ ਅਤੇ ਇਸਤਰੀ ਜਾਗ੍ਰਿਤੀ ਲਈ ਭਾਰੀ ਪ੍ਰਦਰਸ਼ਨ ਕੀਤਾ। 1976 ਵਿਚ ਜਲੰਧਰ ਵਿਖੇ ਕੌਮੀ ਫੈਡਰੇ-ਸ਼ਨ ਦੀ ਆਲ ਇੰਡੀਆ ਕਾਨਫਰੰਸ ਵਿਚ 'ਸੜ ਸੜ ਕੇ ਅਸੀਂ ਹੁਣ ਨਹੀਂ ਮਰਨਾ, ਜਬਰ-ਜ਼ੁਲਮ ਦੀ ਹਿੱਕ 'ਤੇ ਚੜ੍ਹਨਾ' ਦੇ ਨਾਅਰੇ ਮਾਰਦਾ ਭਾਰੀ ਜਲੂਸ ਕਢਿਆ। ਜਲੰਧਰ ਦੀਆਂ ਸਾਰੀਆਂ ਸੰਸਥਾਵਾਂ ਦਾ ਭਰਪੂਰ ਸਮਰਥਨ ਮਿਲਿਆ। 1980 ਤੋਂ 93-94 ਤਕ ਅੱਤਵਾਦ ਦਾ ਦੌਰ ਸੀ 'ਹਿੰਦੂ ਰਾਜ ਨਾ ਖਾਲਿਸਤਾਨ, ਜੁੱਗ ਜੁੱਗ ਜੀਵੇ ਹਿੰਦੋਸਤਾਨ' ਦੇ ਨਾਅਰੇ ਹੇਠਾਂ ਹਜ਼ਾਰਾਂ ਔਰਤਾਂ ਦੇ ਸ਼ਾਂਤੀ ਮਾਰਚ ਜਥੇਬੰਦ ਕੀਤੇ ਗਏ। ਕੌਮੀ ਫੈਡਰੇਸ਼ਨ ਦੇ ਆਗੂਆਂ ਨੇ ਅੰਮ੍ਰਿਤਸਰ ਫੇਰਾ ਮਾਰਿਆ। ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਖੰਨਾ, ਪੱਟੀ ਆਦਿ ਥਾਵਾਂ ਉਤੇ ਵਿਸ਼ਾਲ ਜਲਸੇ ਕੀਤੇ ਗਏ। ਅਰੁਣਾ ਆਸਿਫ ਅਲੀ ਨੇ ਪੰਜਾਬ ਵਿਚ ਉਚੇਚੀਆਂ ਫੇਰੀਆਂ ਮਾਰੀਆਂ। ਪੰਜਾਬ ਨਾਲ ਯਕਜਹਿਤੀ ਹਾਸਲ ਕਰਨ ਲਈ ਮੈਂ, ਉਸ਼ਿਮਾ ਰੇਖੀ, ਵੀਰਾਂ ਤੇ ਜਸਵੰਤ ਕੌਰ ਨਾਲ ਦਿੱਲੀ, ਬਿਹਾਰ, ਮਹਾਰਾਸ਼ਟਰ, ਪੱਛਮੀ ਬੰਗਾਲ ਦੀ ਯਾਤਰਾ ਕੀਤੀ। ਪ੍ਰਸਿੱਧ ਕਲਾਕਾਰ ਮਿਨਾਲ ਸੇਨ, ਸ਼ਬਾਨਾ ਆਜ਼ਮੀ ਅਤੇ ਦੀਨਾ ਪਾਠਕ ਨੇ ਕਲਕੱਤੇ ਦੀਆਂ ਸੜਕਾਂ ਉਤੇ ਪੰਜਾਬ ਨਾਲ ਯਕਜਹਿਤੀ ਦੇ ਜਲੂਸ ਵਿਚ ਸ਼ਿਰਕਤ ਕੀਤੀ। 1989 ਵਿਚ ਗੁਰਦਾਸ ਦਾਸਗੁਪਤਾ ਨੇ 6 ਲੱਖ ਰੁਪੈ ਸਭਾ ਨੂੰ ਦਾਨ ਕੀਤੇ, ਜੋ ਉਹਨਾਂ ਨੂੰ ਬਹੁ-ਕੌਮੀ ਕੰਪਨੀ ਦੀ ਟੈਕਸ ਚੋਰੀ ਨੂੰ ਨੰਗਿਆਂ ਕਰਨ ਲਈ ਇਨਾਮ ਦੇ ਰੂਪ ਵਿਚ ਮਿਲੇ ਸਨ। ਜਨਵਰੀ, 1989 ਵਿਚ ਪੰਜਾਬ ਇਸਤਰੀ ਸਭਾ ਰਲੀਫ ਟਰੱਸਟ ਦੀ ਸਥਾਪਨਾ ਕਰਕੇ ਅਤੇ ਅੱਤਵਾਦ ਪੀੜਤ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਹਜ਼ਾਰਾਂ ਰੁਪੈ ਦੀ ਸਹਾਇਤਾ ਆਰੰਭੀ। ਇਸ ਤੋਂ ਪਹਿਲਾਂ 84 ਦੇ ਦੰਗਿਆਂ ਸਮੇਂ 50,000 ਰੁਪੈ ਸ਼ਾਲਾਂ, ਕੰਬਲ, ਕੱਪੜੇ ਅਤੇ ਬਰਤਨ ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਪਹੁੰਚਾਏ। ਮੈਂ ਅਤੇ ਓਸ਼ਮਾ ਰੇਖੀ ਨੇ ਕਲਿਆਣਪੁਰੀ (ਦਿੱਲੀ) ਦੇ ਫੰਕਸ਼ਨ ਵਿਚ, ਅਰੁਣਾ ਆਸਿਫ ਅਲੀ, ਵਿਮਲਾ ਫਾਰੂਕੀ ਅਤੇ ਗੀਤਾ ਮੁਖਰਜੀ ਨਾਲ ਹਿੱਸਾ ਲਿਆ ਅਤੇ ਰਾਹਤ ਸਹਾਇਤਾ ਦਿਤੀ।

1992 ਵਿਚ ਮੈਂ ਪੰਜਾਬ ਅਸੰਬਲੀ ਲਈ ਅੰਮ੍ਰਿਤਸਰ ਪੱਛਮੀ ਤੋਂ ਵਿਧਾਇਕਾ ਚੁਣੀ ਗਈ। ਆਪਣੀ ਹਿੰਮਤ ਅਨੁਸਾਰ ਸੀ.ਪੀ.ਆਈ. ਅਸੰਬਲੀ ਗਰੁੱਪ ਰਾਹੀਂ ਲੋਕਾਂ ਦੇ ਸਾਰੇ ਹੱਕੀ ਮਸਲੇ ਚੁੱਕੇ। ਇਹ ਜਦੋਜਹਿਦ ਅਜ ਵੀ ਜਾਰੀ ਹੈ। ਇਸ ਵਾਰ (1971) ਚੋਣਾਂ ਵਿਚ ਨਾ ਖਲੋਣ ਦਾ ਫੈਸਲਾ ਲਿਆ। ਮੇਰੀ ਉਮਰ ਇਹ ਲਿਖਣ ਵੇਲੇ 71 ਸਾਲ ਦੀ ਹੈ। ਲੁੱਟ-ਖਸੁੱਟ ਤੋਂ ਰਹਿਤ ਸਮਾਜ, ਜਿਸ ਵਿਚ ਮਨੁੱਖ ਹਥੋਂ ਮਨੁੱਖ ਦੀ ਲੁੱਟ ਨਾ ਹੋਵੇ ਅਤੇ ਹਰੇਕ ਨੂੰ ਇਨਸਾਫ ਅਤੇ ਬਰਾਬਰੀ ਮਿਲੇ, ਜਿਸ ਦੇ ਵਿਚ ਔਰਤ ਨੂੰ ਸਹੀ ਆਜ਼ਾਦੀ ਅਤੇ ਸਮਾਨਤਾ ਪ੍ਰਾਪਤ ਹੋਵੇ, ਲਈ ਅਤੇ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ ਆਪਣੇ ਸਾਥੀਆਂ ਨਾਲ ਮੁਹਿੰਮ ਜਾਰੀ ਰੱਖਾਂਗੇ।

## ਮੇਰੀ ਪਸੰਦ

ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ ਮੇਰਾ ਮਨ-ਭਾਉਂਦਾ ਖਾਣਾ ਹੈ, ਸੰਗੀਤ ਹਿੰਦੁਸਤਾਨੀ, ਪੁਸ਼ਾਕ, ਲਾਲ ਰੰਗ ਮੇਰੀਆਂ ਮਨਪਸੰਦ ਦੀਆਂ ਵਸਤਾਂ ਹਨ, ਇਨਸਾਫ ਲਈ ਲੜਨ ਲਈ ਲੋਕਾਂ ਨੂੰ ਲਾਮਬੰਦ ਕਰਨਾ ਮੇਰਾ ਸ਼ੌਕ ਹੈ। ਇਸ ਉਮਰ ਵਿਚ ਕਿਸੇ ਖੇਡ ਦਾ ਸ਼ੌਕ ਨਹੀਂ, ਘਰ ਹੋਵੇ ਜਾਂ ਦਫਤਰ, ਹਰ ਵੇਲੇ ਸਫਾਈ ਰੱਖਣੀ ਮੇਰਾ ਇਸ਼ਟ ਹੈ। ਸੰਗੀਤ ਬਹੁਤ ਜ਼ਿਆਦਾ ਪਸੰਦ ਹੈ। ਫਿਲਮਾਂ ਵਿਚੋਂ 'ਦੇਵਦਾਸ' ਅਤੇ 'ਧਰਤੀ ਕੇ ਲਾਲ' ਬਹੁਤ ਪਸੰਦ ਹਨ।

ਵਿਅਕਤੀ ਉਹ ਪਸੰਦ ਹੈ, ਜਿਹੜਾ ਬਗੈਰ ਕਿਸੇ ਨਿੱਜੀ ਮਤਲਬ ਦੇ ਸੱਚਾ ਮਿੱਤਰ ਬਣ ਸਕੇ। ਅਧਿਆਪਕਾ ਬਹੁਤ ਪਸੰਦ ਸੀ, ਮਰੀਅਮ ਜੋ ਇਤਿਹਾਸ ਦੀ ਟੀਚਰ ਸੀ।

ਵਿਸ਼ਾਲ ਪਾਰਕਾਂ ਵਾਲੀ ਹਰ ਪਸੰਦ ਹੈ। ਲੇਖਕਾਂ ਵਿਚੋਂ ਫੈਜ਼ ਅਹਿਮਦ ਫੈਜ਼ (ਕਵੀ) ਅਤੇ ਰਾਬਿੰਦਰ ਨਾਥ ਟੈਗੋਰ ਮਨਪਸੰਦ ਲੇਖਕ ਹਨ। ਪੁਸਤਕਾਂ ਵਿਚੋਂ ਗੋਰਕੀ ਦੀ 'ਮਾਂ', ਜੁਲੀਅਸ ਫੀਊਚਕ ਦੀ 'ਫਾਂਸੀ ਦੇ ਤਖਤੇ ਤੋਂ' ਬਹੁਤ ਪਸੰਦ ਹਨ। ਨੇਤਾਵਾਂ ਵਿਚੋਂ ਅਰੁਣਾ ਆਸਿਫ ਅਲੀ ਬਹੁਤ ਪਸੰਦ ਹੈ ਅਤੇ ਰਿਸ਼ਤਿਆਂ ਵਿਚੋਂ ਮਾਂ ਅਤੇ ਧੀ ਦੇ ਰਿਸ਼ਤੇ ਦੀ ਕੋਈ ਰੀਸ ਨਹੀਂ। ਗੁਆਂਢੀ ਉਹ ਜਿਹੜਾ ਦੁੱਖ-ਸੁੱਖ ਵਿਚ ਸਹਾਈ ਹੋਵੇ। ਗਹਿਣਾ ਮੈਂ ਕਦੇ ਕੋਈ ਪਾਇਆ ਨਹੀਂ, ਇਸ ਲਈ ਪਸੰਦ ਕਾਹਦੀ। ਔਰਤ ਦੀ ਔਰਤ ਦੁਸ਼ਮਣ ਵਾਲੀ ਗੱਲ ਮੇਰਾ ਵਿਸ਼ਵਾਸ ਨਹੀਂ, ਦਾਜ ਦੀ ਲੋਭੀ ਸੱਸ

ਜਾਂ ਨਨਾਣ ਦੁਸ਼ਮਣ ਬਣ ਜਾਂਦੀਆਂ ਹਨ।

'ਗੱਲ ਪਈ ਸਲਾਹੀਂ, ਰੰਨ ਪਈ ਰਾਹੀਂ, ਦੋਵੇਂ ਗਈਆਂ' ਵਾਲੇ ਕਥਨ ਦੀ ਜਿੰਨੀ. ਵੀ ਨਿੰਦਾ ਕੀਤੀ ਜਾਵੇ, ਓਨੀ ਹੀ ਘੱਟ ਹੈ। 'ਢੋਰ, ਗੰਵਾਰ, ਸ਼ੂਦਰ, ਪਸ਼ੂ ਤੇ ਨਾਰੀ ਪਾਂਚੋਂ ਤਾੜਨ ਕੇ ਅਧਿਕਾਰੀ' ਦੇ ਅਖਾਣ ਵਿਚੋਂ ਇਸਤਰੀ ਦੀ ਨਿਰਾਦਰੀ ਦੀ ਬੋਅ ਆਉਂਦੀ ਹੈ ਅਤੇ ਇਜ ਹੀ 'ਭੱਠ ਰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ' ਵਾਲੇ ਅਖਾਣ ਵਿਚੋਂ।

ਜਿਹੜੇ ਲੋਕ ਇਹ ਕਹਿੰਦੇ ਹਨ ਕਿ ਔਰਤ ਤਾਂ ਤਿੰਨ ਪੱਖਿਆਂ, ਪਿਤਾ, ਪਤੀ ਅਤੇ ਪੁੱਤਰ ਦੀ ਗੁਲਾਮ ਹੈ। ਉਹਨਾਂ ਨੂੰ ਆਪਣੀ ਮਾਨਸਿਕ ਸਥਿਤੀ ਅਤੇ ਸਾਨੂੰ ਸਮਾਜਿਕ ਸਥਿਤੀ ਬਦਲਣ ਦੀ ਲੋੜ ਹੈ। ਇਵੇਂ ਹੀ 'ਧੀ ਜਮੀ ਪੱਥਰ ਪਿਆ' ਵੀ ਔਰਤ ਦੀ ਨਾਬਰਾਬਰੀ ਨੂੰ ਹੀ ਦਰਸਾਉਣ ਵਾਲਾ ਅਖਾਣ ਹੈ। ਇਹ ਕਹਿਣਾ ਵੀ ਠੀਕ ਨਹੀਂ ਕਿ "ਔਰਤ ਦੇਵੀ/ਗਊ ਜਾਂ ਚਿੜੀ ਹੁੰਦੀ ਹੈ।" ਜਬਰ ਹੋਣ ਉਤੇ ਉਹ ਚੰਡੀਕਾ ਬਣ ਜਾਂਦੀ ਹੈ ਅਤੇ ਸ਼ੇਰਨੀ ਵਾਂਗ ਲੜਦੀ ਹੈ। ਜਿਹੜੇ ਲੋਕ ਇਹ ਕਹਿੰਦੇ ਹਨ ਕਿ ਔਰਤ ਦੀ ਆਜ਼ਾਦੀ, ਘਰ ਦੀ ਬਰਬਾਦੀ ਨੂੰ ਸੱਦਾ ਦਿੰਦੀ ਹੈ, ਠੀਕ ਨਹੀਂ ਹੈ। ਔਰਤ ਦੀ ਆਜ਼ਾਦੀ ਅਤੇ ਬਰਾਬਰੀ ਸਮਾਜ ਦੀ ਉਨਤੀ ਵਿਚ ਸਹਾਈ ਹੁੰਦੀ ਹੈ। ਇਹ ਅਖੌਤ ਕਾਫੀ ਹੱਦ ਤੱਕ ਠੀਕ ਹੈ ਕਿ ਸਫਲ ਇਨਸਾਨ ਦੇ ਪਿਛੇ ਕਿਸੇ ਔਰਤ ਦਾ ਹੱਥ ਹੁੰਦਾ ਹੈ ਅਤੇ ਇਹ ਵੀ ਠੀਕ ਹੈ ਕਿ ਹਰ ਸਫਲ ਔਰਤ ਪਿਛੇ ਉਸਦੇ ਪਤੀ ਜਾਂ ਪਰਵਾਰ ਦਾ ਹੱਥ ਹੁੰਦਾ ਹੈ।

ਜਿਥੋਂ ਤਕ ਫੈਸਲੇ ਲੈਣ ਦਾ ਹੱਕ ਦਾ ਸਵਾਲ ਹੈ, ਇਹ ਤਾਂ ਪਰਵਾਰ ਵਿਚ ਸਾਂਝੇ ਤੌਰ ਉਤੇ ਲਏ ਜਾਂਦੇ ਹਨ। ਆਪਣੀ ਰਾਇ ਅਕਸਰ ਮੰਨੀ ਜਾਂਦੀ ਹੈ।

ਇੰਜ ਹੀ ਖਰਚ ਕਰਨ ਦੀ ਗੱਲ ਵੀ ਆਪਣੀ ਆਮਦਨ ਅਤੇ ਲੋੜ ਮੁਤਾਬਕ ਹੈ। ਜਿਥੋਂ ਤਕ ਘਰੇਲੂ ਕੰਮਾਂ ਨੂੰ ਛੱਡਣ ਦੀ ਮੌਕੇ ਦੀ ਗੱਲ ਹੈ, ਘਰ ਔਰਤ ਕੋਲੋਂ ਛੱਡਿਆ ਨਹੀਂ ਜਾਂਦਾ। ਪਿਛਲੇ 10-12 ਸਾਲਾਂ ਤੋਂ ਭਾਵੇਂ ਦਫਤਰ ਵਿਚ ਹੀ ਰਹਿੰਦੀ ਹਾਂ, ਇਕ ਛੋਟਾ ਜਿਹਾ ਘਰ ਵੀ ਮਜ਼ਦੂਰ ਬਸਤੀ ਵਿਚ ਹੈ, ਜਿਸ ਦਾ ਜ਼ਿਕਰ ਕਰਨਾ ਹੀ ਪੈਂਦਾ ਹੈ। ਘਰ ਦੇ ਕੰਮ ਵਿਚ ਡਾਂਗ ਜੀ ਦੀਆਂ ਪੂਰੀਆਂ ਜ਼ਿੰਮੇਵਾਰੀਆਂ ਤਾਂ ਨਿਭਾਉਣੀਆਂ ਹੀ ਪੈਂਦੀਆਂ ਹਨ, ਘੇਸਲ ਮਾਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਆਪਣੀ ਸਿਹਤ ਸੰਭਾਲ ਦਾ ਜਿਥੋਂ ਤਕ ਸਵਾਲ ਹੈ, 71 ਵਰ੍ਹਿਆਂ ਦੀ ਉਮਰ ਵਿਚ ਜਿੰਨੀ ਸੰਭਾਲ ਹੋਣੀ ਚਾਹੀਦੀ ਹੈ, ਸੰਭਾਲ ਨਹੀਂ ਹੈ। ਕੰਮ ਦਾ ਜ਼ੋਰ ਹਮੇਸ਼ਾ ਹੀ ਰਹਿੰਦਾ ਹੈ।

ਵਿਸ਼ੇਸ਼ ਪ੍ਰਾਪਤੀਆਂ ਦੀ ਸ਼ਾਬਾਸ਼ : ਪਰਵਾਰ ਵਿਚ ਪਤੀ ਕੋਲੋਂ ਸਦਾ ਸਹਾਇਤਾ ਅਤੇ ਚੰਗੇ ਕੰਮ ਦੀ ਸ਼ਾਬਾਸ਼ ਹਮੇਸ਼ਾ ਮਿਲਦੀ ਹੈ। ਸਹੁਰੇ ਵੀ ਅਤੇ ਪੇਕੇ ਵੀ ਉਤਸ਼ਾਹਿਤ ਕਰਦੇ ਹਨ।

ਮੈਂ ਜ਼ਫ਼ਰ ਗੋਰਖਪੁਰੀ ਦੀਆਂ ਹੇਠ ਲਿਖੀਆਂ ਸਤਰਾਂ ਨਾਲ ਸਹਿਮਤ ਹਾਂ।

*ਕਿਸੀ ਮਾਸੂਮ ਬੱਚੇ ਕਾ ਤਬਸੁਮ ਉਤਰ ਜਾਏ ਤੋ,*
*ਸ਼ਾਇਦ ਯੇਹ ਸਮਝ ਪਾਓ, ਕਿ ਖੁਦਾ ਐਸਾ ਹੋਤਾ ਹੈ।*

**ਮੇਰੇ ਸੁਪਨਿਆਂ ਦਾ ਸਮਾਜ**

-ਸਿੱਖਿਆ ਐਸੀ ਹੋਵੇ ਜੋ ਹਰ ਇਕ ਨੂੰ ਆਪਣੇ ਪੈਰਾਂ ਉਤੇ ਖੜ੍ਹੀ ਕਰ ਸਕੇ ਤੇ ਜੀਵਨ ਵਿਚ ਇਖਲਾਕੀ ਕਦਰਾਂ-ਕੀਮਤਾਂ ਨੂੰ ਪਹਿਲ ਦੇਵੇ।

-ਧਰਮ ਸਾਂਝੀਵਾਲਤਾ ਅਤੇ ਮਾਨਵ ਪ੍ਰੇਮ ਉਤੇ ਆਧਾਰਤ ਹੋਵੇ, ਬਾਕੀ ਸਾਰੇ ਧਰਮਾਂ ਦਾ ਸਤਿਕਾਰ ਕਰਨ ਵਾਲਾ ਹੋਵੇ, ਧਰਮ ਅਤੇ ਰਾਜਨੀਤੀ ਵੱਖੋ-ਵੱਖਰ ਹੋਣ।

-ਰਾਜਨੀਤੀ ਸੁਥਰੀ ਤੇ ਭ੍ਰਿਸ਼ਟਾਚਾਰ ਤੋਂ ਰਹਿਤ ਹੋਣੀ ਚਾਹੀਦੀ ਹੈ।

-ਆਜ਼ਾਦ ਭਾਰਤ ਨੇ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਕੀਤੇ।

**ਸਮਾਜਿਕ ਰਿਸ਼ਤੇ**

-ਪਤੀ ਅਜਿਹਾ ਜੀਵਨ ਸਾਥੀ ਹੋਣਾ ਚਾਹੀਦਾ ਹੈ ਜਿਹੜਾ ਪਤਨੀ ਦੀ ਕਦਰ ਕਰੇ ਅਤੇ ਪਰਵਾਰ ਵਿਚ ਬਰਾਬਰ ਦਾ ਰੁਤਬਾ ਦੇਵੇ।

-ਮਾਪੇ ਵਿਸ਼ੇਸ਼ ਕਰ ਧੀਆਂ ਲਈ ਬਹੁਤ ਸਹਾਰਾ ਹੁੰਦੇ ਹਨ। ਮਾਪਿਆਂ ਤੋਂ ਵੱਡਾ ਹੋਰ ਕੋਈ ਰਿਸ਼ਤਾ ਨਹੀਂ ਹੈ।

-ਸਹੁਰੇ ਉਹ ਚੰਗੇ ਹਨ ਜੋ ਨੂੰਹ ਦੀ ਕਦਰ ਕਰਦੇ ਹਨ ਅਤੇ ਦਾਜ ਦਾ ਲਾਲਚ ਨਹੀਂ ਕਰਦੇ।

-ਦੋਸਤ ਤਾਂ ਉਹ ਸੱਚਾ ਹੈ ਜੋ ਬੇਗਰਜ਼ ਪਿਆਰ ਕਰੇ ਅਤੇ ਮੁਸਬੀਤ ਦੇ ਵੇਲੇ ਸਾਥ ਦੇਵੇ।

-ਔਲਾਦ ਜਿਹੜੇ ਮਾਪੇ ਬੱਚਿਆਂ ਨੂੰ ਪਾਲਦੇ ਹਨ, ਉਹਨਾਂ ਦੇ ਬੱਚੇ ਬੁਢਾਪੇ ਵਿਚ ਉਹਨਾਂ ਦੀ ਪਰਵਾਹ ਨਹੀਂ ਕਰਦੇ। ਔਲਾਦ ਚੰਗੀ ਉਹ ਜੋ ਮਾਪਿਆਂ ਵੱਲ ਆਪਣਾ ਫਰਜ਼ ਨਿਭਾਵੇ।

-ਗੁਆਂਢੀ ਜੇ ਚੰਗਾ ਹੋਵੇ ਤਾਂ ਆਪਣੇ ਸਕੇ ਰਿਸ਼ਤੇਦਾਰਾਂ ਤੋਂ ਵੀ ਵਧ ਹੁੰਦਾ ਹੈ।

-ਬਜ਼ੁਰਗ ਆਪਣੇ ਜੀਵਨ ਦੇ ਤਜਰਬੇ ਤੋਂ ਨਵੀਂ ਪੀੜ੍ਹੀ ਦਾ ਮਾਰਗ-ਦਰਸ਼ਨ ਕਰਦੇ ਹਨ।

ਆਪਣੀ ਜ਼ਿੰਦਗੀ ਵਿਚ ਮੈਂ ਜੋ ਕੁਝ ਸਿੱਖਿਆ, ਉਹ ਇਸ ਪ੍ਰਕਾਰ ਹੈ :

1944 ਵਿਚ ਜਦ ਮੈਂ ਲਾਹੌਰ ਤੋਂ ਬੰਬਈ ਜਾਣ ਦੀ ਤਿਆਰੀ ਕੀਤੀ ਤਾਂ ਕਿਨਾਰਡ ਕਾਲਜ ਦੇ ਸਟਾਫ ਅਤੇ ਲੜਕੀਆਂ ਨੇ ਸਾਨੂੰ ਅਲਵਿਦਾਈ (Farewell Party) ਪਾਰਟੀ ਦਿੱਤੀ। ਅਸਾਂ ਆਪਣੇ ਵਲੋਂ ਕਾਲਜ ਨੂੰ ਇਕ ਸੁੰਦਰ ਹੱਥ ਲਿਖਤ ਐਲਬਮ ਪੇਸ਼ ਕੀਤੀ, ਜਿਸ ਦੇ ਆਰੰਭ ਵਿਚ ਹੇਠ ਲਿਖੀ ਟੂਕ (Quotation) ਲਿਖੀ ਸੀ। ਇਹ ਮੈਨੂੰ ਕਾਮਰੇਡ ਸਤਪਾਲ ਡਾਂਗ ਨੇ ਦਿੱਤੀ ਸੀ ਜੋ ਉਸ ਵੇਲੇ ਏ.ਆਈ.ਐਸ.ਐਫ.ਦੇ ਲੀਡਰ ਸਨ।

ਇਹ ਕਾਮਰੇਡ ਲੈਨਿਨ ਦੀ Favourite quotation ਸੀ ਅਤੇ ਜਵਾਹਰ ਲਾਲ ਨਹਿਰੂ ਦੀ ਵੀ।

"Man's dearest possession is life and since it is given to him to live but once, he must so live as not to be scared with the shame of a cowardly and trivial past, so live as not to be tortured or tears without purpose, so live that dying he can say. All my life and my strength were given to the finest cause in the - world the liberation of Mankind".

ਇਹੋ ਹੀ ਮੇਰੇ ਲਈ ਜ਼ਿੰਦਗੀ ਦਾ ਇਕ ਅਸੂਲ ਬਣ ਗਿਆ।

**ਮੇਰੇ ਗਿਲੇ ਸ਼ਿਕਵੇ**

ਮੈਂ ਇਕ ਇਨਕਲਾਬੀ ਲਹਿਰ ਵਿਚ ਇਕ ਕਲਚਰਲ ਵਰਕਰ ਦੇ ਤੌਰ ਤੇ ਆਈ। 1942 ਦੀ ਪਹਿਲੀ ਪਾਰਟੀ ਕਾਨਫਰੰਸ ਵਿਚ ਬੰਬਈ

ਪੰਜਾਬ ਦੇ ਕਲਚਰਲ ਸੁਕੈਡ ਨਾਲ ਗਈ। ਮੇਰੀ ਜ਼ਿਆਦਾ ਲਗਨ ਅਤੇ ਦਿਲਚਸਪੀ ਸਭਿਆਚਾਰਕ ਸਰਗਰਮੀਆਂ ਵਿਚ ਸੀ। ਵਿਆਹ ਤੋਂ ਬਾਅਦ ਇਸਤਰੀ ਲਹਿਰ ਵਿਚ ਕੁਲਵਕਤੀ ਦੇ ਤੌਰ ਉਤੇ ਕੰਮ ਆਰੰਭਿਆ, ਪਰ ਫਿਰ ਮਿਉਂਸਪਲ ਕਮੇਟੀ ਦੀ ਪ੍ਰਧਾਨਗੀ ਅਤੇ ਸੂਬਾ ਪੱਧਰ ਉਤੇ ਇਸਤਰੀ ਮੁਹਾਜ਼ ਦਾ ਕੰਮ ਨਿਭਾਉਣਾ ਸੌਖਾ ਨਹੀਂ ਸੀ, ਪਰ ਮੈਂ ਨਿਭਾਇਆ, ਪਰ ਮੈਂ ਸਮਝਦੀ ਹਾਂ ਕਿ ਇਕ ਤੋਂ ਵਧ ਮੁਹਾਜ਼ਾਂ ਉਤੇ ਕੰਮ ਤਸੱਲੀ ਨਾਲ ਨਹੀਂ ਕੀਤਾ ਜਾ ਸਕਦਾ। ਕਮਿਊਨਿਸਟ ਲਹਿਰ ਨੂੰ ਪੜ੍ਹੀਆਂ-ਲਿਖੀਆਂ ਨੌਜਵਾਨ ਲੜਕੀਆਂ ਅਤੇ ਨੌਜਵਾਨ ਸਾਥੀਆਂ ਨੂੰ ਅੱਗੇ ਲਿਜਾਣ ਦੀ ਮੁਨਜ਼ਮ (ਜਥੇਬੰਦ) ਤਰੀਕੇ ਨਾਲ ਕੋਸ਼ਿਸ਼ ਕਰਨੀ ਚਾਹੀਦੀ ਹੈ।

1992 ਵਿਚ ਜਦੋਂ ਮੈਨੂੰ ਪੰਜਾਬ ਅਸੰਬਲੀ ਲਈ ਖੜ੍ਹੇ ਹੋਣ ਲਈ ਕਿਹਾ ਗਿਆ ਤਾਂ ਮੈਂ ਇਸ ਦੇ ਹੱਕ ਵਿਚ ਨਹੀਂ ਸੀ। ਪਰ ਅਤਵਾਦ ਦੇ ਸਿਖਰ 'ਤੇ ਉਸ ਵੇਲੇ ਉਮੀਦਵਾਰਾਂ ਦੇ ਸਿਰ ਲੱਥ ਰਹੇ ਸਨ। ਮੈਂ ਪਾਰਟੀ ਦਾ ਫੈਸਲਾ ਸਿਰ ਮੱਥੇ ਤੇ ਸਵੀਕਾਰ ਕੀਤਾ ਅਤੇ ਚੋਣ ਲੜੀ। ਕਠਿਨ ਸਥਿਤੀ ਦੇ ਬਾਵਜੂਦ ਪਾਰਟੀ ਇਲੈਕਸ਼ਨ ਵਿਚ ਸਫਲ ਹੋਈ। ਮੈਂ ਆਪਣੇ ਐਮ.ਐਲ.ਏ. ਗਰੁੱਪ ਦੀ ਲੀਡਰ ਦੀ ਜ਼ਿੰਮੇਵਾਰੀ ਨਿਭਾਈ, ਪਰ ਮੇਰੀ ਜ਼ਿਆਦਾ ਦਿਲਚਸਪੀ ਇਲੈਕਸ਼ਨਾਂ ਵਿਚ ਖੜ੍ਹੇ ਹੋਣ ਦੀ ਨਹੀਂ। ਇਸੇ ਦੌਰ ਵਿਚ ਮੈਂ ਅੱਤਵਾਦ ਪੀੜਤ ਪਰਵਾਰਾਂ ਦੀ ਸਹਾਇਤਾ ਦਾ ਕੰਮ ਸ਼ੁਰੂ ਕੀਤਾ। ਇਸ ਨੇਕ ਕੰਮ ਵਿਚ ਮੇਰੀ ਜ਼ਿਆਦਾ ਦਿਲਚਸਪੀ ਹੈ। ਪਿਛਲੀ ਸੂਬਾ ਕਾਨਫਰੰਸ ਵਿਚ ਮੈਂ ਇਸਤਰੀ ਸਭਾ ਦੀ ਜਨਰਲ ਸਕੱਤਰ ਦੇ ਕੰਮ ਨੂੰ ਛੱਡ ਦਿਤਾ ਅਤੇ ਹੁਣ ਔਰਤਾਂ ਵਿਚ ਅਤੇ ਰੀਲੀਫ ਟਰੱਸਟ ਵਿਚ ਹਿੰਮਤ ਅਤੇ ਸਿਹਤ ਮੁਤਾਬਕ ਕੰਮ ਕਰ ਰਹੀ ਹਾਂ। ਸਾਰੀ ਉਮਰ ਇੰਨੀ ਮਸਰੂਫ ਜ਼ਿੰਦਗੀ ਵਿਚ ਪੜ੍ਹਨ ਲਿਖਣ ਦਾ ਮੌਕਾ ਵੀ ਨਹੀਂ ਮਿਲਿਆ। ਬਸ ਇਹ ਮੇਰਾ ਗਿਲਾ ਹੈ।

ਅਜਿਹਾ ਸਮਾਜ ਵੇਖਣ ਦੀ ਇੱਛਾ ਹੈ ਜਿਸ ਦੇ ਵਿਚ ਮਨੁੱਖ ਦੇ ਹਥੋਂ ਮਨੁੱਖ ਦੀ ਲੁੱਟ-ਖਸੁੱਟ ਦਾ ਖਾਤਮਾ ਹੋਵੇ ਅਤੇ ਕੁਰਲਾ ਕੇ ਕੋਈ ਇਹ ਨਾ ਆਖੇ :

*"ਮਹਿਲ ਮਾੜੀਆਂ ਸਭ ਮੈਂ ਹੀ ਉਸਾਰੇ,*
*ਰਾਤਾਂ ਗੁਜ਼ਾਰਾਂ ਮੈਂ ਸੜਕ ਕਿਨਾਰੇ।*
*ਕੱਪੜੇ ਦੀ ਥਾਂ ਮੈਂ ਚੰਮ ਹੰਢਾਵਾਂ,*
*ਚਮੜੀ ਹੈ ਮੇਰੀ ਲੋਵ ਨਿਰਾਲੀ।*
*ਤਨ 'ਤੇ ਨਾ ਕੱਪੜਾ, ਛਾਈ ਕੰਗਾਲੀ,*
*ਸਾਡੀ ਗਰੀਬਾਂ ਦੀ ਦੁਨੀਆਂ ਨਿਰਾਲੀ।*
*ਅਮੀਰਾਂ ਦੇ ਜਿਹੜੇ ਦੀਵੇ ਨੇ ਬਲਦੇ,*
*ਲਹੂ ਤੇਲ ਦੀ ਥਾਂ ਸਾਡੇ ਨੇ ਬਲਦੇ।*
*ਸਾਡੀ ਜਗਾਈਏ, ਜਗਦੀ ਦੀਵਾਲੀ,*
*ਸਾਡੀ ਕੁੱਲੀ ਵਿਚ ਛਾਈ ਰਾਤ ਕਾਲੀ।"*

ਅਜਿਹਾ ਸਮਾਜ, ਜਿਸ ਵਿਚ ਭੁੱਖ-ਨੰਗ, ਅਨਪੜ੍ਹਤਾ ਅਤੇ ਬੇਕਾਰੀ ਨਾ ਹੋਵੇ, ਜਿਸ ਵਿਚ ਔਰਤ ਪਾਧੀਨ ਨਾ ਹੋਵੇ, ਸਮਾਜ ਦੇ ਬੰਧਨਾਂ ਵਿਚ ਜਕੜੀ ਨਾ ਹੋਵੇ, ਅਜਿਹਾ ਸਮਾਜ, ਜਿਸ ਵਿਚ ਜਾਤ ਅਤੇ ਧਰਮ ਦਾ ਵਿਤਕਰਾ ਨਾ ਹੋਵੇ, ਸਾਂਝੀਵਾਲਤਾ ਅਤੇ ਮਾਨਵ ਪ੍ਰੇਮ ਉਤੇ ਆਧਾਰਤ ਅਜਿਹੇ ਸਮਾਜ ਦੀ ਸਥਾਪਤੀ ਲਈ ਮਨੁੱਖਤਾ ਸਦੀਆਂ ਤੋਂ ਸੰਘਰਸ਼ ਕਰਦੀ ਆ ਰਹੀ ਹੈ।

ਭਾਰਤ ਦੀ ਧਰਤੀ ਉਤੇ ਸੈਂਕੜੇ ਲੋਕਾਂ ਨੇ ਆਜ਼ਾਦੀ ਦੀ ਲੜਾਈ ਵਿਚ ਸ਼ਹੀਦੀਆਂ ਦਿੱਤੀਆਂ, ਜਾਨਾਂ ਵਾਰੀਆਂ, ਬਦਕਿਸਮਤੀ ਨਾਲ ਅੱਜ ਰਾਜਨੀਤੀ ਪੈਸਾ ਕਮਾਉਣ ਦਾ ਹੀ ਸਾਧਨ ਬਣ ਕੇ ਰਹਿ ਗਈ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਨੌਜਵਾਨ ਸਾਥੀ ਹੁਬਲਵਤਨੀ ਦੇ ਜਜ਼ਬੇ ਨਾਲ ਦੇਸ ਅਤੇ ਦੇਸ ਦੀ ਗਰੀਬ ਜਨਤਾ ਦੀ ਸੱਚੀ ਸੇਵਾ ਕਰਨ ਦੀ ਭਾਵਨਾ ਨਾਲ ਰਾਜਨੀਤੀ ਦੇ ਮੈਦਾਨ ਵਿਚ ਆਉਣ ਤੇ ਸਮਾਜ ਵਿਚ ਬੁਨਿਆਦੀ ਇਨਕਲਾਬੀ ਪਰਿਵਰਤਨ ਲਿਆਉਣ ਲਈ ਸੰਘਰਸ਼ ਨੂੰ ਮਜ਼ਬੂਤ ਕਰਨ।

**ਦਸੰਬਰ 1997**

ਅੱਜ ਅਸੀਂ ਛੇਹਰਟਾ ਦੇ ਇਕ ਪਰਿਵਾਰ ਵਿਚ ਨਵੀਂ ਜਨਮੀ ਬੱਚੀ ਨੂੰ ਵੇਖਣ ਗਏ ਸੀ। ਉਸ ਬੱਚੀ ਦਾ ਨਾਂਅ, 'ਤਮੰਨਾ' ਰੱਖਿਆ ਗਿਆ ਹੈ। ਪਤਾ ਲੱਗਿਆ ਕਿ ਹੋਰ ਭੈਣਾਂ ਅਤੇ ਭਰਾਵਾਂ ਨੇ ਆਪਣੀਆਂ ਤਿੰਨ ਬੇਟੀਆਂ ਦੇ ਨਾਂਅ ਬਹਾਰ, ਸੁਬ੍ਹਾ ਤੇ ਗ਼ਜ਼ਲ ਰੱਖੇ ਹਨ। ਬਹਾਰ, ਸੁਬ੍ਹਾ ਤੇ ਗ਼ਜ਼ਲ ਤੇ ਤਮੰਨਾ ਇਹ ਸੁੰਦਰ ਨਾਂਅ ਧੀਆਂ ਲਈ ਪਿਆਰ ਅਤੇ ਸਤਿਕਾਰ ਦਰਸਾਉਂਦੇ ਹਨ। ਸਮਾਜ ਵਿਚ ਧੀਆਂ ਤੇ ਪੁੱਤਰਾਂ ਦੀ ਬਰਾਬਰੀ ਦੇ ਪ੍ਰਤੀਕ ਹਨ ਇਹ ਨਾਂਅ।

ਦੂਜੇ ਪਾਸੇ ਇਹ ਬਹੁਤ ਅਫਸੋਸ ਦੀ ਗੱਲ ਹੈ ਕਿ ਦੇਸ ਵਿਚ ਜਨਮ ਤੋਂ ਪਹਿਲਾਂ ਹੀ ਲਿੰਗ ਜਾਚਣ ਦੇ ਟੈਸਟ ਆਰੰਭ ਹੋ ਗਏ ਹਨ ਤੇ ਕਈ ਪਰਿਵਾਰਾਂ ਵਿਚ ਸਾਨੂੰ ਮਜਬੂਰ ਕੀਤਾ ਜਾਂਦਾ ਕਿ ਲੜਕੀ ਹੋਣ ਦੀ ਸੂਰਤ ਵਿਚ ਅਬੋਰਸ਼ਨ ਕਰ ਕੇ ਉਸ ਨੂੰ ਖਤਮ ਕਰ ਦੇਵੇ। ਜ਼ਿਆਦਾਤਰ ਸਹੁਰੇ ਹੀ ਨੂੰਹਾਂ ਨੂੰ ਅਜਿਹਾ ਕਰਨ ਉਤ ਮਜਬੂਰ ਕਰਦੇ ਹਨ।

ਬੇਗੁਨਾਹ ਲੜਕੀਆਂ ਅੱਜ ਦੇ ਮਰਦ ਪ੍ਰਧਾਨ ਸਮਾਜ ਵਿਚ ਜ਼ੁਲਮ ਅਤੇ ਅਤਿਆਚਾਰਾਂ ਦਾ ਸ਼ਿਕਾਰ ਹਨ। ਹਾਲ ਹੀ ਵਿਚ ਮਹਿਲ ਕਲਾਂ (ਸੰਗਰੂਰ) ਦੇ ਵਿਚ ਕਿਰਨਜੀਤ ਦੇ ਵਹਿਸ਼ਿਆਨਾ ਬਲਾਤਕਾਰ ਤੋਂ ਬਾਅਦ ਹੱਤਿਆ ਕਰਨ ਦਾ ਦਿਲ ਹਿਲਾਉਣ ਵਾਲਾ ਕਾਂਡ ਹੋਇਆ। ਲੱਖਾਂ ਲੋਕਾਂ ਨੇ ਲੰਮੇ ਤੇ ਅਣਥੱਕ ਸੰਘਰਸ਼ ਉਪਰੰਤ ਮੁਜਰਿਮ ਫੜਵਾਏ ਹਨ। ਇਸ ਅਮਾਨਵੀ ਅਪਰਾਧ ਨੂੰ ਛੁਪਾਉਣ ਵਾਲੇ ਪੁਲਸ ਅਫਸਰਾਂ ਨੂੰ ਅਜੇ ਵੀ ਸਜ਼ਾ ਨਹੀਂ ਮਿਲੀ। ਮਲੋਟ ਵਿਚ ਇਕ ਪ੍ਰਦਰਸ਼ਨ ਦੀ ਰਹਿਨੁਮਾਈ ਕਰਦੀ ਹੋਈ ਮੰਨੀ-ਪ੍ਰਮੰਨੀ ਇਸਤਰੀ ਆਗੂ ਸੁਦੇਸ਼ ਕੁਮਾਰੀ ਦੇ ਆਪ ਆਣ ਕੇ ਡੀ.ਐਸ.ਪੀ. ਸੱਜਣ ਸਿੰਘ ਨੇ ਮੂੰਹ ਉਤੇ ਥੱਪੜ ਕੱਸ ਮਾਰੀ। ਸ਼ਾਹਕੋਟ ਦੇ ਪਿੰਡ ਫਤਿਹਪੁਰ ਭੰਗਵਾਂ ਵਿਚ ਪੁਲਸ ਵਧੀਕੀਆਂ ਦਾ ਸ਼ਿਕਾਰ ਮਾਤਾ ਤੇਜ ਕੌਰ ਦੀ ਹੱਤਿਆ ਕੀਤੀ ਗਈ। ਅਜਿਹੇ ਵਧ ਰਹੇ ਜ਼ੁਲਮਾਂ ਦੇ ਵਿਰੁਧ ਸਰਬ-ਵਿਆਪੀ ਰੋਸ ਦਾ ਪ੍ਰਗਟਾਵਾ ਹੋਇਆ।

ਇਸਤਰੀਆਂ ਰਾਜ ਅਸੰਬਲੀਆਂ ਅਤੇ ਪਾਰਲੀਮੈਂਟ ਵਿਚ 33 ਫੀਸਦੀ ਪ੍ਰਤੀਨਿਧਤਾ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੀਆਂ ਹਨ। ਪਿੰਡਾਂ ਦੀਆਂ ਪੰਚਾਇਤਾਂ, ਜ਼ਿਲਾ ਪ੍ਰੀਸ਼ਦਾਂ, ਨਗਰ ਪਾਲਿਕਾਵਾਂ ਵਿਚ ਪ੍ਰਤੀਨਿਧਤਾ ਸਦਕਾ 8 ਲੱਖ ਇਸਤਰੀਆਂ ਨੂੰ ਇਨ੍ਹਾਂ ਅਦਾਰਿਆਂ ਵਿਚ ਨੁਮਾਇੰਦਗੀ ਮਿਲੇਗੀ। ਰਾਜ ਅਸੰਬਲੀਆਂ ਤੇ ਪਾਰਲੀਮੈਂਟ ਵਿਚ ਇਕ ਤਿਹਾਈ ਨੁਮਾਇੰਦਗੀ ਨਾਲ ਸਾਰੇ ਦੇਸ ਦਾ ਨਕਸ਼ਾ ਬਦਲ ਜਾਵੇਗਾ। ਇਹ ਮੰਗ ਹੱਕ-ਬਜਾਨਬ ਹੈ ਅਤੇ ਪੂਰੀ ਹੋਣੀ ਚਾਹੀਦੀ ਹੈ।

-0-

# "ਹਮ ਸਰ ਕੋ ਝੁਕਾਨਾ ਕਿਆ ਜਾਨੇ"

– ਵਿਮਲਾ ਡਾਂਗ

ਸੀ.ਪੀ.ਆਈ. ਪੰਜਾਬ ਦੀ 20ਵੀਂ ਸੂਬਾ ਕਾਨਫਰੰਸ ਦੇ ਡੈਲੀਗੇਟ ਸਾਥੀਓ! ਸਤਿਕਾਰਯੋਗ ਕੌਮੀ ਆਗੂਓ, ਮੁਅਜਿਜ਼ ਮਹਿਮਾਨੋ!

ਤਰਨਤਾਰਨ ਦੀ ਪਵਿੱਤਰ ਧਰਤੀ ਉੱਤੇ ਅਰਜਨ ਸਿੰਘ ਗੜਗੱਜ ਨਗਰ ਵਿਚ ਸਾਥੀ ਗੜਗੱਜ ਅਤੇ ਹੋਰ ਕਮਿਊਨਿਸਟ ਸਾਥੀਆਂ ਨੂੰ ਲਾਲ ਸਲਾਮ ਪੇਸ਼ ਕਰਦੀ ਹਾਂ ਜਿਨ੍ਹਾਂ ਆਪਣੀਆਂ ਕੁਰਬਾਨੀਆਂ ਦੇ ਕੇ ਲਾਲ ਝੰਡੇ ਦੀ ਸ਼ਾਨ ਨੂੰ ਉਚਿਆਂ ਰੱਖਿਆ, ਆਪਣੇ ਲਹੂ ਨਾਲ ਹੋਰ ਸੁਰਖ ਕੀਤਾ ਹੈ।

ਤੁਸੀਂ ਆਪਣੀਆਂ ਜ਼ਿਲਾ ਕਾਨਫਰੰਸਾਂ ਵਿਚ ਪਿਛਲੀਆਂ ਸਰਗਰਮੀਆਂ ਤੇ ਵਿਚਾਰਾਂ ਕੀਤੀਆਂ ਹੋਣਗੀਆਂ। ਸੀ.ਪੀ.ਆਈ. ਦੀ ਹੈਦਰਾਬਾਦ ਕਾਂਗਰਸ 23 ਮਾਰਚ ਨੂੰ ਆਰੰਭ ਹੋਵੇਗੀ ਅਤੇ ਅਹਿਮ ਕਾਰਜ ਉਲੀਕੇਗੀ। ਨੀਤੀਆਂ ਤਹਿ ਕਰੇਗੀ ਪਾਰਟੀ ਦਾ ਸਿਆਸੀ ਖਰੜਾ ਮਹੀਨਾ ਪਹਿਲਾ ਵੰਡਿਆ ਜਾਵੇਗਾ।

ਮੌਜੂਦਾ ਸਰਕਾਰ ਦੀਆਂ ਆਰਥਿਕ ਨੀਤੀਆਂ, ਨਿਜੀਕਰਣ, ਉਦਾਰੀਕਰਣ, ਵਿਸ਼ਵੀਕਰਣ, ਸਾਮਰਾਜਵਾਦ ਦੇ ਘਿਨੌਣੇ ਰੂਪ ਤੇ ਭੂ-ਮੰਡਲੀਕਰਨ ਨੇ ਦੇਸ ਦੀ ਆਰਥਿਕਤਾ ਨੂੰ ਭਾਰੀ ਸੱਟ ਮਾਰੀ ਹੈ। ਸਰਕਾਰ ਤਰੱਕੀ ਤੇ ਵਿਕਾਸ ਦੇ ਦਾਅਵੇ ਕਰਦੀ ਹੈ ਪਰ ਆਰਥਿਕ ਨਾ-ਬਰਾਬਰੀ ਤੇ ਬੇਮਿਸਾਲ ਰੁਕਾਵਟਾਂ ਆਮ ਬੰਦੇ ਝੱਲ ਰਹੇ ਹਨ। ਇਕ ਪਾਸੇ ਰਿਲਾਇੰਸ ਦੇ ਮਾਲਕ ਅੰਬਾਨੀ ਦੀ ਦੌਲਤ 48 ਲੱਖ ਰੁ: ਪ੍ਰਤੀ ਮਿੰਟ ਵਧਣ ਦਾ ਅਨੁਮਾਨ ਹੈ ਅਤੇ ਦੂਜੇ ਪਾਸੇ ਗਰੀਬੀ ਵਿਚ ਡੁੱਬੀ ਬਹੁਗਿਣਤੀ 20 ਰੁਪੈ ਤੋਂ ਵੀ ਘਟ ਤੇ ਰੋਜ਼ਾਨਾ ਗੁਜ਼ਾਰਾ ਕਰਨ ਤੇ ਮਜਬੂਰ ਹੈ। ਕਿਸਾਨਾਂ ਦੀਆਂ ਖੁਦਕਸ਼ੀਆਂ ਵਿਚ ਪੰਜਾਬ ਦੇ ਕਿਸਾਨ ਵੀ ਸ਼ਾਮਲ ਹਨ। ਸਰਕਾਰ ਜੀਵਨ ਵਿਚ ਜ਼ਰੂਰੀ ਲੋੜਾਂ ਵਾਲੇ ਪਦਾਰਥਾਂ ਦੀਆਂ ਵਧਾਈਆਂ ਕੀਮਤਾਂ ਕੰਟਰੋਲ ਕਰਨ ਵਿਚ ਫੇਲ੍ਹ ਹੋਈ ਹੈ। ਸਰਕਾਰ ਦਾ ਦਾਅਵਾ ਕਿ ਰਾਜ ਦੇ ਪਹਿਲੇ ਸਾਲ ਵਿਚ ਚਾਰ ਰੁਪੈ ਕਿਲੋ ਕਣਕ ਤੇ ਦਾਲ 20 ਰੁਪੈ ਕਿਲੋ ਦਾ ਫਾਇਦਾ 14 ਲੱਖ ਪਰਿਵਾਰਾਂ ਨੂੰ ਪਹੁੰਚਾਇਆ ਜਾਵੇਗਾ ਇਕ ਢਕੋਸਲਾ ਸਾਬਤ ਹੋਇਆ ਹੈ। ਪੈਟਰੋਲ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਲੋਕਾਂ ਦੀ ਕਮਰ ਤੋੜ ਰਹੀਆਂ ਨੇ। ਆਟਾ ਦਾਲਾਂ ਲੈਣ ਤੋਂ ਸੈਂਕੜੇ ਹੱਕੀ ਪਰਿਵਾਰ ਵਾਂਝੇ ਰਹਿ ਗਏ ਹਨ। ਗਰੀਬਾਂ ਦੇ ਬੱਚੇ ਪੜ੍ਹ ਨਹੀਂ ਸਕਦੇ। ਪੰਜਾਬ ਵਿਚ ਇਕ ਲੱਖ ਤੋਂ ਵਧ ਬੱਚੇ ਸਕੂਲੋਂ ਬਾਹਰ ਬੈਠੇ ਰਹਿੰਦੇ ਹਨ ਤੇ ਸਰਕਾਰ ਆਦਰਸ਼ ਸਕੂਲ ਖੋਲ੍ਹ-ਖੋਲ੍ਹ ਕੇ ਸਿਖਿਆ ਦਾ ਨਿਜੀਕਰਣ ਕਰੀ ਜਾ ਰਹੀ ਹੈ।

ਕਾਰਪੋਰੇਟ ਸੈਕਟਰ ਵਿਚ ਪੂੰਜੀ ਦਾ ਜਬਰਦਸਤ ਵਿਕਾਸ ਹੋ ਰਿਹਾ ਹੈ ਪਰ ਚਾਰ ਕਰੋੜ ਬੰਦੇ ਖੁਦਰਾ ਵਿਓਪਾਰ ਦਾ ਕਾਰੋਬਾਰ ਕਰਦੇ ਹਨ ਜੋ ਮਲਟੀ ਨੈਸ਼ਨਲ ਕੰਪਨੀਆਂ ਰਿਲਾਇੰਸ, ਭਾਰਤ ਮਿੱਤਲ ਦੀਆਂ ਕੰਪਨੀਆਂ ਦਾ ਸ਼ਿਕਾਰ ਹੋ ਰਹੇ ਹਨ। ਰੇਹੜੀਆਂ ਵਾਲੇ ਤੇ ਛੋਟੇ ਦੁਕਾਨਦਾਰ ਵੀ ਤਬਾਹ ਬਰਬਾਦ ਹੋ ਰਹੇ ਹਨ। ਭਾਰਤ ਵਿਚ 600 ਸੇਜ਼ (ਸਪੈਸ਼ਲ ਇਕਨੌਮਿਕ ਜ਼ੋਨ) ਬਣ ਰਹੀਆਂ ਨੇ। ਅਜ ਦੇਸ ਵਿਚ ਕਿਸਾਨਾਂ ਦੀ ਜ਼ਮੀਨ ਖੋਹ ਕੇ ਇਨ੍ਹਾਂ ਨੂੰ ਉਜਾੜਿਆ ਜਾ ਰਿਹਾ ਹੈ। ਕਮਿਊਨਿਸਟ ਪਾਰਟੀ ਦੀ ਪੱਕੀ ਰਾਏ ਹੈ ਕਿ ਸਪੈਸ਼ਲ ਇਕਨੌਮਿਕ ਜ਼ੋਨ ਆਮ ਲੋਕਾਂ ਦੀ ਤਰੱਕੀ ਲਈ ਨਹੀਂ ਹਨ।

ਸਰਕਾਰ ਦੀ ਵਿਦੇਸ਼ ਨੀਤੀ ਵੀ ਦੇਸ ਦੇ ਹਿਤਾਂ ਵਿਰੋਧੀ ਰਹੀ ਹੈ। ਅਮਰੀਕਾ ਸਾਡੇ ਸਮਾਜ ਨੂੰ ਹਰ ਪਾਸਿਓਂ ਖੋਖਲਾ ਕਰਨਾ ਚਾਹੁੰਦਾ ਹੈ । ਸਮੁੰਦਰੀ ਤੇ ਜ਼ਮੀਨੀ ਬਾਹਰੀ ਪੁਲਾੜ ਉੱਤੇ ਆਪਣਾ ਦਬਦਬਾ ਬਣਾਉਣਾ ਚਾਹੁੰਦਾ ਹੈ। ਚੌਧਰੀ ਵਾਂਗ ਚੌਧਰ ਕਰਨਾ ਚਾਹੁੰਦਾ ਹੈ। ਅਮਰੀਕਾ ਭਾਰਤ ਨੂੰ ਵੀ ਆਪਣੇ ਵਲ ਖਿਚਦੈ। ਪਾਰਟੀ ਨੇ ਪ੍ਰਮਾਣੂ ਕਰਾਰ ਵਿਰੁਧ ਲਗਾਤਾਰ ਆਵਾਜ਼ ਉਠਾਈ ਅਤੇ ਦਬਾਅ ਨਾਲ ਹਾਉਸ ਵਿਚ ਬਹਿਸ ਕਰਵਾਈ।

## 20ਵੀਂ ਸੂਬਾ ਕਾਨਫਰੰਸ (ਤਰਨਤਾਰਨ, 29 ਫਰਵਰੀ) ਵਿਚ ਲਾਲ ਝੰਡਾ ਲਹਿਰਾਉਣ ਸਮੇਂ ਕੀਤਾ

ਬਹੁਮਤ ਪ੍ਰਮਾਣੂ ਕਰਾਰ ਦੇ ਖਿਲਾਫ ਸੀ ਇਸੇ ਲਈ ਖੱਬੇ ਪਖੀਆਂ ਦੇ ਸਖਤ ਵਿਰੋਧ ਕਾਰਨ ਸਰਕਾਰ ਨੂੰ ਪਿਛੇ ਹਟਣਾ ਪਿਆ।

ਦੇਸ ਵਿਚੋਂ ਫਿਰਕਾਪ੍ਰਸਤ ਆਤੰਕਵਾਦੀਆਂ ਨੂੰ ਪਛਾੜਣ ਲਈ ਕਮਿਊਨਿਸਟ ਪਾਰਟੀ ਪੂਰਾ ਤਾਣ ਲਗਾਵੇਗੀ। ਇਨ੍ਹਾਂ ਦਾ ਖਤਰਾ ਘਟਿਆ ਨਹੀਂ ਜੋ ਰਾਜਸਥਾਨ, ਮਧ-ਪ੍ਰਦੇਸ਼, ਉਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਚ ਮੌਜੂਦ ਹੈ। ਇਨ੍ਹਾਂ ਪਰਾਂਤਾਂ ਦੀਆਂ ਸਰਕਾਰਾਂ ਵੀ ਇਨ੍ਹਾਂ ਨੂੰ ਰੋਕਣ ਲਈ ਕੁਝ ਨਹੀਂ ਕਰ ਰਹੀਆਂ। ਪੰਜਾਬ, ਬਿਹਾਰ ਤੇ ਉੜੀਸਾ ਵਿਚ ਸਤਾ ਵਿਚ ਸਾਂਝੇਦਾਰੀਆਂ ਚਲ ਰਹੀਆਂ ਹਨ। ਪਿਛਾਂਹਖਿਚੂ ਫਿਰਕੂ ਪਾੜਾ ਵਧਾਉਣ ਦੀ ਰਾਜਨੀਤੀ ਤੇ ਚਲਦੇ ਹਨ। ਕੇਵਲ ਖਬੀਆਂ ਪਾਰਟੀਆਂ ਮੁਕਾਬਲਾ ਕਰ ਰਹੀਆਂ ਹਨ। ਪੰਜਾਬ ਵਿਚ ਅਕਾਲੀ-ਬੀ.ਜੇ.ਪੀ. ਗਠਜੋੜ ਨੇ ਕਿਸਾਨਾਂ ਦੇ ਕਰਜ਼ੇ ਮਾਫੀ ਦੀ ਮੰਗ ਨੂੰ ਲੈ ਕੇ ਇਨਸਾਫ ਰੈਲੀ ਦੇ ਨਾਂ ਤੇ ਲੋਕਾਂ ਨੂੰ ਗੁਮਰਾਹ ਕੀਤਾ। ਸਭ ਨੂੰ ਪਤਾ ਹੈ ਕਿ ਗੁਰਦੁਆਰਿਆਂ ਦਾ ਥਾਂ-ਥਾਂ ਲੰਗਰ ਲਾ ਕੇ ਅਤੇ ਨਜਾਇਜ਼ ਢੰਗ ਨਾਲ ਟਰਾਂਸਪੋਰਟ ਦੇ ਕਰਮਚਾਰੀਆਂ ਤੇ ਗੱਡੀਆਂ ਲਾ ਕੇ ਰੈਲੀ ਲਈ ਲੋਕ ਇਕੱਠੇ ਕੀਤੇ.... ਪਰ ਕੀਤਾ ਕੀ? ਲੋਕਾਂ ਲਈ ਕੁਝ ਨਹੀਂ ਕੀਤਾ। ਕਾਂਗਰਸ ਨੇ ਵੀ ਰਾਜਨੀਤੀ ਹੀ ਕੀਤੀ। ਕਿਸਾਨਾਂ ਦੇ ਕਰਜ਼ੇ ਮਾਫੀ ਨੂੰ ਹੱਥ ਨਹੀਂ ਪਾਇਆ। ਅਕਾਲੀ ਦਲ ਤੇ ਭਾਜਪਾ ਦੇ ਰੈਲੀ ਤੇ ਕੀਤੇ ਗਏ ਵਾਇਦੇ-ਫੋਕੇ ਹੀ ਰਹਿ ਗਏ।

ਅੱਜ ਚਿਦੰਬਰਮ ਦੇ ਆਰਥਿਕ ਸਰਵੇ ਕਰਨ ਅਤੇ ਫਿਰ ਕਰਜ਼ੇ ਮਾਫ ਕਰਨ ਦੀ ਸੰਭਾਵਨਾ ਦੀ ਗੱਲ ਚਲੀ ਹੈ ਪਰ ਗਰੀਬਾਂ ਲਈ ਹਾਲੇ ਕੋਈ ਰਾਹਤ ਨਹੀਂ। ਖੱਬਾ ਜਮਹੂਰੀ ਬਦਲ ਪਾਰਲੀਮੈਂਟ ਵਿਚ ਨਾ ਕੇਵਲ ਦਲਿਤਾਂ, ਆਦੀਵਾਸੀਆਂ ਅਤੇ ਮੁਸਲਮਾਨਾਂ ਅਤੇ ਹੋਰ ਘਟ-ਗਿਣਤੀਆਂ ਦੇ ਮਸਲੇ ਹੀ ਉਠਾਏਗਾ ਬਲਕਿ ਹੋਰ ਵੀ ਲੋਕ-ਪੱਖੀ ਮਸਲੇ ਉਠਾਉਂਦਾ ਹੈ ਤੇ ਸੀ.ਪੀ.ਆਈ. ਵੀ ਆਪਣਾ ਬਣਦਾ ਯੋਗਦਾਨ ਪਾ ਰਹੀ ਹੈ।

ਸਾਡੀ ਪਾਰਟੀ ਨੇ ਸਪਸ਼ਟ ਕਿਹਾ ਹੈ ਕਿ ਖੱਬਾ ਜਮਹੂਰੀ ਬਦਲ ਸਾਡੇ ਅੰਦਲਨਾਂ ਦੀ ਸਾਂਝ ਵਿਚੋਂ ਨਿਕਲੇਗਾ ਪਾਰਟੀ ਗਠਜੋੜਾਂ ਵਿਚੋਂ ਨਹੀਂ। ਸਾਡਾ ਨਿਸ਼ਾਨਾ ਸਮਾਜਵਾਦ ਦੇ ਰਾਹ ਜਾਣਾ ਹੈ ਤੇ ਸਰਮਾਏਦਾਰੀ ਜਗੀਰਦਾਰੀ ਦਾ ਖਾਤਮਾ ਕਰਨਾ ਹੈ। ਸਰਮਾਏਦਾਰੀ ਲੋਕਾਂ ਦੇ ਮਸਲੇ ਹੱਲ ਨਹੀਂ ਕਰ ਸਕਦੀ। ਸਾਡੀ ਪਾਰਟੀ ਖਬੀਆਂ ਪਾਰਟੀਆਂ ਦੀ ਏਕਤਾ ਸੀ.ਪੀ.ਆਈ.-ਸੀ.ਪੀ.ਆਈ.(ਐਮ) ਦੀ ਏਕਤਾ ਦਿਲੋਂ ਚਾਹੀਦੀ ਹੈ ਇਹ ਏਕਤਾ ਸਾਡੀ ਦਿਲੋਂ ਹੋਣੀ ਚਾਹੀਦੀ ਹੈ।

ਦੁਨੀਆਂ ਵਿਚ ਸ਼ਾਤੀ ਪੂਰਣ ਬਦਲ ਹੋ ਰਿਹਾ ਹੈ। ਯੂਰਪੀ ਅਤੇ ਲੈਟਿਨ ਅਮਰੀਕੀ ਮੁਲਕਾਂ ਨੇ ਸ਼ਾਂਤੀ ਪੂਰਣ ਪ੍ਰਗਤੀਸ਼ੀਲ ਸਰਕਾਰਾਂ ਬਣਾਈਆਂ ਹਨ ਤੇ ਗਲੋਬਲਾਈਜੇਸ਼ਨ ਦਾ ਜਬਰਦਸਤ ਵਿਰੋਧ ਕੀਤਾ ਹੈ। ਸਾਡੀ ਪਾਰਟੀ ਪੜੋਸੀ ਮੁਲਕਾਂ ਦੇ ਅੰਦੋਲਨਾਂ ਖਾਸ ਕਰਕੇ ਪਾਕਿਸਤਾਨ ਵਿਚ ਮੁਸ਼ੱਰਫ ਦੀ ਹਾਰ ਦੀ ਅਹਿਮੀਅਤ ਸਮਝਦੀ ਹੈ। ਪੰਜਾਬ ਵਿਚ ਅਸੀਂ ਸੰਘਰਸ਼ ਕੀਤਾ ਜਿਸ ਵਿਚ ਨੌਜਵਾਨ, ਕਿਸਾਨ, ਖੇਤ ਮਜ਼ਦੂਰ, ਵਿਦਿਆਰਥੀ ਅਤੇ ਔਰਤਾਂ ਨੇ ਵਡੀ ਗਿਣਤੀ ਵਿਚ ਹਿਸਾ ਲਿਆ। ਔਰਤਾਂ ਲਈ 33 ਫੀਸਦੀ ਰਿਜਰਵੇਸ਼ਨ ਅਤੇ ਗਰੀਬ ਮਜ਼ਦੂਰਾਂ ਲਈ ਰਿਹਾਇਸ਼ੀ ਮਕਾਨ ਬਣਾਉਣ ਦੀ ਸਮੇਂ-ਸਮੇਂ ਮੰਗ ਕੀਤੀ ਗਈ ਹੈ ਅਤੇ ਕਰਦੇ ਰਹਾਂਗੇ ਜਦ ਤਕ ਕਿ ਹਾਲਾਤ ਖੁਸ਼ਗਵਾਰ ਨਹੀਂ ਹੋ ਜਾਂਦੇ। ਸ਼ਾਇਰ ਕਾਮਰੇਡ ਮੁਨਸ਼ੀ ਨੇ ਠੀਕ ਹੀ ਕਿਹਾ ਹੈ :-

*ਹਮ ਕਾਮ ਕੇ ਨਗਮੇ ਗਾਤੇ ਹੈਂ, ਬੇ-ਕਾਮ ਤਰਾਨਾ ਕਿਆ ਜਾਨੇ,*
*ਜੋ ਸਿਰਫ ਅਮਲ ਕੇ ਬੰਦੇ ਹੈਂ, ਵੋ ਬਾਤ ਬਨਾਨਾ ਕਿਆ ਜਾਨੇ,*
*ਬੇਖੌਫ ਚਲੇਂ ਸੰਗੀਨੋਂ ਪੇ, ਔਰ ਰੋਕ ਲੇਂ ਗੋਲੀ ਸੀਨੋਂ ਪੇ,*
*ਲਿਖਾ ਹੈ ਹਮਾਰੀ ਜਬੀਨੋਂ ਪੇ, ਹਮ ਸਰ ਕੋ ਝੁਕਾਨਾ ਕਿਆ ਜਾਨੇ।*

-0-

# ਵਿਮਲਾ ਜੀ ਦੀਆਂ ਯਾਦਾਂ ਤੇ ਅਗਵਾਈ ਸਦਾ ਸਾਡੇ ਨਾਲ ਰਹੇਗੀ

– ਮੁਹਿੰਦਰ ਸਾਂਬਰ –

ਉਮਰ ਭਰ ਤਿਲ-ਤਿਲ ਜਲੇ, ਖਾ ਕਸਮ ਤੇਰੇ ਨਾਮ ਦੀ,
ਐ ਵਤਨ ਇਕ ਹੋਰ ਜੋਤੀ ਬੁਝ ਗਈ ਸੰਗਰਾਮ ਦੀ।

ਵਿਮਲਾ ਜੀ ਦੇ ਵਿਛੋੜੇ ਦੀ ਮਨਹੂਸ ਖਬਰ 10 ਮਈ ਸਵੇਰੇ ਮਿਲੀ ਜਿਵੇਂ ਦਿਲ ਬੈਠ ਹੀ ਗਿਆ ਕਈ ਦਿਨਾਂ ਤੋਂ ਉਹਨਾਂ ਦੀ ਬਿਮਾਰੀ ਦੀ ਖਬਰ ਸੀ ਤੇ ਹਸਪਤਾਲ ਵਿਚ ਦਾਖਲ ਸਨ। ਮਨ ਸੁੰਨਾ ਸੁੰਨਾ ਹੋ ਗਿਆ ਤੇ ਹੁਣ ਅੰਮ੍ਰਿਤਸਰ ਖਾਲੀ ਖਾਲੀ ਲਗਦਾ ਹੈ। 1965 ਵਿਚ ਜਦੋਂ ਪੰਜਾਬ ਇਸਤਰੀ ਸਭਾ ਦੀ ਪਹਿਲੀ ਕਾਨਫਰੰਸ ਦੇਸ਼ਭਗਤ ਯਾਦਗਾਰ ਹਾਲ ਵਿਚ ਹੋਈ। ਵਿਮਲਾ ਜੀ ਜਨਰਲ ਸਕੱਤਰ ਚੁਣੇ ਗਏ। ਹਰਿਆਣਾ, ਪੰਜਾਬ ਇਕੱਠਾ ਸੀ ਮੈਂ ਉਸ ਵੇਲੇ ਤੋਂ ਹੁਣ ਤਕ ਉਹਨਾਂ ਦੇ ਨਾਲ-ਨਾਲ ਤੇ ਉਹਨਾਂ ਦੀ ਅਗਵਾਈ ਵਿਚ ਕੰਮ ਕਰ ਰਹੀ ਸੀ। ਭਾਵੇਂ 1991 ਦੇ ਫਰੀਦਕੋਟ ਵਿਚ ਹੋਏ ਪੰਜਾਬ ਇਸਤਰੀ ਸਭਾ ਦੇ ਅਜਲਾਸ ਵਿਚ ਉਹਨਾਂ ਬੀਬੀ ਉਸ਼ਮਾ ਰੇਖੀ, ਬੀਬੀ ਹਾਕਮ ਦੇਵੀ, ਬੀਬੀ ਕੈਲਾਸ਼ ਵੰਤੀ ਤੇ ਸ੍ਰੀਮਤੀ ਤਾਰਾ ਰੈਡੀ ਜਿਹੜੇ ਉਸ ਵੇਲੇ ਭਾਰਤੀ ਮਹਿਲਾ ਫੈਡਰੇਸ਼ਨ ਦੇ ਜਨਰਲ ਸਕੱਤਰ ਸਨ ਸਭਨੇ ਰਲ ਕੇ ਮੇਰੇ ਤੇ ਜ਼ਿੰਮੇਵਾਰੀ ਪਾਈ ਤੇ ਵਿਮਲਾ ਜੀ ਨੇ ਕਿਹਾ ਕਿ ਮੈਂ ਨਾਲ ਮਦਦ ਕਰਦੀ ਰਹਾਂਗੀ। ਮੈਂ ਹੁਣ ਬਹੁਤਾ ਕੰਮ ਨਹੀਂ ਕਰ ਸਕਦੀ। ਮੇਰੇ ਕੋਲ ਪੰਜਾਬ ਇਸਤਰੀ ਸਭਾ ਰੀਲੀਫ ਟਰੱਸਟ ਦਾ ਕੰਮ ਵਧ ਗਿਆ ਹੈ। ਫਿਰ ਉਹ ਛੇਹਰਟਾ ਤੋਂ 1992 ਵਿਚ ਅਸੰਬਲੀ ਵਿਧਾਇਕ ਵੀ ਚੁਣੇ ਗਏ ਤੇ ਅਸੰਬਲੀ ਗਰੁੱਪ ਦੇ ਆਗੂ ਹੋਣ ਕਰਕੇ ਕੰਮ ਹੋਰ ਵਧ ਗਿਆ।

ਇਨ੍ਹਾਂ ਸਾਰੇ ਸਾਲਾਂ ਵਿਚ ਮੈਂ ਉਹਨਾਂ ਦੀ ਸਰਪ੍ਰਸਤੀ ਹੇਠ ਅਤੇ ਉਹਨਾਂ ਦੀ ਅਗਵਾਈ ਵਿਚ ਕੰਮ ਕਰਦੀ ਰਹੀ। ਮੈਨੂੰ ਜਿਵੇਂ ਉਹਨਾਂ ਨੇ ਉਂਗਲੀ ਫੜ ਕੇ ਤੋਰਿਆ, ਉਹ ਲਗਾਤਾਰ ਚਿਠੀ-ਪੱਤਰ ਰਾਹੀਂ ਤਾਲਮੇਲ ਰੱਖਦੇ ਤੇ ਸੁਝਾਅ ਲਿਖ-ਲਿਖ ਭੇਜਦੇ ਅਤੇ ਸਭਨਾਂ ਨਾਲ ਤਾਲਮੇਲ ਰੱਖਦੇ। ਲਹਿਰ ਦੇ ਸਿਰਮੌਰ ਆਗੂ ਸਨ। ਉਹਨਾਂ ਨੇ ਪੰਜਾਬ ਇਸਤਰੀ ਸਭਾ ਦੀ ਲਹਿਰ ਨੂੰ ਸਨਮਾਨਤ ਜਥੇਬੰਦੀ ਵਜੋਂ ਉਸਾਰਿਆ। ਉਹਨਾਂ ਨੇ ਇਸਤਰੀ ਲਹਿਰ ਨੂੰ ਭਰਪੂਰ ਤੇ ਕ੍ਰਾਂਤੀਕਾਰੀ ਸੰਘਰਸ਼ਸ਼ੀਲ ਅਗਵਾਈ ਦਿਤੀ। ਉਹ ਸਾਡੀ ਲਹਿਰ ਦੇ ਪ੍ਰੇਰਨਾਸਰੋਤ ਸਨ ਜਿਨ੍ਹਾਂ ਨੇ ਆਪਣੇ ਕਾਡਰ ਨੂੰ ਪਿਆਰ ਤੇ ਸਤਿਕਾਰ ਨਾਲ ਉਂਗਲੀ ਲਾ ਕੇ ਤੋਰਿਆ, ਉਨ੍ਹਾਂ ਦੇ ਪਿਆਰ ਤੇ ਸਤਿਕਾਰ ਕਾਰਨ ਅਜ ਸੈਂਕੜੇ ਔਰਤਾਂ ਇਸ ਜਥੇ-ਬੰਦੀ ਦੀ ਅਗਵਾਈ ਵਿਚ ਕੰਮ ਕਰ ਰਹੀਆਂ ਹਨ। ਤੇ ਉਹਨਾਂ ਦੇ ਪਾਏ ਪੂਰਨਿਆਂ ਤੇ ਜਥੇਬੰਦੀ ਅਗੇ ਤੋਰ ਰਹੀਆਂ ਹਨ।

ਉਹ ਭਾਰਤੀ ਮਹਿਲਾ ਫੈਡਰੇਸ਼ਨ ਦੇ ਮੀਤ ਪ੍ਰਧਾਨ ਰਹੇ ਤੇ ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸਨਮਾਨਤ ਨੈਸ਼ਨਲ ਕੌਂਸਲ ਮੈਂਬਰ ਵੀ ਰਹੇ।

ਉਹਨਾਂ ਨੇ ਅਤਵਾਦ ਦੇ ਦੌਰ ਵਿਚ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆ ਆਤੰਕਵਾਦੀ ਗੜ੍ਹਾਂ ਵਿਚ ਜਾ ਕੇ ਆਤੰਕ ਪੀੜਤ ਲੋਕਾਂ ਦੀ ਸੇਵਾ ਕੀਤੀ ਤੇ ਜਦੋਂ ਗੁਰੂਦਾਸ ਦਾਸ ਗੁਪਤਾ ਜੀ ਜੋ ਰਾਜ ਸਭਾ ਦੇ ਮੈਂਬਰ ਸਨ, ਉਹਨਾਂ ਨੇ 7-8 ਲੱਖ ਰੁਪੈ ਆਤੰਕ ਪੀੜਤ ਪਰਿਵਾਰਾਂ ਲਈ ਦਿਤੇ, ਵਿਮਲਾ ਜੀ ਨੇ ਸਭ ਨਾਲ ਮਿਲ ਕੇ ਉਸ ਦਾ ਟਰੱਸਟ ਬਣਾਇਆ ਤੇ ਹੋਰ ਸਟੇਟਾਂ ਵਿਚੋਂ ਵੀ ਪੈਸਾ ਇਕੱਠਾ ਕਰਕੇ ਸੈਂਕੜੇ ਬੱਚੇ ਜਿਨ੍ਹਾਂ ਦੇ ਕਮਾਉਣ ਵਾਲੇ ਅੱਤਵਾਦੀਆਂ ਦੀਆਂ ਘਿਣਾਉਣੀਆਂ ਕਾਰਵਾਈਆਂ ਤੇ ਦਹਿਸ਼ਤ ਦਾ ਸ਼ਿਕਾਰ ਹੋਏ ਉਹਨਾਂ ਬੱਚਿਆਂ ਨੂੰ ਪੜ੍ਹਾਇਆ, ਲਿਖਾਇਆ ਤੇ ਆਪਣੇ ਪੈਰਾਂ ਤੇ ਖੜ੍ਹਾ ਕੀਤਾ।

ਇਥੇ ਹੀ ਬਸ ਨਹੀਂ ਜਦੋਂ 1965 ਦੀ ਭਾਰਤ-ਪਾਕਿ ਜੰਗ ਹੋਈ ਤਾਂ ਸਿਧੇ ਛੇਹਰਟਾ ਵਿਚ ਬੰਬ ਡਿੱਗਦੇ, ਕਿਵੇਂ ਲੋਕਾਂ ਦੇ ਬੰਬਾਂ ਨਾਲ ਚੀਥੜੇ ਉਡ ਗਏ ਤੇ ਵਿਮਲਾ ਜੀ ਉਹਨਾ ਲੋਕਾਂ ਦੀਆਂ ਮਾਸ ਦੀਆਂ ਬੋਟੀਆਂ ਇਕੱਠੀਆਂ ਕਰਕੇ ਉਹਨਾਂ ਦੀਆਂ ਲੱਤਾਂ-ਬਾਹਾਂ ਕਿਵੇਂ ਖਿਲਰੀਆਂ ਤੇ ਉਹਨਾਂ ਨੇ ਇਕੱਠੀਆਂ ਕੀਤੀਆਂ ਅੱਖਾਂ ਵਿਚੋਂ ਪਾਣੀ ਦੀਆਂ ਨਦੀਆਂ ਵਹਿ ਗਈਆਂ ਸਨ। ਉਨ੍ਹਾਂ ਦਿਨਾਂ ਵਿਚ ਉਹਨਾਂ ਮੈਨੂੰ ਉਥੇ ਸੱਦਿਆ ਤੇ ਇਹ ਸਭ ਕੁਝ ਦਸਿਆ। ਅਸੀਂ ਦੋਵੇਂ ਰੋ ਪਈਆਂ।

ਉਹਨਾਂ ਦੀ ਕ੍ਰਾਂਤੀਕਾਰੀ ਅਗਵਾਈ, ਸਾਂਝ ਤੇ ਜੀਵਨ ਸੰਘਰਸ਼ ਵਿਚ ਮੈਂ ਉਨ੍ਹਾਂ ਦੇ ਨਾਲ-ਨਾਲ ਰਹੀ। ਉਨ੍ਹਾਂ ਵਿਚ ਲੋਕਾਂ ਲਈ ਜੋ ਸੰਵੇਦਨਸ਼ੀਲਤਾ ਸੀ, ਕਿਸੇ ਦਾ ਦੁੱਖ-ਦਰਦ ਸਹਿਨ ਨਹੀਂ ਸੀ ਹੁੰਦਾ, ਉਹ ਹਰ ਵੇਲੇ ਸੰਘਰਸ਼ਸ਼ੀਲ ਰਹਿੰਦੇ ਸਨ। ਅੰਮ੍ਰਿਤਸਰ ਵਿਚ ਮਜ਼ਦੂਰਾਂ ਦੀਆਂ ਲੰਬੀਆਂ ਹੜਤਾਲਾਂ ਜਿਨ੍ਹਾਂ ਲਈ ਉਨ੍ਹਾਂ ਉਥੋਂ ਦੀਆਂ ਔਰਤਾਂ ਨੂੰ ਮਜ਼ਦੂਰਾਂ ਦੀਆਂ ਸਾਥੀ ਬਣਾ ਕੇ ਵਡੀਆਂ ਲਹਿਰਾਂ ਤੇ ਸੰਘਰਸ਼ ਕੀਤੇ। ਇਸਤਰੀਆ, ਮਜ਼ਦੂਰਾਂ ਤੇ ਕਿਸਾਨਾਂ ਲਈ ਉਹ ਕਈ ਵਾਰ ਜੇਲ੍ਹ ਗਏ।

ਕਿਸਾਨਾਂ ਦੇ ਜ਼ਮੀਨੀ ਸੰਘਰਸ਼ ਵਿਚ ਉਹ ਬੇਦੀ ਫਾਰਮ ਤੇ ਮੋਰਚੇ ਪਹੁੰਚੇ ਤੇ ਸਾਰੀ ਸਾਰੀ ਰਾਤ ਔਰਤਾਂ ਦੇ ਜਥਿਆਂ ਦੀ ਅਗਵਾਈ ਕੀਤੀ। ਇਨ੍ਹਾਂ ਦੇ ਜਥਿਆਂ ਵਿਜ ਫਿਰੋਜ਼ਪੁਰ ਦੀਆਂ ਆਗੂ ਬੀਬੀ ਹਾਕਮ ਦੇਵੀ, ਬੀਬੀ ਕੈਲਾਸ਼ ਤੇ ਹੋਰ ਦਰਸ਼ਨਾ ਆਗੂਆਂ ਨੇ ਅਗਵਾਈ ਕੀਤੀ ਅਤੇ ਬੇਦੀ ਫਾਰਮ ਤੇ ਝੰਡਾ ਗੱਡਿਆ। ਮੇਰੀ ਡਿਊਟੀ ਉਨ੍ਹੀਂ ਦਿਨੀਂ ਰੋਪੜ ਵਾਲੇ ਪਾਸੇ ਬਿਰਲਾ ਫਾਰਮ ਤੇ ਸੰਘਰਸ਼ ਕਰਨ ਦੀ ਸੀ।

ਉਨ੍ਹਾਂ ਦੀਆਂ ਭਰਪੂਰ ਸੇਵਾਵਾਂ ਤੇ ਸੰਘਰਸ਼ ਕਰਕੇ ਜੋ ਲੋਕਾਂ ਲਈ ਲਗਾਤਾਰ ਜੂਝਣ ਸਦਕਾ ਉਹਨਾਂ ਨੂੰ 1991 ਵਿਚ ਰਾਸ਼ਟਰਪਤੀ ਨੇ ਪਦਮਸ੍ਰੀ ਦਾ ਖਿਤਾਬ ਦੇ ਕੇ ਸਨਮਾਨਤ ਕੀਤਾ। ਉਹਨਾਂ ਦੇ ਕੰਮਾਂ, ਸੇਵਾ, ਸੰਘਰਸ਼ਾਂ ਬਾਰੇ ਜਿਹੜੇ ਉਨ੍ਹਾਂ ਵਿਦਿਆਰਥੀ ਜੀਵਨ ਤੋਂ ਸ਼ੁਰੂ ਕਰਕੇ ਆਜ਼ਾਦੀ ਦੇ ਸੰਗਰਾਮ ਤੇ ਫਿਰ ਆਜ਼ਾਦੀ ਤੋਂ ਬਾਅਦ ਮਿਹਨਤਕਸ਼ ਜਨਤਾ ਲਈ ਸੰਘਰਸ਼ ਕੀਤੇ, ਇਸ ਤੇ ਕਈ ਨਾਵਲ, ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਉਹਨਾਂ ਦੇ ਚਲੇ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਸਾਡੀ ਇਸਤਰੀ ਲਹਿਰ ਨੂੰ ਪਿਆ। ਇਸਤਰੀ ਲਹਿਰ ਦਾ ਜਿਵੇਂ ਥੰਮ੍ਹ ਗਿਰ ਗਿਆ। ਅਸੀਂ ਉਨ੍ਹਾਂ ਦੇ ਦੱਸੇ ਹੋਏ ਰਾਹ ਤੇ ਤੁਰਦੇ ਰਹਾਂਗੇ ਤੇ ਉਹਨਾਂ ਦੇ ਲਾਏ ਇਸਤਰੀ ਸਭਾ ਦੇ ਬੂਟੇ ਨੂੰ ਪਾਣੀ ਦੇ ਵਧਦੇ ਜਾਵਾਂਗੇ। ਉਨ੍ਹਾਂ ਦੀਆਂ ਯਾਦਾਂ ਪਿਆਰ ਹਮੇਸ਼ਾ ਸਾਡ ਨਾਲ ਰਹੇਗਾ। -0-

# ਆਉਂਦੀਆਂ ਪੀੜ੍ਹੀਆਂ ਲਈ ਵੀ ਪ੍ਰੇਰਨਾ ਦਾ ਸੋਮਾ : ਵਿਮਲਾ ਡਾਂਗ

– ਭੂਪਿੰਦਰ ਸਾਂਬਰ –

"ਦੁਨੀਆਂ ਦੀ ਕੋਈ ਅਜਿਹੀ ਜੋੜੀ ਦਸੋ ਜੋ ਵਿਧਾਇਕ ਅਤੇ ਮੰਤਰੀ ਵੀ ਰਹੇ ਹੋਣ, ਪਰ ਫੇਰ ਵੀ ਕਿਰਾਏ ਦੇ ਘਰ ਵਿਚ ਹੀ ਰਹਿ ਰਹੇ ਹੋਣ।" ਇਹ ਸੁਆਲ ਪਾਕਿਸਤਾਨੀ ਟੀ.ਵੀ. ਨੇ ਆਪਣੇ ਸਰੋਤਿਆਂ ਨੂੰ ਕੀਤਾ ਜਿਨ੍ਹਾਂ ਵਿਚੋਂ ਕਈਆਂ ਨੇ ਹੱਥ ਖੜੇ ਕੀਤੇ ਅਤੇ ਇਕ ਨੇ ਜੁਆਬ ਦਿਤਾ : "ਛੇਹਰਟੇ ਦੀ ਡਾਂਗ ਜੋੜੀ"! ਸੱਚ ਹੈ! ਦੋਵੇਂ ਸਤਪਾਲ ਡਾਂਗ ਅਤੇ ਵਿਮਲਾ ਡਾਂਗ ਕਈ ਕਈ ਵਾਰ ਛੇਹਰਟਾ ਦੇ ਸਨਅਤੀ ਸ਼ਹਿਰ ਦੀ ਮਿਉਂਸਪਲ ਕਮੇਟੀ ਦੇ ਪ੍ਰਧਾਨ ਰਹੇ, ਦੋਵੇਂ ਵਿਧਾਇਕ ਰਹੇ ਅਤੇ ਸਾ. ਸਤਪਾਲ ਡਾਂਗ ਮੰਤਰੀ ਵੀ ਰਹੇ। ਪਰ ਅੱਜ ਤਕ ਕਿਰਾਏ ਦੇ ਮਕਾਨ ਵਿਚ ਹੀ ਹਨ।

ਪਾਕਿਸਤਾਨ ਦੇ ਟੀ.ਵੀ. ਵਾਲੀ ਗੱਲ ਮੈਨੂੰ ਤਰਨਤਾਰਨ ਜ਼ਿਲੇ ਦੇ ਸਾਡੇ ਪਾਰਟੀ ਸਕੱਤਰ ਸਾ. ਤਾਰਾ ਸਿੰਘ ਖਹਿਰਾ ਨੇ ਦਸੀ ਤਾਂ ਮੈਂ ਕੁਝ ਹੈਰਾਨ ਸੀ ਕਿ ਬਿਮਲਾ ਅਤੇ ਸਤਪਾਲ ਡਾਂਗ ਜੋੜੀ ਬਾਰੇ ਇਤਨੀ ਜਾਣਕਾਰੀ ਅਤੇ ਦਿਲਚਸਪੀ ਪਾਕਿਸਤਾਨ ਵਿਚ ਹੈ।

ਪਰ ਡਾਂਗ ਜੋੜੀ ਦਾ ਆਪਣਾ ਘਰ ਨਾ ਹੋਣਾ ਕੇਵਲ ਇਮਾਨਦਾਰੀ ਜਾਂ ਨਿਰਸਵਾਰਥ ਜਾਂ ਕੇਵਲ ਕੁਰਬਾਨੀ ਦੀ ਗੱਲ ਨਹੀਂ। ਜੇ ਉਹ ਸਿਰਫ ਆਪਣੀ ਵਿਧਾਇਕ ਵਾਲੀ ਪੈਨਸ਼ਨ ਹੀ ਘਰ ਬਨਾਉਣ ਲਈ ਵਰਤ ਲੈਂਦੇ ਤਾਂ ਕੋਈ ਬੇਈਮਾਨੀ ਜਾਂ ਸੁਆਰਥ ਵਾਲੀ ਗੱਲ ਨਹੀਂ ਕਹੀ ਜਾ ਸਕਦੀ। ਉਹ ਆਪਣੀ ਸਮੁੱਚੀ ਪੈਨਸ਼ਨ ਪਾਰਟੀ ਨੂੰ ਦੇ ਦਿੰਦੇ ਹਨ ਤੇ ਆਪ ਪਾਰਟੀ ਵਲੋਂ ਵੇਜ਼ ਲੈਂਦੇ ਹਨ ਇਹ ਮੰਨ ਕੇ ਕਿ ਉਹ ਪਾਰਟੀ ਕਾਰਨ ਹੀ ਵਿਧਾਇਕ ਬਣੇ ਤੇ ਹੋਰ ਅਹੁਦੇ ਹਾਸਲ ਕਰ ਸਕੇ। ਸੋ ਇਹ ਸਭ ਕੁਝ ਪਾਰਟੀ ਦਾ ਦਿਤਾ ਹੈ ਤੇ ਪਾਰਟੀ ਦਾ ਹੈ। ਅਤੇ ਇਹ ਮਿਸਾਲ ਉਹਨਾਂ ਦੀ ਹੀ ਹੈ ਹੋਰ ਕਿਸੇ ਦੀ ਨਹੀਂ। ਕਿਸੇ ਨੂੰ ਕੋਈ ਘਟ ਈਮਾਨਦਾਰ ਜਾਂ ਸੁਆਰਥੀ ਨਹੀਂ ਕਹਿਦਾ।

ਇਹ ਗੱਲ ਹੈ ਆਪਣੇ ਲਈ ਇਕ ਆਦਰਸ਼ ਅਤੇ ਉਸ ਆਦਰਸ਼ ਨਾਲ ਮੇਲ ਖਾਂਦੀ ਜੀਵਨ ਜਾਂਚ ਚੁਣਨ ਅਤੇ ਉਸ ਉਤੇ ਦ੍ਰਿੜਤਾ ਨਾਲ ਪਹਿਰਾ ਦੇਣ ਦੀ। ਵਿਮਾਲਾ ਜੀ ਆਪਣੇ ਕਾਲਜ ਦੇ ਦਿਨਾਂ ਵਿਚ ਦੇਸ ਸੇਵਾ, ਸਮਾਜ ਸੇਵਾ ਅਤੇ ਲੁੱਟ-ਖਸੁਟ ਰਹਿਤ, ਸੋਸ਼ਲਿਸਟ ਸਮਾਜ ਦੀ ਸਥਾਪਨਾ ਦੇ ਆਦਰਸ਼ਾਂ ਨਾਲ ਜੁੜ ਗਏ।

ਇਨ੍ਹਾਂ ਹੀ ਆਦਰਸ਼ਾਂ ਨਾਲ ਪ੍ਰਨਾਏ ਹੋਣ ਕਾਰਨ, ਭਰ ਜੁਆਨੀ ਵਿਚ ਕਾਲਜ ਦੇ ਦਿਨਾਂ ਵਿਚ 1943 ਦੇ ਬੰਗਾਲ ਦੇ ਮਹਾਂਕਾਲ ਵਿਚ ਫਸੇ ਲੋਕਾਂ ਦੀ ਸੇਵਾ ਕਰਨ ਬੰਗਾਲ ਚਲੇ ਗਏ; ਏਸੇ ਕਾਰਨ 1945 ਵਿਚ ਬੰਬਈ ਵਿਚ ਕਮਿਊਨਿਸਟ ਦੁਸ਼ਮਣਾਂ ਦੇ ਘਟੀਆ ਤੇ ਮਾਰੂ ਹਮਲਿਆਂ ਦਾ ਟਾਕਰਾ ਕਰਦੇ ਰਹੇ; 1946 ਵਿਚ ਦੇਸ ਦੀ ਆਜ਼ਾਦੀ ਲਈ ਜਾਹਜ਼ੀਆਂ ਦੀ ਬਗ਼ਾਵਤ ਸਮੇਂ ਵਿਦਿਆਰਥੀਆਂ ਅਤੇ ਮਜ਼ਦੂਰਾਂ ਵਲੋਂ ਜਹਾਜ਼ੀਆਂ ਦੀ ਹਮਾਇਤ ਦੇ ਜਾਨਾਂਵਾਰੂ ਘੋਲ ਵਿਚ ਕੁਦ ਪਏ। ਇਨ੍ਹਾਂ ਆਦਰਸ਼ਾਂ ਕਾਰਨ ਹੀ ਉਨ੍ਹਾਂ ਨੇ ਨਿਜ ਨੂੰ ਹਮੇਸ਼ਾ ਲਈ ਤਿਆਗ ਦਿਤਾ। ਆਜ਼ਾਦੀ ਪ੍ਰਾਪਤੀ ਮਗਰੋਂ ਛੇਹਰਟਾ ਦੇ ਸਨਅਤੀ ਕੇਂਦਰ ਦੀਆਂ ਗਰੀਬ ਬਸਤੀਆਂ ਨੂੰ ਸੋਸ਼ਲਿਜ਼ਮ ਲਈ ਆਪਣੇ ਘੋਲ ਦਾ ਖੇਤਰ ਚੁਣਿਆ। ਅਸੀਂ ਜੋ ਉਹਨਾਂ ਤੋਂ ਕੁਝ ਛੋਟੀ ਉਮਰ ਦੇ ਸੀ, ਬੜੀ ਵਾਰ ਗੱਲਾਂ ਕਰਦੇ ਕਿ ਆਪੋ-ਆਪਾ ਝੋਲਾ ਮੋਢੇ ਉਤੇ ਟੰਗੀ, ਆਪੋ-ਆਪਣੀ ਕੰਬਲੀ ਲਈ, ਅਤੇ ਝੋਲੇ ਵਿਚ ਪਾਰਟੀ ਸਾਹਿਤ, ਆਪੋ-ਆਪਣੀ ਪਸੰਦ ਦੀਆਂ ਸਾਹਿਤਕ ਪੁਸਤਕਾਂ ਅਤੇ ਲੋੜ ਦਾ ਕਪੜਾ-ਲੀੜਾ ਲਈ ਆ ਰਹੀ ਹੈ, ਡਾਂਗ ਜੋੜੀ, ਜਿਸਨੂੰ ਪੱਤਰਕਾਰ ਸਿਆਸੀ ਸੰਤਾਂ ਦੀ ਜੋੜੀ ਵੀ ਲਿਖ ਦਿੰਦੇ ਸਨ।

ਜੀਵਨ ਦੀ ਇਹ ਸਾਦਗੀ ਉਹਨਾਂ ਦੀ ਆਪਣੇ ਆਦਦਰਸ਼ਾਂ ਲਈ ਪ੍ਰਤੀਵਧਤਾ ਦਾ ਹਿਸਾ ਸੀ; ਪਾਰਟੀ ਅਤੇ ਦੂਸਰਾ ਸਾਹਿਤ ਆਪਣੇ ਆਪਨੂੰ ਨਵੀਨ ਤੋਂ ਨਵੀਨ ਵਿਚਾਰਾਂ, ਸਮਾਜਕ ਪ੍ਰਗਤੀ ਨਾਲ ਲੈੱਸ ਕਰਨ ਦਾ ਉਪਰਾਲਾ ਸਨ।

ਇਹ ਸਾਦਗੀ ਉਹਨਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਗਈ ਜੋ ਉਨ੍ਹਾਂ ਅੰਤਮ ਸਵਾਸਾਂ ਤਕ ਨਿਭਾਈ। ਉਹ ਆਪਣੇ ਅੰਤਮ ਦਿਨਾਂ ਤਕ ਛੇਹਰਟੇ ਦੇ ਨਿਕੇ ਜਿਹੇ ਕਮਰੇ ਵਿਚ ਆਪਣੇ ਕੰਮ ਵਿਚ ਰੁਝੇ ਰਹਿੰਦੇ ਸਨ।

ਛੇਹਰਟੇ ਵਿਚ ਮਜ਼ਦੂਰਾਂ ਨੂੰ ਲਾਮਬੰਦ ਕਰਨਾ; ਮਜ਼ਦੂਰ ਘੋਲਾਂ ਸਮੇਂ ਇਸਤਰੀਆਂ ਅਤੇ ਪੂਰੇ ਦੇ ਪੂਰੇ ਪਰਿਵਾਰ ਘੋਲ ਵਿਚ ਲਿਆਉਣਾ; ਇਨ੍ਹਾਂ ਘੋਲਾਂ ਦੇ ਸਭ ਤੋਂ ਵਧੀਆ ਘੁਲਾਟੀਏ ਸਾਥੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਕਰਨਾ; ਮਜ਼ਦੂਰਾਂ ਦੇ ਸਮੁਚੇ ਸਮਾਜਕ ਜੀਵਨ ਵਿਚ ਭਾਈਵਾਲ ਬਨਣਾ; ਉਹਨਾਂ ਦੇ ਜੀਵਨ ਦੇ ਆਰਥਕ ਹੀ ਨਹੀਂ ਬਲਕਿ ਸਮਾਜਕ ਪਹਿਲੂਆਂ, ਮਿਉਂਸਪਲ ਲੋੜਾਂ ਲਈ ਵੀ ਜੂਝਣਾ, ਸਿਹਤ, ਤਾਲੀਮ ਵਲ ਵੀ ਪੂਰਾ ਧਿਆਨ ਦੇਣਾ; ਵਹਿਮਾਂ-ਭਰਮਾਂ ਤੋਂ ਨਿਜਾਤ ਦੁਆਉਣਾ ਤੇ ਵਿਗਿਆਨਕ ਸੋਚ ਵੱਲ ਲਿਜਾਣਾ; ਭੀੜ ਪੈਣ ਦੇ ਸਮਿਆਂ ਜਿਵੇਂ ਪਾਕਿਸਤਾਨ ਨਾਲ ਲੜਾਈ ਸਮੇਂ ਛੇਹਰਟੇ ਉਤੇ ਬੰਬਾਰੀ ਦੌਰਾਨ ਜਾਂ ਅੱਤਵਾਦ-ਵੱਖਵਾਦ ਦੇ ਕਾਲੇ ਸਾਲਾਂ ਸਮੇਂ ਲੋਕਾਂ ਦੇ ਅੰਗ-ਸੰਗ ਰਹਿ ਕੇ ਸੇਵਾ ਕਰਨਾ; ਅੱਤਵਾਦ-ਵੱਖਵਾਦ ਦੇ ਖਾਤਮੇ ਉਪਰੰਤ ਉਨ੍ਹਾਂ ਤੋਂ ਪੀੜਤ ਪਰਿਵਾਰਾਂ ਨੂੰ ਸਾਂਭਣ ਦੇ ਸਰਗਰਮ ਜਤਨ ਤੇ ਨਿਗਰ ਉਪਰਾਲੇ , ਟਰੱਸਟ ਬਣਾ ਕੇ ਸੈਂਕੜੇ ਬੱਚਿਆਂ ਲਈ ਪੜ੍ਹਾਈ ਦਾ ਪ੍ਰਬੰਧ ਕਰਨਾ— ਇਹ ਸਭ ਕੁਝ ਉਸ ਆਦਰਸ਼ ਖਾਤਰ ਸੀ ਜੋ ਉਹਨਾਂ ਭਰ ਜੁਆਨੀ ਵਿਚ ਚੁਣਿਆ ਅਤੇ ਅਖੀਰ ਤਕ ਨਿਭਾਇਆ। ਇਸ ਦਾ ਵਿਸਥਾਰਪੂਰਵਕ ਬਿਰਤਾਂਤ ਬਹੁਤ ਸਾਰੇ ਲੇਖਾਂ ਵਿਚ ਹੈ।

* * *

ਏਸ ਜੀਵਨ ਦੀ ਅਥਾਹ ਮਾਨਤਾ ਤੇ ਸਤਿਕਾਰ 10 ਮਈ ਨੂੰ ਅਸੀਂ ਆਪ ਵੇਖੀ ਜਦ ਉਹਨਾਂ ਨੂੰ ਅੰਤਮ ਵਿਦਾਇਗੀ ਸਮੇਂ ਅਸੀਂ ਉਥੇ ਗਏ। ਸਾਡੀ ਪਾਰਟੀ ਦੇ ਜਨਰਲ ਸਕੱਤਰ ਕਾ. ਏ.ਬੀ. ਬਰਧਨ, ਦੂਜੀਆਂ ਪਾਰਟੀਆਂ ਦੇ ਆਗੂ, ਚਲ ਰਹੀਆਂ ਚੋਣਾਂ ਦੇ ਵਭਿੰਨ ਉਮੀਦਵਾਰ, ਪੰਜਾਬ ਦੀ ਮੰਤਰੀ ਸ੍ਰੀਮਤੀ ਚਾਵਲਾ ਬਹੁਤ ਸਾਰੀਆਂ ਸਿਰਕਢ ਹਸਤੀਆਂ ਭਿੱਜੀਆਂ ਅੱਖਾਂ ਲੈ ਕੇ ਤੁਰ ਰਹੀਆਂ ਸਨ।

ਪਰ ਜੀ.ਟੀ. ਰੋਡ ਦੇ ਦੋਵੇਂ ਪਾਸੀਂ ਅਤੇ ਖਾਸਕਰ ਛੇਹਰਟੇ ਦੀਆਂ ਗਲੀਆ ਦੇ ਮੋੜਾਂ ਉਤੇ ਹਜ਼ਾਰਾਂ ਲੋਕਾਂ ਜਿਵੇ ਹੱਥ ਜੋੜ ਕੇ ਅਲਵਿਦਾ ਕਹਿ ਰਹੇ ਸਨ, ਉਹ ਦਰਸਾਉਂਦਾ ਸੀ ਕਿ ਸਮੁਚੇ ਪੰਜਾਬ ਦੇ ਭੈਣ ਜੀ ਦੇ ਵਿਛੋੜੇ ਨਾਲ ਕੁਝ ਬਹੁਤ ਕੀਮਤੀ ਖੁਸ ਗਿਆ ਸੀ, ਜੋ ਸ਼ਾਇਦ ਮੁੜ ਪ੍ਰਾਪਤ ਨਹੀਂ ਹੋ ਸਕਣਾ।

* * *

ਜੋ ਖੁਸ ਗਿਆ ਉਹ ਸਾਡੀ ਬੇਬਸੀ ਸੀ, ਅਸੀਂ ਰੋਕ ਨਹੀਂ ਸਕਦੇ ਸੀ। "ਇਹ ਮੁੜ ਪ੍ਰਾਪਤ ਨਹੀਂ ਹੋ ਸਕਣਾ" ਇਹ ਨਾ ਕੋਈ ਮਜਬੂਰੀ ਹੈ ਤੇ ਨਾ ਹੀ ਲਾਚਾਰੀ। ਵਿਮਲਾ ਜੀ ਦੀ ਅਗਵਾਈ ਹੇਠ, ਉਹਨਾਂ ਦੀ ਸਰਪ੍ਰਸਤੀ ਨਾਲ ਜੋ ਅਸੀਂ ਸਿਰਜਿਆ ਹੈ, ਉਸ ਨੂੰ ਸਾਂਭਣਾ, ਹੋਰ ਵਧਾਉਣਾ, ਇਹ ਸਾਡਾ ਕੰਮ ਵੀ ਹੈ ਤੇ ਜ਼ਿੰਮੇਵਾਰੀ ਵੀ। ਇਹ ਸਮਰਪਤ ਜੀਵਨ, ਇਕ ਮਿਸਾਲੀ ਜੀਵਨ ਸਾਡਾ ਵਿਰਸਾ ਹੈ। ਇਸ ਵਿਰਾਸਤ ਨੂੰ ਸਾਂਭਣਾ, ਸ਼ਿੰਗਾਰਨਾ, ਅਗੇ ਵਧਾਉਣਾ, ਸਾਡਾ ਕਰਤਵ ਹੈ।

ਮੈਂ ਉਹਨਾਂ ਸਮਸਿਆਵਾਂ, ਅੰਕੜਾਂ, ਸਮਾਜਕ ਤੇ ਆਰਥਕ ਲਾਅਨਤਾਂ ਦਾ ਬਿਰਤਾਂਤ ਨਹੀਂ ਦੇਣਾ ਜੋ ਅਜ ਸਾਡੇ ਸਾਹਮਣੇ ਹਨ। ਬਹੁਤ ਵਾਰ ਗਾਉਂਦੇ ਹਾਂ ਇਨ੍ਹਾਂ ਦੀ ਮੁਹਾਰਨੀ। ਸਾਡੀਆਂ ਸਮਾਜਕ ਕਦਰਾਂ-ਕੀਮਤਾਂ ਰਸਾਤਲ ਵਲ ਜਾ ਰਹੀਆਂ ਹਨ। ਤਾਲੀਮ ਦਾ, ਸਿਹਤ ਦਾ ਸਮਾਜਕ ਕਦਰਾਂ-ਕੀਮਤਾਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੇ ਅਮਲੀ ਵਿਹਾਰ ਦਾ ਫਕਦਾਨ ਹੋ ਰਿਹਾ ਹੈ। ਧਰਮ ਜ਼ਾਤ, ਗੋਤ ਦੇ ਨਾਅ ਉਤੇ ਲੂੰ ਕੰਡੇ ਖੜੇ ਕਰਨ ਵਾਲੇ ਪਾਪ ਕਮਾਏ ਜਾ ਰਹੇ ਹਨ ਜਿਵੇਂ ਫਿਰਕੇ ਦੀ ਪੰਚਾਇਤ ਵਲੋਂ ਕਤਲ ਕਰਨ ਦੇ ਫੈਸਲੇ ਸੁਣਾਉਣਾ, ਇਸਤਰੀ ਹੱਕਾਂ ਨੂੰ ਖਤਮ ਕਰਨ ਦੇ ਕੁਕਰਮਾਂ ਨੂੰ "ਸਵੈਮਾਨੀ ਕਤਲ" (ਹਾਨਰ ਕਿਲਿੰਗ) ਦਾ ਨਾਂਅ ਦੇਣਾ।

ਆਓ! ਇਸ ਲਾਸਾਨੀ ਜੀਵਨ ਤੋਂ ਸਿਖਿਆ ਲੈਣ ਲਈ, ਵਿਰਸੇ ਨੂੰ ਸਾਂਭਣ ਤੇ ਅਗੇ ਲਿਜਾਣ ਲਈ ਥਾਂ-ਥਾਂ ਸਮਾਗਮ ਕਰੀਏ ਅਤੇ ਵਿਮਲਾ ਭੈਣ ਜੀ ਦੀ ਪੰਜਾਬ ਇਸਤਰੀ ਸਭਾ ਥਾਂ-ਥਾਂ ਉਤੇ ਖੜੀ ਕਰਨ ਦਾ ਪ੍ਰਣ ਲਈਏ।

ਆਪਣੇ ਜੀਵਨ ਨੂੰ ਆਪਣੇ ਦੇਸ, ਆਪਣੇ ਲੋਕਾਂ ਤੇ ਆਪਣੇ ਸਮਾਜ ਦੇ ਸਮਰਪਣ ਕਰਨ ਦੀ ਪ੍ਰਤਿਗਿਆ ਲਈਏ ਅਤੇ ਲੁਟ-ਖਸੁਟ ਤੋਂ ਰਹਿਤ ਸੋਸ਼ਲਿਸਟ ਸਮਾਜ ਲਈ ਘੋਲ ਵਿਚ ਭਾਈਵਾਲ ਬਣੀਏ।-0-

# ਇਕ ਵਿਧਾਇਕ ਦੇ ਰੂਪ ਵਿਚ ਵਿਮਲਾ ਡਾਂਗ ਜੀ

**- ਹਰਦੇਵ ਸਿੰਘ ਅਰਸ਼ੀ -**

ਕਮਿਊਨਿਸਟ ਵੀਰਾਂਗਣਾਂ ਭੈਣ ਵਿਮਲਾ ਡਾਂਗ ਜੀ ਅੱਜ ਸਾਡੇ ਵਿਚ ਨਹੀਂ ਰਹੇ, ਉਹਨਾਂ ਦੇ ਲੰਮੇ ਸੰਘਰਸ਼ਮਈ ਜੀਵਨ ਨੂੰ ਇਕ ਲੇਖ ਵਿਚ ਨਹੀਂ ਸਮੇਟਿਆ ਜਾ ਸਕਦਾ। ਮੈਂ ਚੰਦ ਕੁ ਸ਼ਬਦ ਸ਼ਰਧਾਂਜਲੀ ਦੇ ਰੂਪ ਵਿਚ ਉਹਨਾਂ ਵਲੋਂ ਬਤੌਰ ਵਿਧਾਨਕ ਨਿਭਾਈ ਸ਼ਾਨਦਾਰ ਭੂਮਿਕਾ ਬਾਰੇ ਹੀ ਝਰੀਟ ਰਿਹਾ ਹਾਂ।

ਪੰਜਾਬ ਵਿਚ ਅੱਤਵਾਦ ਦਾ ਉਸ ਸਮੇਂ ਭਿਆਨਕ ਸਮਾਂ ਸੀ ਜਦੋਂ ਫਰਵਰੀ 1992 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ। ਚੋਣਾਂ ਵਿਚ ਉਮੀਦਵਾਰ ਬਣਨਾ, ਬੂਥ ਲਾਉਣੇ ਤੇ ਵੋਟਾਂ ਪਾਉਣੀਆਂ ਸਿਰ ਤਲੀ ਤੇ ਰੱਖਣ ਵਰਗਾ ਸੀ।

ਭੈਣ ਵਿਮਲਾ ਡਾਂਗ ਜੀ ਵੱਡੇ ਫਰਕ ਨਾਲ ਛੇਹਰਟਾ ਪੱਛਮੀ ਤੋਂ ਵਿਧਾਇਕ ਚੁਣੇ ਗਏ ਤੇ ਫਰਵਰੀ 1997 ਤਕ ਰਹੇ। ਉਸ ਸਮੇਂ ਅਸੀਂ ਸੀ.ਪੀ.ਆਈ. ਦੇ ਚਾਰ ਵਿਧਾਇਕ ਚੁਣੇ ਗਏ ਸਾਂ। ਵਿਧਾਨ ਸਭਾ ਦੇ ਪਹਿਲੇ ਅਜਲਾਸ ਤੋਂ ਇਕ ਦਿਨ ਪਹਿਲਾਂ ਸਾਡੀ ਮੀਟਿੰਗ ਤਤਕਾਲੀ ਸੂਬਾ ਸਕੱਤਰ ਕਾ. ਪਿਆਰਾ ਸਿੰਘ ਦਿਓਸੀ ਦੀ ਹਾਜ਼ਰੀ ਵਿਚ ਚੰਡੀਗੜ੍ਹ ਅਜੈ ਭਵਨ ਵਿਖੇ ਹੋਈ, ਜਿਥੇ ਭੈਣ ਜੀ ਨੂੰ ਗਰੁੱਪ ਦੇ ਆਗੂ ਤੇ ਮੈਨੂੰ ਉਪ-ਆਗੂ ਸਰਵ ਸੰਮਤੀ ਨਾਲ ਚੁਣਿਆ ਗਿਆ। ਉਹਨਾਂ ਦੀ ਸੁਣਨ ਸ਼ਕਤੀ ਪਹਿਲਾਂ ਤੋਂ ਹੀ ਕਮਜ਼ੋਰ ਸੀ ਤੇ ਸਿਹਤ ਵੀ ਉਚੇਰੀ ਦੇਖਭਾਲ ਮੰਗਦੀ ਸੀ। ਇਸ ਕਰਕੇ ਕਾ. ਸਤਪਾਲ ਡਾਂਗ ਵੀ ਸਮਾਗਮਾਂ ਦੌਰਾਨ ਪੂਰੇ ਪੰਜ ਸਾਲ ਚੰਡੀਗੜ੍ਹ ਉਹਨਾਂ ਦੇ ਨਾਲ ਰਹੇ। ਅਸੀਂ ਚਾਰੇ ਹੀ ਪਹਿਲੀ ਵਾਰ ਜਿੱਤ ਕੇ ਆਏ ਸੀ, ਸਾਨੂੰ ਸਿੱਖਿਅਤ ਕਰਨ ਵਿਚ ਮੁੱਖ ਭੂਮਿਕਾ ਕਾ. ਡਾਂਗ ਜੀ ਵਲੋਂ ਹੀ ਨਿਭਾਈ ਗਈ ਸੀ। ਅਗਰ ਮੈਨੂੰ ਪੰਜਾਬ ਵਿਚ ਸਭ ਤੋਂ ਪਹਿਲਾ ਇਕ ਵਧੀਆ ਵਿਧਾਇਕ (Best Parliamentarian) ਦਾ ਸਨਮਾਨ ਪ੍ਰਾਪਤ ਕਰਨ ਦਾ ਅਵਸਰ ਮਿਲਿਆ ਤਾਂ ਇਸ ਦਾ ਮੁੱਖ ਸਿਹਰਾ ਵੀ ਕਾ ਡਾਂਗ ਜੀ ਵਲੋਂ ਸਮੇਂ-ਸਮੇਂ ਤੇ ਮੇਰੀ ਕੀਤੀ ਗਈ ਅਗਵਾਈ ਨੂੰ ਹੀ ਜਾਂਦਾ ਹੈ।

ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਦਾਇਰੇ ਵਿਚ ਰਹਿ ਕੇ ਇਕ ਵਿਧਾਇਕ ਕਈ ਤਰੀਕਿਆਂ ਨਾਲ ਵਿਧਾਨ ਸਭਾ ਦੇ ਮੰਚ ਨੂੰ ਲੋਕ ਹਿਤਾਂ ਲਈ ਵਰਤ ਸਕਦਾ ਹੈ ਜਿਵੇਂ ਕਿ ਪ੍ਰਸ਼ਨਾਂ, ਧਿਆਨ ਦਵਾਊ ਤੇ ਕੰਮ ਰੋਕੂ ਮਤਿਆਂ, ਸਿਫਰ ਕਾਲ, ਵਿਭਾਗਾਂ ਦੀਆਂ ਮੰਗਾਂ, ਵਾਧੂ ਅਨੁਪੂਰਕ ਮੰਗਾਂ ਤੇ ਬਹਿਸ ਕਰਦੇ ਹੋਏ, ਹਾਊਸ ਦੀ ਮੇਜ਼ ਤੇ ਰੱਖੀਆਂ ਵਖ-ਵਖ ਬੋਰਡਾਂ ਕਾਰਪੋਰੇਸ਼ਨਾਂ ਦੀਆਂ ਰਿਪੋਰਟਾਂ ਤੇ ਬਹਿਸਾਂ ਸਮੇਂ ਅਤੇ ਵਿਧਾਨਕ ਕੰਮ ਕਾਰ ਤੇ ਬਹਿਸ ਦੌਰਾਨ ਆਦਿ। ਪਰੰਤੂ ਸਭ ਤੋਂ ਲੰਮਾ ਸਮਾਂ ਬੋਲਣ ਦਾ ਮੌਕਾ ਬਜਟ ਤਜਵੀਜ਼ਾਂ ਤੇ ਰਾਜਪਾਲ ਵਲੋਂ ਦਿਤੇ ਗਏ ਭਾਸ਼ਨ ਤੇ ਧੰਨਵਾਦੀ ਮਤੇ ਤੇ ਬਹਿਸ ਦੌਰਾਨ ਹੀ ਮਿਲਦਾ ਹੈ। ਸਾਡੇ ਗਰੁੱਪ ਵਲੋਂ ਉਕਤ ਦੋਵਾਂ ਤੇ ਬਹਿਸ ਵਿਚ ਹਿੱਸਾ ਲੈਣ ਲਈ ਭੈਣ ਜੀ ਹੀ ਮੁੱਖ ਬੁਲਾਰੇ ਦੀ ਭੂਮਿਕਾ ਨਿਭਾਉਂਦੇ ਸਨ। ਉਹਨਾਂ ਵਿਚ ਇਹ ਵਿਸ਼ੇਸ਼ ਖੂਬੀ ਸੀ ਕਿ ਉਹ ਬੋਲਣ ਤੋਂ ਪਹਿਲਾਂ ਢੇਰ ਸਾਰੀ ਤਿਆਰੀ ਕਰਕੇ ਕੁਝ ਪੰਨਿਆਂ ਤੇ ਅਹਿਮ ਨੁਕਤੇ ਲਿਖਦੇ ਸਨ। ਉਹ ਹਮੇਸ਼ਾ ਉਚੀ ਆਵਾਜ਼ ਤੇ ਗੁੰਦਵੀਂ ਸ਼ਬਦਾਵਲੀ ਰਾਹੀਂ ਹੀ ਬੋਲਦੇ ਸਨ। ਬਜਟ ਤਜਵੀਜ਼ਾਂ ਤੇ ਬੋਲਦੇ ਹੋਏ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਦੇ ਜਦੋਂ ਉਹ ਫਜ਼ੂਲ ਖਰਚੀਆਂ ਜਾਂ ਗੈਰ-ਯੋਜਨਾ ਖਰਚ ਤੇ ਲਗਾਤਾਰ ਵਾਧੇ ਦਾ ਤੱਥਾਂ ਸਹਿਤ ਜ਼ਕਰ ਕਰਦੇ—ਬਜਟ ਦਾ ਪੈਸਾ ਕਿਥੇ ਜਾਣਾ ਚਾਹੀਦਾ ਹੈ ਤੇ ਕਿਥੇ ਨਹੀਂ—ਇਸ ਦਾ ਵੀ ਦਲੀਲ ਨਾਲ ਜ਼ਿਕਰ ਕਰਦੇ ਸਨ। ਉਹਨਾਂ ਦੀ ਤਕਰੀਰ ਜਜ਼ਬਾਤੀ, ਪ੍ਰਭਾਵਸ਼ਾਲੀ ਤੇ ਤਰਕਾਂ ਸਹਿਤ ਹੁੰਦੀ ਸੀ, ਸਰਕਾਰੀ ਬੈਂਚਾਂ ਤੋਂ ਕਿਸੇ ਦੀ ਵੀ ਹਿੰਮਤ ਨਹੀਂ ਸੀ ਕਿ ਕੋਈ ਉਹਨਾਂ ਦੀ ਵਿਚੋਂ ਟੋਕਾ-ਟੋਕੀ ਕਰੇ।

ਰਾਜਪਾਲ ਦੇ ਭਾਸ਼ਨ ਤੇ ਪੇਸ਼ ਕੀਤੇ ਗਏ ਧੰਨਵਾਦੀ ਮਤੇ ਉਤੇ ਬਹਿਸ ਦੌਰਾਨ ਤੁਸੀਂ ਫਰੀ ਸਟਾਈਲ ਹੋ ਕੇ ਬੋਲ ਸਕਦੇ ਹੋ, ਭਾਵ ਤੁਸੀਂ ਜਨਤਾ ਨਾਲ ਜੁੜੇ ਕਿਸੇ ਵੀ ਮੁਦੇ ਨੂੰ ਟੱਚ ਕਰ ਸਕਦੇ ਹੋ, ਇਹ ਭੂਮਿਕਾ ਵੀ ਉਹਨਾਂ ਨੇ ਪ੍ਰਭਾਵਸ਼ਾਲੀ ਤੇ ਮਿਸਾਲੀ ਢੰਗ ਨਾਲ ਨਿਭਾਈ, ਪੰਜ ਸਾਲ ਕਮਿਊਨਿਸਟ ਗਰੁੱਪ ਦੀ ਹੀ ਵਿਧਾਨ ਸਭਾ ਵਿਚ ਬੱਲੇ ਬੱਲੇ ਰਹੀ।

ਵਿਧਾਨ ਸਭਾ ਵਿਚ ਉਹਨਾਂ ਵਲੋਂ ਪੁੱਛੇ ਜਾਂਦੇ ਪ੍ਰਸ਼ਨਾਂ ਰਾਹੀਂ ਆਪਣੇ ਹਲਕੇ ਦੇ ਲੋਕਾਂ ਦੀਆਂ ਅਹਿਮ ਸਮਸਿਆਵਾਂ ਸਰਕਾਰ ਦੇ ਨੋਟਿਸ ਵਿਚ ਲਿਆਉਂਦੇ ਤੇ ਬਾ-ਦਲੀਲ ਸੰਬੰਧਤ ਮੰਤਰੀ ਨੂੰ ਅਸ਼ਵਾਸ਼ਨ ਦੇਣ ਲਈ ਮਜਬੂਰ ਕਰ ਦਿੰਦੇ ਸਨ, ਨਤੀਜਾ ਸਮਸਿਆਵਾਂ ਦੇ ਜਲਦੀ ਹੱਲ ਹੋਣ ਵਿਚ ਨਿਕਲਦਾ ਸੀ। ਉਹਨਾਂ ਦੇ ਅਨੇਕਾਂ ਪ੍ਰਸ਼ਨ ਸਮੂਹ ਪੰਜਾਬ ਦੇ ਲੋਕਾਂ ਦੇ ਹਿਤਾਂ ਨਾਲ ਜੁੜੇ ਹੁੰਦੇ ਸਨ। ਮੈਂ ਵੇਖਿਆ ਕਿ ਜਦੋਂ ਸੰਬੰਧਤ ਮੰਤਰੀ ਵਲੋਂ ਦਿਤੇ ਗਏ ਉਤਰ ਤੋਂ ਸੰਤੁਸ਼ਟ ਨਾ ਹੋ ਕੇ ਹੋਰ ਪੂਰਕ ਪ੍ਰਸ਼ਨ ਤਰਕ ਨਾਲ ਕਰਦੇ ਤਾਂ ਮੰਤਰੀ ਉਹਨਾਂ ਨੂੰ ਸੰਤੁਸ਼ਟ ਕਰ ਸਕਣ ਵਿਚ ਬੇਬਸ ਨਜ਼ਰ ਆਉਂਦਾ ਸੀ। ਹਰ ਸਮਾਗਮ ਨੂੰ ਚਲਾਉਣ ਲਈ ਸਪੀਕਰ ਵਲੋਂ ਕਾਰਜ ਸਲਾਹਕਾਰ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਸਾਡੇ ਗਰੁੱਪ ਵਲੋਂ ਭੈਣ ਜੀ ਹੀ ਬਤੌਰ ਆਗੂ ਇਸਦੇ ਮੈਂਬਰ ਹੁੰਦੇ ਸਨ। ਹਰ ਮੀਟਿੰਗ ਵਿਚ ਹਾਊਸ ਦੀਆਂ ਹੋਰ ਬੈਠਕਾਂ ਕਰਨ ਤੇ ਹਾਊਸ ਵਿਚ ਪੇਸ਼ ਰਿਪੋਰਟਾਂ ਤੇ ਬਹਿਸ ਲਈ ਸਮਾਂ ਨਿਸ਼ਚਿਤ ਕਰਨ ਤੇ ਜ਼ੋਰ ਦਿੰਦੇ, ਜਿਸ ਵਿਚ ਉਹ ਸਫਲ ਹੁੰਦੇ, ਕੁਝ ਬੈਠਕਾਂ ਵਧ ਹੋ ਜਾਂਦੀਆਂ ਸਨ ਤੇ ਇਕ ਜਾਂ ਦੋ ਉਹਨਾਂ ਰਿਪੋਰਟਾਂ ਤੇ ਹੀ ਬਹਿਸ ਜ਼ਰੂਰ ਹੁੰਦੀ ਸੀ ਜਿਨ੍ਹਾਂ ਲਈ ਕਮਿਊਨਿਸਟ ਵਿਧਾਇਕਾਂ ਵਲੋਂ ਪਹਿਲਾਂ ਤੋਂ ਨੋਟਿਸ ਦਿਤੇ ਗਏ ਹੁੰਦੇ ਸਨ। ਹਾਊਸ ਦੀਆਂ ਬੈਠਕਾਂ ਨੂੰ ਉਹ ਪੂਰਾ ਸਮਾਂ ਦਿੰਦੇ ਸਨ, ਚਲਦੇ ਸਮਾਗਮ ਦੌਰਾਨ ਜੇਕਰ ਉਹਨਾਂ ਨੇ ਕੁਝ ਮਿੰਟਾਂ ਲਈ ਜਾਣਾ ਵੀ ਹੁੰਦਾ ਤਾਂ ਮੈਨੂੰ ਸਖਤ ਹਦਾਇਤ ਕਰਦੇ ਕਿ ਉਹਨਾਂ ਦੇ ਆਉਣ ਤਕ ਮੈਂ ਹਰ ਹਾਲਤ ਹਾਜ਼ਰ ਰਹਾਂ। ਵਿਧਾਨ ਸਭਾ ਵਿਚ ਆਪਣੀ ਜ਼ਿੰਮੇਵਾਰੀ ਲਈ ਉਹ ਕਿੰਨੇ ਸੰਜੀਦਾ ਸਨ, ਇਸ ਲਈ ਇਕ ਮਿਸਾਲ ਹੀ ਕਾਫੀ ਹੈ। ਇਕ ਸਾਮਾਗਮ ਵਿਚ ਆਉਂਦੇ ਸਮੇਂ ਖਰੜ ਲਾਗੇ ਉਹਨਾਂ ਦੀ ਗੱਡੀ ਦਾ ਐਕਸੀਡੈਂਟ ਹੋ ਗਿਆ, ਵੱਡਾ ਨੁਕਸਾਨ ਹੋਣੋਂ ਬਚ ਗਿਆ, ਪਰੰਤੂ ਉਹਨਾਂ ਦਾ ਇਕ ਗੋਡਾ ਫਰੈਕਚਰ ਹੋ ਗਿਆ, ਹਸਪਤਾਲ ਜਾਣ ਦੀ ਬਜਾਏ ਸਿਧਾ ਐਮ.ਐਲ.ਏ. ਹੋਸਟਲ ਆ ਕੇ ਮੈਨੂੰ ਬੁਲਿਾਇਆ ਤੇ ਉਹਨਾਂ ਵਲੋਂ ਉਸ ਦਿਨ ਦੀ ਲਿਸਟ ਵਿਚ ਸ਼ਾਮਲ ਪ੍ਰਸ਼ਨ ਪੁੱਛਣ ਲਈ ਮੈਨੂੰ ਆਪਣਾ ਲਿਖਤੀ ਅਧਿਕਾਰ ਪੱਤਰ (Authority Letter) ਦੇਣ ਉਪਰੰਤ ਹੀ ਸੋਲਾਂ ਸੈਕਟਰ ਦੇ ਜਨਰਲ ਹਸਪਤਾਲ ਵਿਚ ਜਾ ਕੇ ਦਾਖਲ ਹੋਏ, ਜਿਥੇ ਉਹਨਾਂ ਦੇ ਗੋਡੇ ਦਾ ਸਫਲ ਅਪਰੇਸ਼ਨ ਸਵਰਗੀ ਮਾਸਟਰ ਬਾਬੂ ਸਿੰਘ ਸਾਬਕਾ ਵਿਧਾਇਕ ਦੇ ਸਵਰਗੀ

ਹੋਣਹਾਰ ਸਪੁੱਤਰ ਹੱਡੀਆਂ ਦੇ ਮਾਹਰ ਡਾਕਟਰ ਗੁਰਦਰਸ਼ਨ ਸਿੰਘ ਵਲੋਂ ਕੀਤਾ ਗਿਆ।

ਸਰਕਾਰੀ ਤੇ ਮੁੱਖ ਵਿਰੋਧੀ ਧਿਰ ਉਂਝ ਤਾਂ ਇਕ ਦੂਜੇ ਨਾਲ ਇੱਟ-ਕੁੱਤੇ ਦਾ ਵੈਰ ਰੱਖਦੇ ਸਨ, ਪਰੰਤੂ ਵਜ਼ੀਰਾਂ/ਵਿਧਾਇਕਾਂ ਦੀਆਂ ਤਨਖਾਹਾਂ ਤੇ ਭੱਤੇ ਵਧਾਉਣ ਲਈ ਪੂਰੀ ਤਰ੍ਹਾਂ ਘਿਓ-ਖਿਚੜੀ ਹੋਏ ਨਜ਼ਰ ਆਉਂਦੇ ਹਨ। ਜਦੋਂ ਸਰਕਾਰ ਨੇ ਅਜਿਹਾ ਕਰਨ ਲਈ ਬਿਲ ਲਿਆਂਦਾ ਤਾਂ ਕੇਵਲ ਕਮਿਊਨਿਸਟ ਵਿਧਾਇਕਾਂ ਨੇ ਹੀ ਇਸ ਦਾ ਜ਼ਬਰਦਸਤ ਵਿਰੋਧ ਕੀਤਾ, ਜਦੋਂ ਬੇਅੰਤ ਸਰਕਾਰ ਨੇ ਵਿਧਾਇਕਾਂ ਦੀਆਂ ਤਨਖਾਹਾਂ ਵਿਚ ਵਾਧਾ ਕੀਤਾ ਤਾਂ ਭੈਣ ਜੀ ਤੇ ਮੈਂ ਬੋਲਦੇ ਹੋਏ ਇਸ ਦਾ ਵਿਰੋਧ ਕੀਤਾ, ਕਮਿਊਨਿਸਟਾਂ ਦੀ ਵਿਰੋਧੀ ਵੋਟ ਤੋਂ ਬਿਨਾਂ ਬਾਕੀਆਂ ਨੇ ਇਸ ਨੂੰ ਜ਼ਬਾਨੀ ਵੋਟਾਂ ਨਾਲ ਪਾਸ ਕਰ ਦਿਤਾ, ਦੋਵੇਂ ਧਿਰਾਂ ਸਾਡੇ ਗਰੁੱਪ ਤੇ ਬਹੁਤ ਔਖੀਆਂ ਸਨ। ਭੈਣ ਜੀ ਤੇ ਮੈਂ ਵਧਾਈ ਗਈ ਇਕ ਹਜ਼ਾਰ ਰੁਪੈ ਦੀ ਰਾਸ਼ੀ ਵਿਚੋਂ 500/- ਰੁਪੈ ਸ਼ਹੀਦ ਪਰਿਵਾਰ ਫੰਡ (ਹਿੰਦ ਸਮਾਚਾਰ ਗਰੁੱਪ) ਅਤੇ 500/- ਰੁਪੈ ਇਸਤਰੀ ਸਭਾ ਰਲੀਫ ਟਰੱਸਟ, ਅੰਮ੍ਰਿਤਸਰ ਨੂੰ ਦੇਣ ਦਾ ਫੈਸਲਾ ਕੀਤਾ ਤੇ ਆਖਰ ਤਕ ਇਸ ਤੇ ਪਹਿਰਾ ਦਿਤਾ।

ਭੈਣ ਜੀ ਸਿਫਰ ਕਾਲ ਸਮੇਂ ਵੀ ਅਤੀ ਅਹਿਮ ਮੁਦਿਆਂ ਤੇ ਸਰਕਾਰ ਦਾ ਧਿਆਨ ਖਿੱਚਦੇ ਰਹਿੰਦੇ ਸਨ। ਸਰਕਾਰੀ ਧਿਰ ਵਲੋਂ ਇਸ ਤੇ ਬਿਆਨ ਦੇਣਾ ਲਾਜ਼ਮੀ ਨਹੀਂ ਹੁੰਦਾ, ਪਰੰਤੂ ਉਹ ਆਪਣੀ ਦਲੀਲ ਰਾਹੀਂ ਕਈ ਵਾਰ ਸੰਬੰਧਤ ਮੰਤਰੀ ਨੂੰ ਬਿਆਨ ਦੇਣ ਲਈ ਮਜਬੂਰ ਕਰ ਦਿੰਦੇ ਸਨ।

ਔਰਤ ਜਾਤੀ ਦੇ ਹਿਤਾਂ ਦੀ ਪਹਿਰੇਦਾਰੀ ਉਹਨਾਂ ਸਾਰੀ ਉਮਰ ਕੀਤੀ ਤੇ ਵਿਧਾਨ ਸਭਾ ਦੇ ਮੰਚ ਨੂੰ ਵੀ ਔਰਤਾਂ ਦੇ ਮਸਲਿਆਂ, ਉਹਨਾਂ ਤੇ ਹੁੰਦੇ ਸਮਾਜੀ ਜਬਰ ਉਜਾਗਰ ਕਰਨ ਵਿਚ ਬਾਖੂਬੀ ਵਰਤਿਆ। ਮਸ਼ਹੂਰ ਕੋਤੀਆ ਕਾਂਡ ਸਮੇਂ ਸਮੂਚੀ ਵਿਰੋਧ ਧਿਰ ਨੇ ਸਦਨ ਵਿਚ ਜ਼ਬਰਦਸਤ ਨਾਅਰੇਬਾਜ਼ੀ ਕਰਕੇ ਦੋ ਦਿਨ ਹਾਊਸ ਦੀ ਕਾਰਵਾਈ ਨਹੀਂ ਚੱਲਣ ਦਿਤੀ, ਜਦੋਂ ਕੋਈ ਨਾਅਰੇ ਮਾਰ ਰਿਹਾ ਵਿਧਾਇਕ ਰੁਕ ਜਾਂਦਾ ਜਾਂ ਥੱਕ ਜਾਂਦਾ, ਤਾਂ ਭੈਣ ਜੀ ਝੱਟ ਆਪ ਹੀ ਨਾਅਰੇਬਾਜ਼ੀ ਆਰੰਭ ਕਰ ਦਿੰਦੇ।

ਸਵਰਗੀ ਮੁੱਖ ਮੰਤਰੀ ਸ. ਬਅੰਤ ਸਿੰਘ ਨੇ ਇਕ ਵਾਰ ਲਾਇਟ ਮੂਡ ਵਿਚ ਹੀ ਔਰਤ ਜਾਤੀ ਪ੍ਰਤੀ ਇਤਰਾਜਯੋਗ ਸ਼ਬਦ ਵਿਧਾਨ ਸਭਾ ਵਿਚ ਬੋਲ ਦਿਤੇ, ਭੈਣ ਜੀ ਦਾ ਪਾਰਾ ਅਸਮਾਨ ਚੜ੍ਹ ਗਿਆ, ਬਿਨਾਂ ਸਪੀਕਰ ਦੀ ਮਨਜੂਰੀ ਦੇ ਧੱਕੇ ਨਾਲ ਕਈ ਮਿੰਟ ਜਜ਼ਬਾਤੀ ਹੋ ਕੇ ਬੋਲਦੇ ਰਹੇ ਤੇ ਅੰਤ ਨੂੰ ਮੁੱਖ ਮੰਤਰੀ ਵਲੋਂ ਆਪਣੇ ਸ਼ਬਦਾਂ ਤੇ ਅਫਸੋਸ ਪ੍ਰਗਟ ਕਰਨ ਉਪਰੰਤ ਹੀ ਉਹ ਸ਼ਾਂਤ ਹੋਏ। 1997 ਵਿਚ ਉਹਨਾਂ ਆਪ ਹੀ ਚੋਣ ਲੜਨ ਤੋਂ ਇਨਕਾਰ ਕਰ ਦਿਤਾ। ਮੈਂ ਤੇ ਸਵਰਗਵਾਸੀ ਕਾ. ਅਜੈਬ ਸਿੰਘ ਰੌਤਾ ਦੂਜੀ ਵਾਰ ਚੁਣੇ ਗਏ। ਸਾਨੂੰ ਭੈਣ ਜੀ ਤੇ ਡਾਂਗ ਜੀ ਦੀ ਗੈਰ-ਹਾਜ਼ਰੀ ਬਹੁਤ ਰੜਕਦੀ ਰਹੀ। ਮੈਂ ਲਗਾਤਾਰ ਏਕਤਾ ਭਵਨ ਛੇਹਰਟਾ ਨਾਲ ਜੁੜਿਆ ਰਿਹਾ, ਟੈਲੀਫੋਨ ਰਾਹੀਂ ਸੇਧ ਲੈਣ ਤੋਂ ਇਲਾਵਾ ਵਿਧਾਨ ਸਭਾ ਵਿਚ ਪੇਸ਼ ਹੋਏ ਵੱਡੇ ਬਿਲਾਂ ਆਦਿ ਬਾਰੇ ਕਿ ਅਸੀਂ ਗਿਣਤੀ ਵਿਚ ਦੋ ਹੁੰਦੇ ਹੋਏ ਵੀ ਵਿਧਾਨ ਸਭਾ ਦਾ ਸਭ ਨਾਲੋਂ ਵਧ ਸਮਾਂ ਲੈਣ ਵਿਚ ਸਫਲ ਰਹੇ। ਮੈਂ ਤੇ ਮੇਰੇ ਪਰਿਵਾਰਕ ਮੈਂਬਰਾਂ ਨੇ ਹਮੇਸ਼ਾ ਡਾਂਗ ਜੋੜੀ ਨੂੰ ਆਪਣੇ ਦੂਜੇ ਮਾਤਾ-ਪਿਤਾ ਦੇ ਰੂਪ ਵਿਚ ਹੀ ਤਸੱਵਰ ਕੀਤਾ ਹੈ। ਮੈਂ ਭੈਣ ਜੀ ਨੂੰ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾਂਜਲੀ ਭੇਂਟ ਕਰਦਾ ਹੋਇਆ ਕਾਮਰੇਡ ਜੀ ਦੀ ਚੰਗੀ ਸਿਹਤ ਤੇ ਹੋਰ ਲੰਮੇਰੀ ਉਮਰ ਦੀ ਕਾਮਨਾ ਕਰਦਾ ਹਾਂ।

-0-

# ਸ੍ਰੀਮਤੀ ਬਿਮਲਾ ਡਾਂਗ ਅੰਮ੍ਰਿਤਸਰ

-ਸਰਬਣ ਸਿੰਘ ਬੀਰ

ਆਪ 26-12-1926 ਵਿਚ ਇਲਾਹਾਬਾਦ ਵਿਖੇ ਕਸ਼ਮੀਰੀ ਪੰਡਿਤ ਘਰਾਣੇ ਦੀ ਕਮਲਾ ਬਕਾਇਆ ਨਾਂਅ ਦੀ ਇਕ ਅਧਿਆਪਕਾ ਦੇ ਘਰ ਪੈਦਾ ਹੋਈ। ਉਹਨਾ ਦੇ ਪਿਤਾ ਜੋ ਬੀ.ਬੀ.ਸੀ. ਦੇ ਹਿੰਦੁਸਤਾਨੀ ਵਿਭਾਗ ਵਿਚ ਕੰਮ ਕਰਦੇ ਸਨ ਦੀ ਲੰਦਨ ਵਿਖੇ ਮੌਤ ਹੋ ਗਈ ਸੀ। ਆਪ ਦਾ ਸਾਰਾ ਪਰਿਵਾਰ ਸੁਤੰਤਰਤਾ ਸੰਗਰਾਮ ਵਿਚ ਸਰਗਰਮ ਸੀ ਅਤੇ ਆਪਣੀ ਵਿਦਿਆ ਲਾਹੌਰ ਦੇ ਸੰਗਰਾਮ ਸਕੂਲ ਵਿਚ ਜਿਸ ਦੀ ਪ੍ਰਿੰਸੀਪਲ ਮਿਸ ਮ੍ਰਿਣਾਲਿਨੀ ਚਟੋਪਾਧਿਆਏ ਜੋ ਮਿਸ ਸਰੋਜਨੀ ਨਾਇਡੂ ਦੀ ਭੈਣ ਸੀ ਪਾਸੋਂ ਪ੍ਰਾਪਤ ਕੀਤੀ।

ਜਦੋਂ ਆਪ ਕਿਨਾਇਰਡ ਕਾਲਜ ਫਾਰ ਵਿਮੈਨ ਦੇ ਵਿਦਿਆਰਥੀ ਸਨ ਤਾਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਵਰਕਰ ਬਣੇ। ਏਸ ਦੌਰਾਨ ਆਪ ਬੰਗਾਲ ਵਿਖੇ 1943 ਦੇ ਭਿਅੰਕਰ ਅਕਾਲ ਸਮੇਂ ਰੰਗਪੁਰ ਇਲਾਕੇ ਵਿਚ ਗਏ। ਉਥੋਂ ਵਾਪਸ ਆ ਕੇ ਆਪ ਨੇ ਲਾਹੌਰ ਵਿਖੇ "ਜੇ ਬੰਗਾਲ ਮਰ ਗਿਆ ਤਾਂ ਜੀਊ ਕੌਣ" ਦੇ ਨਾਅਰੇ ਥੱਲੇ ਫੰਡ ਅਤੇ ਕਪੜੇ ਇਕੱਠੇ ਕਰਕੇ ਭਜੇ।

ਏਸ ਤੋਂ ਬਾਅਦ ਆਪ ਨੇ ਵਿਦਿਆਰਥੀਆਂ ਦੀਆਂ ਸਰਗਰਮੀਆਂ ਤੇ ਨੇਵੀ ਦੀ ਬਗਾਵਤ ਵਿਚ ਕੰਮ ਕੀਤਾ। 1947 ਤੋਂ 1951 ਤਕ ਆਪ ਨੇ ਪਰਾਗ (ਚੈਕੋਸਲਵਾਕੀਆ) ਵਿਖੇ ਵਿਦਿਆਰਥੀਆਂ ਦੀ ਕੌਮਾਂਤਰੀ ਯੂਨੀਅਨ ਵਿਚ ਆਲ ਇੰਡੀਆ ਸਟੂਡੈਂਟਸ ਫਡਰੇਸ਼ਨ ਦੀ ਨੁਮਾਇੰਦਗੀ ਕੀਤੀ।

1952 ਵਿਚ ਇਕ ਪ੍ਰਮੁੱਖ ਟਰੇਡ ਯੂਨੀਅਨ ਆਗੂ ਸਤਪਾਲ ਡਾਂਗ ਨਾਲ ਵਿਆਹ ਕਰਾਉਣ ਤੋਂ ਬਾਅਦ ਛੇਹਰਟੇ ਆ ਗਈ ਤੇ ਇਸਤਰੀਆਂ ਨੂੰ ਜਥੇਬੰਦ ਕਰਨ ਲਗੀ। ਪੰਜਾਬ ਇਸਤਰੀ ਸਭਾ ਦੀ 7 ਵਰ੍ਹਿਆਂ ਲਈ ਜਨਰਲ ਸੈਕਟਰੀ ਰਹੀ ਅਤੇ ਇਸਤਰੀਆਂ ਦੇ ਕਾਜ ਲਈ ਕਈ ਵਾਰੀ ਜੇਲ੍ਹ ਗਈ।

1965 ਦੀ ਭਾਰਤ-ਪਾਕ ਜੰਗ ਸਮੇਂ ਮੋਰਚਿਆਂ ਵਿਚ ਜਾਣ ਵਾਲੇ ਜਵਾਨਾਂ ਲਈ ਛੇਹਰਟਾ ਵਿਖੇ ਇਕ ਕੰਟੀਨ ਬਣਾਈ। ਜਦੋਂ ਬੰਬਾਰੀ ਹੋਣ ਲੱਗੀ ਤਾਂ ਮਰਨ ਵਾਲਿਆਂ ਦੇ ਸਸਕਾਰ ਦਾ ਪ੍ਰਬੰਧ ਕੀਤਾ। ਏਸ ਦੌਰਾਨ 52 ਲਾਸ਼ਾਂ ਸਸਕਾਰੀਆਂ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਲਈ ਸਹਾਇਤਾ ਦਾ ਪ੍ਰਬੰਧ ਕੀਤਾ।

1984 ਦੇ ਸਿੱਖ ਵਿਰੋਧੀ ਦਿੱਲੀ ਦੰਗਿਆਂ ਸਮੇਂ ਪੰਜਾਬ ਇਸਤਰੀ ਸਭਾ ਵਲੋਂ 30,000 ਰੁਪੈ ਅਤੇ ਕਪੜੇ ਇਕੱਠੇ ਕਰਕੇ ਭੇਜੇ। ਇਹ ਰਕਮ ਤੇ ਸਾਮਾਨ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵਿਮੈਨ ਰਾਹੀਂ ਵੰਡੇ ਤੇ ਆਪ ਖੁਦ ਵੀ ਦਿੱਲੀ ਦੇ ਸੁਲਤਾਨਪੁਰੀ ਤੇ ਮੰਗਲਪੁਰੀ ਇਲਾਕਿਆਂ ਵਿਚ ਗਏ। ਏਸ ਦੌਰਾਨ ਅੱਤਵਾਦੀ ਅਤੇ ਵੱਖਵਾਦੀਆਂ ਵਿਰੁਧ ਇਸਤਰੀਆਂ ਨੂੰ ਲਾਮਬੰਦ ਕਰਦੇ ਰਹੇ ਅਤੇ ਪੀੜਤ ਪਰਿਵਾਰਾਂ ਦੀ ਸਹਾਇਤਾ ਕਰਦੇ ਰਹੇ।

ਜਨਵਰੀ 1989 ਵਿਚ ਪੰਜਾਬ ਇਸਤਰੀ ਸਭਾ ਰੀਲੀਫ ਟਰਸਟ ਕਾਇਮ ਕੀਤਾ ਗਿਆ ਜਿਸ ਦੇ ਆਪ ਆਨਰੇਰੀ ਸੈਕਟਰੀ ਤੇ ਸ੍ਰੀਮਤੀ ਊਸ਼ਮਾ ਰੇਖੀ ਚੇਅਰਮੈਨ ਪਰਸਨ ਤੇ ਕੁਲਵੰਤ ਰਾਏ ਗੁਪਤਾ ਖਜ਼ਾਨਚੀ ਕਮ ਮੀਤ ਸਕੱਤਰ ਬਣੇ। ਇਹ ਸਹਾਇਤਾ ਕੇਵਲ ਵਜ਼ੀਫੇ ਦੇ ਰੂਪ ਵਿਚ ਪੀੜਤਾਂ ਦੇ ਬੱਚਿਆਂ ਨੂੰ ਦਿਤੀ ਜਾਂਦੀ ਹੈ ਤੇ ਹੁਣ ਤਕ ਅਜਿਹੇ 500 ਬੱਚਿਆਂ ਨੇ ਲਾਭ ਉਠਾਇਆ ਹੈ। ਇਹ ਕਿਸੇ ਮਜ਼੍ਹਬੀ, ਜ਼ਾਤ ਜਾਂ ਰੰਗ-ਭੇਦ ਤੋਂ ਰਹਿਤ ਦਿਤੀ ਜਾਂਦੀ ਹੈ ਅਤੇ ਟਰੱਸਟ ਲਈ ਇਹ ਸਹਾਇਤਾ ਸਾਰੀਆਂ ਜਮਾਤਾਂ ਤੇ ਵਰਗਾਂ ਤੋਂ ਆਉਂਦੀ ਹੈ। ਸ੍ਰੀਮਤੀ ਵਿਮਲਾ ਡਾਂਗ ਏਸ ਕੰਮ ਲਈ ਬੰਗਾਲ, ਮਹਾਰਾਸ਼ਟਰ ਅਤੇ ਬਿਹਾਰ ਆਦਿ ਜਾ ਚੁਕੇ ਹਨ। ਪੰਜਾਬ ਵਿਚ ਵੀ ਉਹ ਬਹੁਤ ਸਾਰੇ ਦੁਖਾਂਤ-ਮਈ ਥਾਵਾਂ ਦਾ ਆਪਣੇ ਵਰਕਰਾਂ ਨਾਲ ਦੌਰਾ ਕਰਕੇ ਆਏ ਹਨ। ***

# ਸਾਡੇ ਵਿਮਲਾ ਭੈਣ ਜੀ ਵਰਗਾ ਹੋਰ ਕੋਈ ਨਹੀਂ ਹੋ ਸਕਦਾ

**- ਪ੍ਰੀਤਮ ਸਿੰਘ ਪਰਵਾਨਾ -**

ਕਲ੍ਹ 11 ਮਈ ਨੂੰ ਅੱਠ ਕੁ ਵਜੇ ਫੋਨ ਦੀ ਘੰਟੀ ਖੜਕੀ ਤਾਂ ਮੇਰਾ ਦਿਲ ਚੁਗਾ ਉਠਾਉਣ ਤੋਂ ਪਹਿਲਾਂ ਹੀ ਧੱਕ ਕਰਕੇ ਰਹਿ ਗਿਆ। ਮੇਰਾ ਤੌਖਲਾ ਠੀਕ ਹੀ ਨਿਕਲਿਆ। ਚੁੱਗਾ ਚੁਕਿਆ ਤਾਂ ਸਾਥੀ ਕਰਨੈਲ ਸਿੰਘ ਹੰਸਰੋਂ ਦੇ ਇਹ ਬੋਲ ਕੰਨੀ ਪਏ : "ਚਲੇ ਗਏ ਭੈਣ ਜੀ।" ਇਸ ਧੁੜਕੂ ਦਾ ਕਾਰਨ ਇਹ ਸੀ ਕਿ ਸਾਡੇ ਸਤਿਕਾਰਯੋਗ ਅਤੇ ਅਤਿ ਪਿਆਰੇ ਭੈਣ ਜੀ ਪਿਛਲੇ ਤਿੰਨ ਚਾਰ ਦਿਨਾਂ ਤੋਂ ਹਸਪਤਾਲ ਵਿਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜਦੇ ਆ ਰਹੇ ਸਨ। ਉਹਨਾਂ ਦੇ ਸਾਰੇ ਹੀ ਮਹੱਤਵਪੂਰਨ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿਤਾ ਸੀ ਅਤੇ ਕੁਝ ਯੰਤਰਾਂ ਦੇ ਆਸਰੇ ਹੀ ਨੀਮ-ਬੇਹੋਸ਼ੀ ਦੀ ਹਾਲਤ ਵਿਚ ਜ਼ਿੰਦਗੀ ਤੇ ਮੌਤ ਦੇ ਵਿਚਾਲੇ ਲਟਕਦੇ ਆ ਰਹੇ ਸਨ। ਉਹਨਾਂ ਦੀ ਜੀਵਨ-ਯਤਾਰਾ ਦੇ ਇਸ ਦੌਰ ਦਾ ਕੀ ਬਣਨਾ ਹੈ, ਇਹ ਤਾਂ ਸਾਨੂੰ ਦਿਸ ਹੀ ਪਿਆ ਸੀ ਪਰ ਹਰ ਪਲ ਚਿੰਤਾ ਇਸ ਗੱਲ ਦੀ ਖਾਈ ਜਾ ਰਹੀ ਸੀ ਕਿ ਭੈਣ ਜੀ ਦੀ ਦੋ ਕੁ ਸਾਲ ਪਹਿਲਾਂ ਵਾਲੀ ਲੰਮੀ ਬਿਮਾਰੀ ਬਾਰੇ ਚਿੰਤਾ ਕਰਦਿਆਂ ਹੋਇਆਂ ਡਾਂਗ ਜੀ ਦੀ ਸਿਹਤ ਜਿੰਨੀ ਵਿਗੜ ਗਈ ਸੀ, ਉਹ ਵੀ ਸਾਡੇ ਲਈ ਚਿੰਤਾ ਦਾ ਕਾਰਨ ਬਣੀ ਰਹਿੰਦੀ ਸੀ। ਸਾਡੀ ਇਹ ਚਿੰਤਾ ਹੁਣ ਕਈ ਗੁਣਾਂ ਵਧ ਗਈ ਹੈ।

ਡਾਂਗ ਜੀ ਜਦੋਂ ਅੰਮ੍ਰਿਤਸਰ ਆਏ ਤਾਂ ਮੈਂ ਉਸ ਵੇਲੇ ਸਾਥੀ ਤੁਲਸੀ ਰਾਮ ਜੀ ਦੀ ਅਗਵਾਈ ਵਿਚ ਚਲ ਰਹੀ ਸਿਟੀ ਕਮੇਟੀ ਦਾ ਮੈਂਬਰ ਸਾਂ। ਉਹ ਛੇਹਰਟਾ ਦੀ ਨਾਰਾਇਣਗੜ੍ਹ ਦੀ ਆਬਾਦੀ ਵਿਚ ਇਕ ਕਮਰੇ ਵਿਚ ਰਹਿੰਦੇ ਸਨ ਅਤੇ ਗਲੀ ਵਿਚ ਹੀ ਮੰਜੀ ਡਾਹ ਕੇ ਸਰਕਾਰੀ ਬੱਤੀ ਦੀ ਰੋਸ਼ਨੀ ਵਿਚ ਅਖਬਾਰ ਪੜ੍ਹ ਲਿਆ ਕਰਦੇ ਸਨ। ਪਰ ਜਦੋਂ ਵਿਮਲਾ ਜੀ 1954 ਵਿਚ ਅੰਮ੍ਰਿਤਸਰ ਆਏ ਤਾਂ ਉਹਨਾਂ ਦੋਵਾਂ ਦੀ ਜ਼ਿੰਦਗੀ ਦਾ ਨਵਾਂ ਦੌਰ ਆਰੰਭ ਹੋ ਗਿਆ। ਉਹਨਾਂ ਪਾਰਟੀ ਅਤੇ ਅਵਾਮੀ ਜਥੇਬੰਦੀਆਂ ਵਿਚ ਕੰਮ ਕਿਵੇਂ ਕੀਤਾ, ਇਸ ਬਾਰੇ ਵਿਮਲਾ ਜੀ ਆਪਣੇ ਲੇਖ ਵਿਚ ਪਹਿਲਾਂ ਹੀ ਲਿਖ ਚੁੱਕੇ ਹਨ। ਇਸ ਲੇਖ ਵਿਚ ਤਾਂ ਮੈਂ ਕੇਵਲ ਉਹਨਾਂ ਦੋਵਾਂ ਕੋਲੋਂ ਜੋ ਸਿੱਖਿਆ, ਕੇਵਲ ਉਸ ਦਾ ਜ਼ਿਕਰ ਹੀ ਕਰਾਂਗਾ।

ਵਿਮਲਾ ਭੈਣ ਜੀ ਦੇ ਪਹਿਲੀ ਵਾਰੀ ਦਰਸ਼ਨ ਮੈਨੂੰ ਅੰਮ੍ਰਿਤਸਰ ਦੇ ਗੋਲ ਬਾਗ ਵਿਚ ਹੋ ਰਹੇ ਇਕ ਪਾਰਟੀ ਜਲਸੇ ਵਿਚ ਹੋਏ ਸਨ। ਜਦੋਂ ਮੈਂ ਸੀਤਲਾ ਮੰਦਰ ਵਾਲੇ ਪਾਸੇ ਦੇ ਗੇਟ ਥਾਣੀਂ ਬਾਗ ਵਿਚ ਦਾਖਲ ਹੋਇਆ ਤਾਂ ਮੈਂ ਕੁਝ ਇਸਤਰੀ ਕਾਮਰੇਡਾਂ ਦੇ ਇਕ ਗਰੁੱਪ ਵਿਚ ਇਕ ਅਣਪਛਾਤੀ ਮੁਟਿਆਰ ਨੂੰ ਖੜੀ ਵਖਿਆ। ਮੁਟਿਆਰ ਦਾ ਕਦ ਦਰਮਿਆਨਾ, ਕਮਰ ਥੋੜ੍ਹੀ ਜਿਹੀ ਝੁਕੀ ਹੋਈ ਅਤੇ ਉਹਨੇ ਇਕ ਸਾਦਾ ਪਰ ਖੂਬਸੂਰਤ ਸਾੜ੍ਹੀ ਪਹਿਨੀ ਹੋਈ ਸੀ। ਹੱਥ ਉਹਦੇ ਵਿਚ ਸਲਾਈਆਂ ਅਤੇ ਉਨ ਦੇ ਸਵੈਟਰ ਦਾ ਕੁਝ ਉਣਿਆ ਹੋਇਆ ਹਿਸਾ ਫੜਿਆ ਹੋਇਆ ਸੀ। ਉਹ ਸਲਾਈਆਂ ਵੀ ਤੇਜ਼ੀ ਨਾਲ ਚਲਾਈ ਜਾ ਰਹੀ ਸੀ ਅਤੇ ਬਾਕੀ ਬੀਬੀਆਂ ਲਾਲ ਗਲਾਂ ਵੀ ਕਰੀ ਜਾ ਰਹੀ ਸੀ। ਮੇਰੀ ਉਸ ਬਾਰੇ ਜਾਣਨ ਦੀ ਉਤਸੁਕਤਾ ਵਧੀ। ਜਦੋਂ ਮੈਂ ਜ਼ਰਾ ਹੋਰ ਨੇੜੇ ਹੋ ਕੇ ਤਕਿਆ ਤਾਂ ਤਿੱਖੇ ਨਕਸ਼ਾਂ ਅਤੇ ਗੋਰੇ-ਨਿਛੋਹ ਰੰਗ ਵਾਲੀ ਉਸ ਮੁਟਿਆਰ ਦੀ ਸੁੰਦਰਤਾ ਦੀ ਤਾਬ ਨਹੀਂ ਸੀ ਝੱਲੀ ਜਾਂਦੀ। ਭਾਵੇਂ ਇਕ ਨਵ-ਵਿਆਹੁਤਾ ਕੁੜੀ ਵਾਂਗ ਉਸ ਨੇ ਹਲਕਾ ਜਿਹਾ ਬਣਾਓ-ਸ਼ੰਗਾਰ ਤਾਂ ਕੀਤਾ ਹੋਇਆ ਸੀ, ਪਰ ਉਸਦੀ ਸਮੁੱਚੀ ਸ਼ਖਸੀਅਤ ਵਿਚੋਂ ਸਾਦਗੀ ਫੁੱਟ-ਫੁੱਟ ਪੈ ਰਹੀ ਸੀ। ਮੇਰੀ ਹੈਰਾਨੀ ਵਧੇਰੇ ਇਸ ਕਾਰਨ ਸੀ ਕਿ ਇਸ ਨੁਹਾਰ ਵਾਲੀ ਕੋਈ ਬੀਬੀ ਉਸ ਵੇਲੇ ਤਕ ਮੈਂ ਪਾਰਟੀ ਜਲਸਿਆਂ ਵਿਚ ਕਦੇ ਨਹੀਂ ਸੀ ਤੱਕੀ। ਮੈਂ ਇਕ ਬੀਬੀ ਨੂੰ ਜਦੋਂ ਉਸ ਬਾਰੇ ਪੁਛਿਆ ਕਿ ਉਹ ਕੌਣ ਹੈ ਤਾਂ ਉਸ ਦਾ ਉੱਤਰ ਸੀ, "ਤੁਸੀਂ ਨਹੀਂ ਜਾਣਦੇ? ਇਹ ਹਨ, ਕਾ. ਵਿਮਲਾ ਡਾਂਗ। ਕਾ. ਸਤਪਾਲ ਡਾਂਗ ਜੀ ਦੀ ਜੀਵਨ ਸਾਥਣ।"

ਮੈਂ ਇਕ ਵਾਰ ਮੁੜ ਉਸ ਵੱਲ ਘੋਖਵੀਂ ਝਾਤ ਮਾਰੀ ਅਤੇ "ਨਮਸਤੇ ਭੈਣ ਜੀ" ਕਹਿ ਕੇ ਆਪਣੇ ਕੰਮ ਵਿਚ ਰੁਝ ਗਿਆ । ਉਸ ਵੇਲੇ ਮੈਂ ਪਾਰਟੀ ਦਾ ਕੁਲਵਕਤੀ ਕਾਰਕੁੰਨ ਅਤੇ ਜ਼ਿਲਾ ਕਿਸਾਨ ਸਭਾ ਦਾ ਦਫਤਰ ਸਕੱਤਰ ਸਾਂ।

ਉਸ ਤੋਂ ਬਾਅਦ ਵਿਮਲਾ ਭੈਣ ਜੀ ਕੁਝ ਸਮੇਂ ਲਈ ਪਹਿਲਾਂ ਸਹਿਜ਼ਾਦਾ ਨੰਦ ਕਾਲਜ ਵਿਚ ਇਕ ਅਧਿਆਪਕਾ ਵਜੋਂ ਕੰਮ ਕਰਦੇ ਰਹੇ। ਜਿਥੇ ਇਕ ਵਿਦਿਆਰਥਣ ਵਜੋਂ ਅੱਜ ਦੀ ਸਿਹਤ ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ ਨਾਲ ਉਹਨਾਂ ਦਾ ਜੋ ਪਿਆਰ ਪਿਆ, ਉਹ ਵਿਮਲਾ ਭੈਣ ਜੀ ਦੀ ਅੰਤਮ ਯਾਤਰਾ ਵਿਚ ਸ਼ਾਮਲ ਹੋਣ ਵੇਲੇ ਤ੍ਰਿਪ ਤ੍ਰਿਪ ਵਗ ਰਹੇ ਹੰਝੂਆਂ ਰਾਹੀਂ ਬੀਬੀ ਚਾਵਲਾ ਵਲੋਂ ਪੇਸ਼ ਕੀਤੀ ਗਈ ਸ਼ਰਧਾਂਜਲੀ ਤੋਂ ਸਪਸ਼ਟ ਪ੍ਰਗਟ ਹੁੰਦਾ ਸੀ। ਅਤੇ ਬਾਅਦ ਵਿਚ ਸ੍ਰੀ ਬੀ.ਐਲ. ਸ਼ਰਮਾ ਦੇ ਰੀਪਬਲਿਕ ਕਾਲਜ (ਬਾਗ ਝੰਡਾ ਸਿੰਘ) ਵਿਚ ਪੜ੍ਹਾਉਣ ਲੱਗ ਪਏ।

ਜਦੋਂ ਵਿਮਲਾ ਜੀ ਦੇ ਅੰਮ੍ਰਿਤਸਰ ਆਉਣ ਤੋਂ ਬਾਅਦ ਸਿਟੀ ਕਮੇਟੀ ਦੀ ਪਹਿਲੀ ਕਾਨਫਰੰਸ ਹੋਈ ਤਾਂ ਵਿਮਲਾ ਜੀ ਦੇ ਨਾਲ ਮੈਂ ਵੀ ਸਿਟੀ ਕਮੇਟੀ ਦਾ ਮੈਂਬਰ ਚੁਣਿਆ ਗਿਆ। ਉਸ ਵੇਲੇ ਤਕ ਸਿਟੀ ਕਮੇਟੀ ਦੇ ਸਕੱਤਰ ਸਾਥੀ ਤੁਲਸੀ ਰਾਮ ਜੀ ਸਨ ਅਤੇ ਨਵੀਂ ਸਿਟੀ ਕਮੇਟੀ ਦੇ ਸਕੱਤਰ ਸਾਥੀ ਡਾਂਗ ਚੁਣੇ ਗਏ। ਸਿਟੀ ਕਮੇਟੀ ਵਿਚ ਕੰਮ ਕਰਦਿਆਂ ਅਸਾਂ ਡਾਂਗ ਜੋੜੀ ਕੋਲੋਂ ਬਹੁਤ ਕੁਝ ਸਿੱਖਿਆ। ਉਹ ਦੋਵੇਂ ਜਣੇ ਅੰਤਰ-ਰਾਸ਼ਟਰੀ ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਦੇ ਪਦ-ਅਧਿਕਾਰੀ ਰਹਿਣ ਅਤੇ ਉਹਨਾਂ ਵਿਚ ਕੰਮ ਕਰਨ ਕਰਕੇ ਭਰਪੂਰ ਤਜਰਬਾ ਹਾਸਲ ਕਰ ਚੁੱਕੇ ਸਨ। ਪਾਰਟੀ ਅੰਦਰ ਕਿਵੇਂ ਵਿਅਕਤੀਗਤ ਸੰਬੰਧਾਂ ਅਤੇ ਲਿਹਾਜ਼ਦਾਰੀਆਂ ਨੂੰ ਇਕ ਪਾਸੇ ਛਡਦਿਆਂ ਹੋਇਆਂ ਪਾਰਟੀ ਅਸੂਲਾਂ ਅਨੁਸਾਰ ਕੰਮ ਕਰਨਾ ਹੈ, ਇਹ ਅਸਾਂ ਡਾਂਗ ਜੋੜੀ ਕੋਲੋਂ ਹੀ ਸਿੱਖਿਆ ਸੀ।

ਉਹਨਾਂ ਦਿਨਾਂ ਵਿਚ ਹੀ ਪਾਰਟੀ ਦਾ ਦਫਤਰ ਪਾਪੂਲਰ ਸਾਈਕਲ, ਰੇਲਵੇ ਰੋਡ, ਦੀ ਉਪਰਲੀ ਛੱਤ ਤੋਂ ਬਦਲ ਕੇ ਕੋਰਟ ਰੋਡ ਉਪਰ ਸਥਿਤ ਉਸ ਇਮਾਰਤ ਵਿਚ ਚਲਾ ਗਿਆ, ਜਿਥੇ ਅੱਜਕਲ੍ਹ ਪਾਰਟੀ ਦੀ ਅੰਮ੍ਰਿਤਸਰ ਦਿਹਾਤੀ ਜ਼ਿਲਾ ਕੌਂਸਲ ਦਾ ਦਫਤਰ ਹੈ, ਇਸਦੇ ਇਕ ਕਮਰੇ ਵਿਚ ਸਿਟੀ ਕਮੇਟੀ ਦਾ ਦਫਤਰ ਸੀ। ਪਾਰਟੀ ਦੀ ਜਥੇਬੰਦੀ ਨੂੰ ਮਜ਼ਬੂਤ ਕਰਨ ਅਤੇ ਵੱਖ-ਵੱਖ ਮਿਲਾਂ ਵਿਚ ਚਲ ਰਹੀਆਂ ਹੜਤਾਲਾਂ ਨੂੰ ਚਲਾਉਣ ਲਈ ਵਿਚਾਰ-ਵਟਾਂਦਰਾ ਕਰਨ ਵਾਸਤੇ ਸਿਟੀ ਕਮੇਟੀ ਦੀਆਂ ਮੀਟਿੰਗਾਂ ਸਾਰੀ-ਸਾਰੀ ਰਾਤ ਚਲਦੀਆਂ ਸਨ। ਮਹਿਰਾ ਮਿਲਜ਼, ਹਿਮਲਾ, ਨਿਮਲਾ ਅਤੇ ਜਾਪਾਨੀ ਮਿਲਜ਼ ਦੀਆਂ ਯਾਦਗਾਰੀ ਹੜਤਾਲਾਂ ਇਸ ਦੌਰ ਵਿਚ ਹੀ ਹੋਈਆਂ ਸਨ।

ਵੱਖ-ਵੱਖ ਜਦੋਜਹਿਦਾਂ ਬਾਰੇ ਜਦੋਂ ਵਿਚਾਰ-ਵਟਾਂਦਰਾ ਹੁੰਦਾ ਤਾਂ ਮੈਂ ਵੇਖ ਕੇ ਹੈਰਾਨ ਰਹਿ ਜਾਂਦਾ ਕਿ ਭਾਵੇਂ ਬਹੁਤ ਸਾਰੀਆਂ ਗੱਲਾਂ ਬਾਰੇ ਡਾਂਗ ਸਾਹਿਬ ਅਤੇ ਵਿਮਲਾ ਭੈਣ ਜੀ ਦੇ ਵਿਚਾਰ ਇਕ ਦੂਜੇ ਨਾਲ ਮਿਲਦੇ-ਜੁਲਦੇ ਹੀ ਹੁੰਦੇ ਹਨ, ਪਰ ਜਿਥੇ ਮਤਭੇਦ ਹੁੰਦੇ ਭੈਣ ਜੀ ਬੜੀ ਬੇਬਾਕੀ ਨਾਲ ਡਾਂਗ ਜੀ ਦੇ ਵਿਚਾਰਾਂ ਨਾਲ ਟਕਰਾਉਂਦੇ ਵਿਚਾਰ ਪੇਸ਼ ਕਰਦੇ। ਇਹ ਗੱਲ ਮੈਨੂੰ ਅਜੀਬ ਕੁਝ ਇਸ ਲਈ ਲੱਗਦੀ ਕਿਉਂਕਿ ਪਤੀ-ਪਤਨੀ ਦੇ ਤੌਰ ਉਤੇ, ਉਹਨਾਂ ਦਾ ਇਕ ਦੂਜੇ ਨਾਲ ਪਿਆਰ ਵੀ ਲਾਸਾਨੀ ਸੀ ਅਤੇ ਸਤਿਕਾਰ ਵੀ। ਇਹ ਗੱਲ ਵਿਮਲਾ ਜੀ ਦੇ ਆਖਰੀ ਸਾਹਾਂ ਤਕ ਕਿਤੇ ਵਧੇਰੇ ਸ਼ਿੱਦਤ ਨਾਲ ਕਾਇਮ ਰਹੀ।

ਸਾਥੀ ਡਾਂਗ ਬਾਰੇ ਲਿਖਦਿਆਂ ਬੀੜੀ ਪੀਣ ਦੀ ਉਹਨਾਂ ਦੀ ਆਦਤ ਸੰਬੰਧੀ ਵਿਮਲਾ ਜੀ ਵਲੋਂ ਮਸਲਾ ਏਜੰਡੇ ਉਤੇ ਰੱਖਣ ਅਤੇ ਡਾਂਗ

ਜੀ ਵਲੋਂ ਬੀਜ਼ੀ ਦਾ ਤਿਆਗ ਕਰਨ ਦੀ ਗੱਲ ਅਸੀਂ ਪਹਿਲਾਂ ਆਪਣੇ ਲੇਖ ਵਿਚ ਲਿਖ ਚੁੱਕੇ ਹਾਂ।

ਜਦੋਂ ਵਿਮਲਾ ਭੈਣ ਜੀ ਰੀਪਬਲਿਕ ਕਾਲਜ ਵਿਚ ਪੜ੍ਹਾਉਂਦੇ ਸਨ ਤਾਂ ਮੈਂ ਉਸ ਵੇਲੇ ਉਥੇ ਬੀ.ਏ. ਵਿਚ ਪੜ੍ਹਦਾ ਸਾਂ। ਇਕ ਵਾਰੀ ਕਿਸੇ ਗੱਲ ਬਾਰੇ ਕੁੱਝ ਸਹਿਪਾਠੀਆਂ ਨਾਲ ਮੇਰੇ ਮਤਭੇਦ ਹੋ ਗਏ। ਮੈਂ ਸਮਝ ਨਹੀਂ ਸਾਂ ਪਾ ਰਿਹਾ ਕਿ ਉਹ ਮੇਰੇ ਨਾਲ ਨਾਰਾਜ਼ ਕਿਉਂ ਸਨ? ਕਾਲਜ ਵਿਚ ਉਸ ਵੇਲੇ ਡਾ. ਕਿਸ਼ੋਰੀ ਕਪੂਰ ਅਤੇ ਪ੍ਰੋ. ਲਖਬੀਰ ਵੀ ਪੜ੍ਹਾਉਂਦੇ ਸਨ। ਡਾ. ਕਿਸ਼ੋਰੀ ਨੇ ਇਹ ਮਸਲਾ ਪਾਰਟੀ ਦੇ ਨੋਟਿਸ ਵਿਚ ਲਿਆਂਦਾ ਕਿ ਮੇਰਾ "ਰੀਪਬਲਿਕ ਕਾਲਜ ਵਿਚ ਕੰਮ ਕਰਨ ਵਾਲੇ ਪ੍ਰੋਫੈਸਰਾਂ ਦੀ ਬਰਾਂਚ ਦਾ ਮੈਂਬਰ ਰਹਿਣਾ ਠੀਕ ਨਹੀਂ।"

ਜਦੋਂ ਇਸ ਮੁੱਦੇ ਬਾਰੇ ਸਿਟੀ ਕਮੇਟੀ ਵਿਚ ਵਿਚਾਰ ਹੋਇਆ ਤਾਂ ਲੜਕਿਆਂ ਦੇ ਮੇਰੇ ਪ੍ਰਤੀ ਸਾੜੇ ਬਾਰੇ ਵਿਮਲਾ ਭੈਣ ਜੀ ਨੇ ਜਿਹੜਾ ਕਾਰਨ ਦਸਿਆ, ਸੁਣ ਕੇ ਮੈਂ ਹੈਰਾਨ ਰਹਿ ਗਿਆ। ਵਿਮਲਾ ਜੀ ਦਾ ਲੜਕੀਆਂ ਨਾਲ ਬਹੁਤ ਗਹਿਰਾ ਤਾਲਮੇਲ ਸੀ ਅਤੇ ਉਹ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਜਾਣਦੇ ਸਨ, ਜਿਨ੍ਹਾਂ ਬਾਰੇ ਮੈਂ ਕਦੇ ਸੋਚ ਵੀ ਨਹੀਂ ਸਾਂ ਸਕਦਾ। ਵਿਮਲਾ ਭੈਣ ਜੀ ਦਾ ਕਹਿਣਾ ਸੀ, "ਕਿਉਂਕਿ ਕਾਮਰੇਡ ਪਰਵਾਨਾ ਦਾ ਲੜਕੀਆਂ ਪ੍ਰਤੀ ਵਤੀਰਾ ਬੜਾ ਸਤਿਕਾਰ ਭਰਿਆ ਹੁੰਦਾ ਹੈ, ਜਿਸ ਕਾਰਨ ਉਹ ਉਹਨਾਂ ਨਾਲ ਗੱਲਬਾਤ ਕਰਨ ਵਿਚ ਝਿਜਕ ਮਹਿਸੂਸ ਨਹੀਂ ਕਰਦੀਆਂ। ਲੜਕੇ ਇਸ ਕਾਰਨ ਇਹਨਾਂ ਪ੍ਰਤੀ ਸਾੜਾ ਰੱਖਦੇ ਹਨ।" ਦੂਜਾ ਸੁਝਾਅ ਉਹਨਾਂ ਦਾ ਇਹ ਸੀ ਕਿ ਸਿਟੀ ਕਮੇਟੀ ਦਾ ਮੈਂਬਰ ਹੋਣ ਦੇ ਨਾਤੇ ਭਾਵੇਂ ਸਾਥੀ ਪਰਵਾਨਾ ਕਿਸੇ ਵੀ ਬਰਾਂਚ ਦੀ ਮੀਟਿੰਗ ਵਿਚ ਜਾ ਸਕਦੇ ਹਨ, ਪਰੰਤੂ ਪ੍ਰੋਫੈਸਰਾਂ ਦੀ ਗੱਲ ਦਾ ਧਿਆਨ ਰੱਖਦਿਆਂ ਹੋਇਆਂ ਇਹਨਾਂ ਨੂੰ ਖੁਦ ਹੀ ਉਥੋਂ ਆਪਣਾ ਨਾਂ ਵਾਪਸ ਲੈਣਾ ਚਾਹੀਦਾ ਹੈ।"

ਸਾਡੇ ਭੈਣ ਜੀ ਨੂੰ ਲੋਕਾਂ ਨਾਲ ਕਿੰਨਾ ਪਿਆਰ ਸੀ, ਇਸ ਗੱਲ ਦੀ ਪੂਰੀ ਜਾਣਕਾਰੀ ਮੈਨੂੰ ਉਦੋਂ ਹੋਈ ਜਦੋਂ 1965 ਦੀ ਹਿੰਦ-ਪਾਕ ਜੰਗ ਦੇ ਆਖਰੀ ਦਿਨ ਪਾਕਿਸਤਾਨੀ ਹਵਾਈ ਜਹਾਜ਼ਾਂ ਵਲੋਂ ਛੇਹਰਟਾ ਵਿਖੇ ਦੋ ਬੰਬ ਸੁੱਟ ਕੇ ਬਹੁਤ ਸਾਰੇ ਮਾਸੂਮ ਲੋਕਾਂ ਦੀਆਂ ਜਾਨਾਂ ਲੈ ਲੈਣ ਦੇ ਸੰਬੰਧ ਵਿਚ ਅਸਾਂ ਕਟੜਾ ਕਰਮ ਸਿੰਘ ਵਿਚ ਇਕ ਪਾਰਟੀ ਜਲਸਾ ਰੱਖਿਆ। ਵਿਮਲਾ ਭੈਣ ਜੀ ਵੀ ਜਲਸੇ ਵਿਚ ਬੋਲੇ। ਜਦੋਂ ਉਹਨਾਂ ਮਰਨ ਵਾਲਿਆਂ ਦੀਆਂ ਲਾਸ਼ਾਂ ਦੇ ਚੀਥੜਿਆਂ ਦਾ ਬਿਜਲੀ ਦੇ ਖੰਭਿਆਂ ਉਪਰ ਟੰਗੇ ਜਾਣ ਦਾ ਜ਼ਿਕਰ ਕੀਤਾ ਤਾਂ ਸਟੇਜ ਉਤੇ ਹੀ ਉਹਨਾਂ ਦੀਆਂ ਭੁੱਬਾਂ ਨਿਕਲ ਗਈਆਂ। ਇਸ ਤੋਂ ਪ੍ਰਭਾਵਤ ਹੋ ਕੇ ਲੋਕਾਂ ਨੇ ਬੰਬਾਂ ਦੇ ਸ਼ਿਕਾਰ ਲੋਕਾਂ ਦੇ ਪਰਵਾਰਾਂ ਦੀ ਸਹਾਇਤਾ ਲਈ ਦਿਲ ਖੋਲ੍ਹ ਕੇ ਚੰਦਾ ਦਿਤਾ।

ਲੋਕਾਂ ਨਾਲ ਉਹਨਾਂ ਦੇ ਪਿਆਰ ਦਾ ਜ਼ਿਕਰ ਇਕ ਵਾਰੀ ਬਾਬਾ ਸੋਹਣ ਸਿੰਘ ਜੀ ਭਕਨਾ ਨੇ ਗੱਲਾਂ-ਗਲਾਂ ਵਿਚ ਹੀ ਕਰਦਿਆਂ ਦਸਿਆ ਕਿ ਜਦੋਂ ਬੰਗਾਲ ਵਿਚ ਕਾਲ ਪਿਆ ਤਾਂ ਪੰਜਾਬ ਦੇ ਵਿਦਿਆਰਥੀਆਂ ਨੇ ਪ੍ਰਭਾਵਤ ਲੋਕਾਂ ਲਈ ਅਨਾਜ ਅਤੇ ਧਨ ਵਿਤੋਂ ਵੱਧ ਇਕੱਠਾ ਕੀਤਾ।

ਬਾਬਾ ਜੀ ਨੇ ਦਸਿਆ ਕਿ ਇਕ ਦਿਨ ਲਾਹੌਰ ਵਿਚ ਪੜ੍ਹਦੀਆਂ ਤਿੰਨ ਮੁਟਿਆਰਾਂ ਉਨ੍ਹਾਂ ਕੋਲ ਚੰਦਾ ਲੈਣ ਆਈਆਂ। ਇਹ ਜੂਨ-ਜੁਲਾਈ ਦੇ ਦਿਨ ਸਨ। ਬਾਬਾ ਜੀ ਨੇ ਉਹਨਾਂ ਨੂੰ ਕਿਹਾ ਕਿ "ਇਕ ਏਕੜ ਜ਼ਮੀਨ ਖਾਲੀ ਪਈ ਹੈ। ਇਸ ਵਿਚ ਝੋਨਾ ਲਗਾ ਲਵੋ, ਜੋ ਆਮਦਨ ਹੋਵੇ, ਉਹ ਤੁਸੀਂ ਲੈ ਜਾਣਾ।" ਕੁੜੀਆਂ ਨੇ ਝੋਨਾ ਲਾਇਆ। ਵਿਚਾਰੀਆਂ ਦੇ ਪੈਰ ਗਲ ਗਏ, ਪਰ ਉਹਨਾਂ ਨੇ ਸਿਦਕ ਨਾ ਹਾਰਿਆ। ਝੋਨਾ ਪਕਿਆ ਅਤੇ ਵੇਚ ਕੇ ਉਹਨਾਂ ਪੈਸੇ ਬੰਗਾਲ ਭੇਜ ਦਿਤੇ। ਇਹ ਕੁੜੀਆਂ ਸਨ ਲਿਟੋ ਘੋਸ਼ (ਅੰਮ੍ਰਿਤਸਰ ਦੀ ਬੀਬੀ ਗੁਰਸ਼ਰਨ), ਪੈਰਨ ਬੜੂਚਾ (ਰਮੇਸ਼ ਚੰਦਰਾ) ਅਤੇ ਵਿਮਲਾ ਬਕਾਇਆ (ਡਾਂਗ)। ਕੀ ਅੱਜ ਦੀਆਂ ਕੁੜੀਆਂ ਇਸ ਤੋਂ ਸਬਕ ਸਿਖਣਗੀਆਂ?

ਅੰਮ੍ਰਿਤਸਰ ਦੀ ਸ਼ਹਿਰੀ ਕਮੇਟੀ ਤੇ ਜ਼ਿਲਾ ਕੌਂਸਲ ਵਿਚ ਪਿਛਲੀ ਕਾਨਫਰੰਸ ਤੋਂ ਪਹਿਲਾਂ ਤਕ ਸਾਨੂੰ ਉਹਨਾਂ ਨਾਲ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਸੀ। ਹਰ ਮਸਲੇ ਬਾਰੇ ਉਹਨਾਂ ਦੀ ਪਹੁੰਚ ਬਹੁਤ ਉਸਾਰੂ ਅਤੇ ਬੇਲਾਗ ਹੁੰਦੀ ਸੀ। ਉਹ ਆਪਣੀ ਗੱਲ ਸਪਸ਼ਟ ਅਤੇ ਬੇਲਾਗ ਢੰਗ ਨਾਲ ਕਰਨ ਦੇ ਆਦੀ ਸਨ। ਸੱਚੀ ਗੱਲ ਕਹਿਣੋਂ ਉਹ ਕਦੇ ਗੁਰੇਜ਼ ਨਹੀਂ ਸਨ ਕਰਦੇ।

ਪਾਰਟੀ ਦੇ ਅਨੇਕਾਂ ਪ੍ਰਕਾਰ ਦੇ ਰੁਝੇਵਿਆਂ ਦੇ ਨਾਲ ਹੀ ਉਹਨਾਂ ਪੰਜਾਬ ਵਿਚ ਇਸਤਰੀਆਂ ਨੂੰ ਜਥੇਬੰਦ ਕਰਨ ਲਈ ਪੰਜਾਬ ਇਸਤਰੀ ਸਭਾ ਰਾਹੀਂ ਵੱਡੀ ਭੂਮਿਕਾ ਨਿਭਾਈ ਸੀ। ਉਹ ਇਸਦੇ ਜਨਰਲ ਸਕੱਤਰ ਵੀ ਰਹੇ ਅਤੇ ਪ੍ਰਧਾਨ ਵੀ। ਆਪਣੇ ਆਖਰੀ ਸਾਹਾਂ ਤਕ ਇਸਦੇ ਸਰਪ੍ਰਸਤ ਰਹੇ।

ਜਦੋਂ ਪੰਜਾਬ ਵਿਚ ਦਹਿਸ਼ਤਗਰਦੀ ਦਾ ਦੌਰ ਸੀ ਤਾਂ ਉਹਨਾਂ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਵਿਅਕਤੀਆਂ ਦੇ ਯਤੀਮ ਬੱਚਿਆਂ ਦੀ ਪੜ੍ਹਾਈ ਲਈ ਪੰਜਾਬ ਇਸਤਰੀ ਸਭਾ ਰੀਲੀਫ ਟਰੱਸਟ ਦੀ ਸਥਾਪਨਾ ਕੀਤੀ। ਇਸ ਟਰੱਸਟ ਨੇ ਦਹਿਸ਼ਤਗਰਦੀ ਦੇ ਸ਼ਿਕਾਰ ਪਰਵਾਰਾਂ ਦੀ ਸਹਾਇਤਾ ਵੀ ਕੀਤੀ ਅਤੇ ਉਹਨਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਵਜ਼ੀਫੇ ਵੀ ਦਿਤੇ। ਕਿੰਨੇ ਹੀ ਬੱਚੇ ਇਹ ਸਹਾਇਤਾ ਪ੍ਰਾਪਤ ਕਰਕੇ ਉੱਚ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ। ਇਕ ਨੇਤਰ-ਹੀਣ ਲੜਕਾ ਤਾਂ ਐਮ-ਫਿਲ ਤਕ ਵਿਦਿਆ ਪ੍ਰਾਪਤ ਕਰਕੇ ਕਾਲਜ ਅਧਿਆਪਕ ਲੱਗਣ ਲਈ ਯੂ ਜੀ ਸੀ ਦੀ ਪ੍ਰੀਖਿਆ ਵੀ ਪਾਸ ਕਰ ਚੁੱਕਾ ਹੈ।

ਵਿਮਲਾ ਭੈਣ ਜੀ ਅਤੇ ਇਸਤਰੀ ਸਭਾ ਦੇ ਉਦਮ ਨਾਲ ਦੁਕਾਨਾਂ ਅਤੇ ਢਾਬਿਆਂ ਉਤੇ ਕੰਮ ਕਰਨ ਵਾਲੇ ਬਾਲ ਮਜ਼ਦੂਰਾਂ ਦੀ ਪੜ੍ਹਾਈ ਲਈ ਦੋ ਸਕੂਲ ਇਕ ਛੇਹਰਟਾ ਵਿਚ ਅਤੇ ਦੂਜਾ ਮੁਹਾਲੀ ਵਿਚ, ਚਲ ਰਹੇ ਹਨ ਜਿਹਨਾਂ ਵਿਚ ਅਨੇਕਾਂ ਬੱਚੇ ਵਿੱਦਿਆ ਪ੍ਰਾਪਤ ਕਰ ਰਹੇ ਹਨ।

ਜਦੋਂ ਦਹਿਸ਼ਤਗਰਦੀ ਪੂਰੇ ਜੋਬਨ ਉਤੇ ਸੀ ਤਾਂ ਸਵਰਗੀ ਅਰੁਣਾ ਆਸਿਫ ਅਲੀ ਦੀ ਅਗਵਾਈ ਵਿਚ ਇਸਤਰੀ ਸਭਾ ਦਾ ਇਕ ਵਫਦ ਤਰਨਤਾਰਨ, ਜੋ ਕਿ ਉਸ ਸਮੇਂ ਖਾਲਿਸਤਾਨੀਆਂ ਦੇ ਗੜ੍ਹ ਵਜੋਂ ਜਾਣਿਆ ਜਾਂਦਾ ਸੀ, ਦਾ ਦੌਰਾ ਕਰਨ ਲਈ ਅੰਮ੍ਰਿਤਸਰ ਆਇਆ ਸੀ। ਇਸ ਵਫਦ ਦੇ ਤਿੰਨ ਮੈਂਬਰਾਂ ਦੀ ਰਾਤ ਸਮੇਂ ਸੇਵਾ ਕਰਨ ਦਾ ਸੁਭਾਗ ਸਾਡੇ ਪਰਵਾਰ ਨੂੰ ਪ੍ਰਾਪਤ ਹੋਇਆ ਸੀ। ਅੰਮ੍ਰਿਤਾ ਕੋਹਲੀ, ਉਸ਼ਮਾ ਰੇਖੀ ਅਤੇ ਉਹਨਾਂ ਦੀ ਬੇਟੀ ਜ਼ੋਇਆ ਰਾਤ ਸਾਡੇ ਕੋਲ ਠਹਿਰੇ ਸਨ, ਪਰੰਤੂ ਅਰੁਣਾ ਜੀ ਅਗਲੀ ਸਵੇਰ ਨਾਸ਼ਤੇ ਵੇਲੇ ਸਟੇਸ਼ਨ ਤੋਂ ਸਿਧੇ ਸਾਡੇ ਘਰ ਪਹੁੰਚੇ ਸਨ। ਸਾਡੇ ਲਈ ਆਪਣੇ ਜੀਵਨ ਦੀ ਇਹ ਸਭ ਨਾਲੋਂ ਗੌਰਵਮਈ ਘਟਨਾ ਸੀ। ਇਹ ਸੁਭਾਗ ਵੀ ਵਿਮਲਾ ਭੈਣ ਜੀ ਕਰਕੇ ਹੀ ਪ੍ਰਾਪਤ ਹੋਇਆ ਸੀ। ਉਹਨਾਂ ਦੀ ਨਿਸ਼ਕਾਮ ਸੇਵਾ ਭਾਵਨਾ ਨੂੰ ਵੇਖਦਿਆਂ ਹੋਇਆਂ ਰਾਸ਼ਟਰਪਤੀ ਵਲੋਂ ਉਹਨਾਂ ਨੂੰ ਪਦਮਸ੍ਰੀ ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ। ਉਹਨਾਂ ਇਹ ਪੁਰਸਕਾਰ ਬੜੀ ਨਿਮਰਤਾ ਨਾਲ ਸਵੀਕਾਰ ਕੀਤਾ ਸੀ। ਇਹ ਅਸਲ ਵਿਚ ਉਹਨਾਂ ਲੱਖਾਂ ਲੋਕਾਂ ਦਾ ਸਨਮਾਨ ਹੈ ਜਿਹਨਾਂ ਦੀ ਸੇਵਾ ਵਿਚ ਵਿਮਲਾ ਭੈਣ ਜੀ ਦਿਨ ਰਾਤ ਲੱਗੇ ਰਹਿੰਦੇ ਸਨ।

ਪਿਛਲੇ ਕੁਝ ਸਾਲਾਂ ਤੋਂ ਇਕ ਲੰਬੀ ਬੀਮਾਰੀ ਕਾਰਨ ਉਹਨਾਂ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ ਅਤੇ ਉਹ ਖਾਣਾ ਵੀ ਬੜਾ ਸੰਕੋਚਵਾਂ ਜਿਹਾ ਹੀ ਖਾਂਦੇ ਸਨ। ਇਸ ਸਭ ਕਾਸੇ ਦੇ ਬਾਵਜੂਦ ਉਹ ਸਵੇਰੇ 11 ਵਜੇ ਤੋਂ ਦੋ ਵਜੇ ਤਕ ਨਿਰੰਤਰ ਟਰੱਸਟ ਦਾ ਕੰਮ ਕਰਦੇ ਸਨ। ਲੋਹੜੇ ਦਾ ਆਤਮ-ਵਿਸ਼ਵਾਸ ਇਸ ਵਿਚ ਉਹਨਾਂ ਦੀ ਸਹਾਇਤਾ ਕਰਦਾ ਸੀ। ਪਰੰਤੂ ਅੰਤਮ ਸਵਾਸ ਲੈਣ ਤੋਂ ਪਹਿਲਾਂ ਮਈ ਦਿਵਸ ਦੇ ਸੰਬੰਧ ਵਿਚ ਕੀਤੇ ਇਕ ਜਲਸੇ ਵਿਚ ਭਾਗ ਲੈਣ ਤੋਂ ਬਾਅਦ ਜਦੋਂ ਉਹ ਘਰ ਪੁੱਜੇ ਤਾਂ ਉਹਨਾਂ ਦੀ ਤਬੀਅਤ ਅਜਿਹੀ ਖਰਾਬ ਹੋਈ ਕਿ ਮੁੜ ਸਿਹਤ-ਯਾਬ ਨਹੀਂ ਸਨ ਹੋ ਸਕੇ ਅਤੇ 10 ਮਈ ਨੂੰ ਸਵੇਰੇ ਚਾਰ ਵਜੇ ਸਾਨੂੰ ਸਭ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ।

ਲੋਕ ਉਹਨਾਂ ਨੂੰ ਕਿੰਨਾ ਪਿਆਰ ਕਰਦੇ ਸਨ, ਇਹ ਉਹ ਲੋਕ ਹੀ ਜਾਣ ਸਕਦੇ ਹਨ ਜਿਹਨਾਂ ਉਹਨਾਂ ਦੀ ਅੰਤਮ-ਯਾਤਰਾ ਵਿਚ ਸ਼ਾਮਲ ਹਜ਼ਾਰਾਂ ਲੋਕਾਂ ਨੂੰ ਧਾਈਂ ਮਾਰ ਕੇ ਰੋਂਦਿਆਂ ਵੇਖਿਆ ਸੀ।

-0-

# ਨਿਜ ਨੂੰ ਛੱਡ ਕੇ ਜਨਤਾ ਦੀ ਭਲਾਈ ਨੂੰ ਸਮਰਪਿਤ ਮਹਾਨ ਆਗੂ ਵਿਮਲਾ ਡਾਂਗ

– ਪ੍ਰਿਥੀਪਾਲ ਸਿੰਘ ਮਾੜੀਮੇਘਾ–

ਵਿਮਲਾ ਡਾਂਗ ਸਾਬਕਾ ਐਮ.ਐਲ.ਏ. ਪੰਜਾਬ ਇਸਤਰੀ ਸਭਾ ਦੀ ਸਰਪ੍ਰਸਤ ਅਤੇ ਕਾਮਰੇਡ ਸਤਪਾਲ ਡਾਂਗ ਦੀ ਜੀਵਨ ਸਾਥਣ ਸੀ। ਉਹਨਾਂ ਆਪਣਾ ਗ੍ਰਹਿਸਤੀ ਜੀਵਨ ਛੇਹਰਟਾ (ਅੰਮ੍ਰਿਤਸਰ) ਵਿਖੇ ਬਤੀਤ ਕੀਤਾ। ਕਮਿਊਨਿਸਟ ਲਹਿਰ ਵਿਚ ਉਹ ਸਿਰੜ ਨਾਲ ਕੰਮ ਕਰਨ ਵਾਲੀ ਇਕ ਮਹਾਨ ਔਰਤ ਸੀ। ਉਹਨਾਂ ਸਮਾਜ ਭਲਾਈ ਦੇ ਕੰਮਾਂ ਵਿਚ ਕਾਲਜ ਦੀ ਜ਼ਿੰਦਗੀ ਤੋਂ ਹੀ ਬਹੁਤ ਧਿਆਨ ਦੇਣਾ ਸ਼ੁਰੂ ਕਰ ਦਿਤਾ ਸੀ ਅਤੇ ਅੰਤਮ ਸਾਹਾਂ ਤਕ ਇਸ ਫਰਜ਼ ਨੂੰ ਇਮਾਨਦਾਰੀ ਨਾਲ ਨਿਭਾਇਆ। ਹਰਮਨਪਿਆਰੀ ਹੋਣ ਕਰਕੇ ਬਹੁਤੇ ਲੋਕ ਉਹਨਾਂ ਨੂੰ ਭੈਣ ਜੀ ਕਹਿ ਕੇ ਬੁਲਾਉਂਦੇ ਸਨ। ਉਹਨਾਂ ਦੀ ਮੌਤ 10 ਮਈ 2009 ਨੂੰ ਹੋਈ ਸੀ। ਅੱਜ 23 ਮਈ 2009 ਨੂੰ ਉਹਨਾਂ ਦੇ ਸ਼ਰਧਾਂਜਲੀ ਸਮਾਗਮ ਤੇ ਹਜ਼ਾਰਾਂ ਲੋਕ ਅਤੇ ਦੇਸ ਭਰ ਦੇ ਪ੍ਰਮੁੱਖ ਰਾਜਨੀਤਕ ਆਗੂ ਪਹੁੰਚ ਰਹੇ ਹਨ।

ਵਿਮਲਾ ਡਾਂਗ ਦਾ ਪ੍ਰੀਵਾਰਕ ਪਿਛੋਕੜ ਕਸ਼ਮੀਰੀ ਪੰਡਤਾਂ ਨਾਲ ਸਬੰਧਤ ਹੈ। ਲਾਹੌਰ ਵਿਖੇ ਵਿੱਦਿਆ ਪ੍ਰਾਪਤ ਕਰਨ ਦੌਰਾਨ ਹੀ ਉਹ ਏ.ਆਈ.ਐਸ.ਐਫ. ਵਿਚ ਸ਼ਾਮਲ ਹੋ ਕੇ ਆਗੂ ਬਣ ਗਏ ਸਨ। ਵਿਦਿਆਰਥੀਆਂ ਵਿਚ ਆਜ਼ਾਦੀ ਸੰਗਰਾਮ ਦੀ ਚੇਤਨਾ ਪੈਦਾ ਕਰਨ ਲਈ ਵਿਦਿਅਕ ਸੈਂਟਰ ਲਾਹੌਰ ਉਸ ਵਕਤ ਪੰਜਾਬ ਦਾ ਮੁਖ ਕੇਂਦਰ ਸੀ। ਇਸੇ ਕੇਂਦਰ ਨੇ ਹੀ ਸ਼ਹੀਦ-ਏ-ਆਜ਼ਮ-ਭਗਤ ਸਿੰਘ ਤੇ ਸੁਖਦੇਵ ਵਰਗੇ ਮਹਾਨ ਕਰਾਂਤੀਕਾਰੀ ਪੈਦਾ ਕੀਤੇ ਸਨ। ਕਾ. ਸਤਪਾਲ ਡਾਂਗ ਵੀ 1943 ਦੇ ਸਮੇਂ ਵਿਚ ਏ.ਆਈ.ਐਸ.ਐਫ. ਦੇ ਪ੍ਰਮੁੱਖ ਆਗੂ ਸਨ ਤੇ ਜਥੇਬੰਦਕ ਸਰਗਰਮੀਆਂ ਕਾਰਨ ਲਾਹੌਰ ਵਿਖੇ ਵਿਮਲਾ ਡਾਂਗ ਦਾ ਸਤਪਾਲ ਡਾਂਗ ਨਾਲ ਮੇਲ ਹੋ ਗਿਆ ਸੀ।

ਘਰੇਲੂ ਕਾਰਨਾਂ ਕਰਕੇ ਵਿਮਲਾ ਡਾਂਗ ਦਾ ਪਰਿਵਾਰ ਬੰਬਈ ਜਾ ਵਸਿਆ। ਬੰਬਈ ਉਸ ਸਮੇਂ ਅੰਗਰੇਜ਼ੀ ਹਕੂਮਤ ਦੇ ਵਪਾਰ ਦਾ ਮੁਖ ਕੇਂਦਰ ਸੀ। ਉਸ ਸਮੇ ਬੰਬਈ ਵਿਚ ਹੀ ਏ.ਆਈ.ਐਸ.ਐਫ. ਦਾ ਕੁਲ-ਹਿੰਦ ਪਧਰ ਦਾ ਮੁਖ ਦਫਤਰ ਸੀ। ਸਤਪਾਲ ਡਾਂਗ ਵੀ ਮੁੱਖ ਦਫਤਰ ਦੇ ਕੰਮਾਂ ਨੂੰ ਸੰਭਾਲਣ ਵਾਸਤੇ ਏ.ਆਈ.ਐਸ.ਐਫ. ਦੇ ਕੁਲ-ਹਿੰਦ ਜਨਰਲ ਸਕੱਤਰ ਨਿਯੁਕਤ ਹੋ ਗਏ ਤੇ ਬੰਬਈ ਪਹੁਚ ਗਏ। ਇਥੇ ਦੋਹਾਂ ਆਗੂਆਂ ਨੇ ਮਿਲ ਕੇ ਵਿਦਿਆਰਥੀ ਲਹਿਰ ਨੂੰ ਜਥੇਬੰਦ ਕਰਨ ਵਾਸਤੇ ਜ਼ੋਰਦਾਰ ਢੰਗ ਨਾਲ ਦੇਸ ਭਰ ਵਿਚ ਸਰਗਰਮੀ ਕੀਤੀ। ਉਸ ਸਮੇਂ ਵਿਦਿਆਰਥੀ ਪੜ੍ਹਾਈ ਦੀਆਂ ਮੰਗਾਂ ਦੇ ਘੋਲ ਦੇ ਨਾਲ ਨਾਲ ਆਜ਼ਾਦੀ ਸੰਗਰਾਮ ਦੇ ਰਾਜਨੀਤਕ ਅੰਦੋਲਨਾਂ ਵਿਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਸਨ।

ਵਿਮਲਾ ਡਾਂਗ ਦੇ ਭਰਾਵਾਂ ਨੇ ਵੀ ਸਰਗਰਮੀ ਨਾਲ ਆਜ਼ਾਦੀ ਸੰਗਰਾਮ ਵਿਚ ਹਿਸਾ ਪਾਇਆ। ਵਿਮਲਾ ਡਾਂਗ ਦੀ ਸਵੈ-ਜੀਵਨੀ ਲਿਖਤ ਅਨੁਸਾਰ "26 ਫਰਵਰੀ 1946 ਦੇ ਦਿਨ ਅੰਗਰੇਜ਼ ਸਾਮਰਾਜ ਨੇ ਬੰਬਈ ਵਿਚ ਨਿਹੱਥੇ ਲੋਕਾਂ ਤੇ ਗੋਲੀਆਂ ਚਲਾ ਕੇ 200 ਦੇ ਲਗਭਗ ਲੋਕ ਸ਼ਹੀਦ ਕਰ ਦਿਤੇ ਤੇ ਅਨੇਕਾਂ ਜ਼ਖਮੀ ਹੋ ਗਏ, ਜ਼ਖਮੀਆਂ ਨੂੰ ਵਿਮਲਾ ਡਾਂਗ ਦੇ ਭਰਾ ਨੇ ਖੂਨ ਦਿਤਾ ਪਰ ਗਲਤ ਸੂਈ ਲਗ ਜਾਣ ਕਰਕੇ ਵਿਮਲਾ ਡਾਂਗ ਦੇ ਭਰਾ ਦੇ ਸਰੀਰ ਵਿਚ ਜ਼ਹਿਰ ਫੈਲ ਗਿਆ ਤੇ ਅੰਤ ਨੂੰ ਮੌਤ ਹੋ ਗਈ।"

ਵਿਦਿਆਰਥੀ ਲਹਿਰ ਦੀ ਇਕ ਯੋਗ ਆਗੂ ਹੋਣ ਕਰਕੇ ਵਿਮਲਾ ਡਾਂਗ ਨੂੰ 'ਅੰਤਰਰਾਸ਼ਟਰੀ (ਆਈ.ਐਸ.ਯੂ.) ਵਿਦਿਆਰਥੀ ਯੂਨੀਅਨ' ਪਰਾਗ (ਚੈਕੋਸਲਵਾਕੀਆ) ਵਿਖੇ 1947 ਤੋਂ 1951 ਤਕ ਕੰਮ ਕਰਨ ਦਾ ਮੌਕਾ ਪ੍ਰਾਪਤ ਹੋਇਆ ਅਤੇ ਉਹਨਾਂ ਕਈ ਵਿਦੇਸ਼ਾਂ ਵਿਚ ਜਥੇਬੰਦੀ ਵਲੋਂ ਪ੍ਰਤੀਨਿਧਤਾ ਕੀਤੀ। ਪਰਾਗ ਵਿਖੇ 15 ਅਗਸਤ 1947 ਨੂੰ 'ਵਰਲਡ ਫੈਡਰੇਸ਼ਨ ਆਫ ਡੈਮੋਕਰਟਿਕ ਯੂਥ' ਵਲੋਂ ਸੰਸਾਰ ਪਧਰ ਦਾ 'ਨੌਜਵਾਨ ਮੇਲਾ' ਸੀ ਤੇ ਭਾਰਤ ਵਲੋਂ ਇਸ ਮੇਲੇ ਵਿਚ ਬਤੌਰ ਡੈਲੀਗੇਟ ਵਿਮਲਾ ਡਾਂਗ ਤੇ ਸਤਪਾਲ ਡਾਂਗ ਨੇ ਪ੍ਰਤੀਨਿਧਤਾ ਕੀਤੀ। ਦੂਸਰੀ ਵਿਸ਼ਵ ਜੰਗ ਤੋਂ ਬਾਅਦ ਸੰਸਾਰ ਭਰ ਵਿਚ ਅਮਨ ਦੀ ਪੁਕਾਰ ਕਰਨ ਵਾਲਾ ਇਹ ਪਹਿਲਾ ਅੰਤਰਰਾਸ਼ਟਰੀ ਯੁਵਕ ਮੇਲਾ ਸੀ। ਦੇਸ ਦੀ ਆਜ਼ਾਦੀ ਤੇ ਭਾਰਤ-ਪਾਕ ਦੀ ਵੰਡ ਸਮੇਂ ਡਾਂਗ ਜੋੜੀ ਪਰਾਗ ਵਿਚ ਸੀ।

ਭਾਰਤ ਵਾਪਸ ਪਰਤ ਕੇ ਵਿਮਲਾ ਡਾਂਗ ਨੇ 1952 ਵਿਚ ਬੰਬਈ ਵਿਖੇ ਸਤਪਾਲ ਡਾਂਗ ਨਾਲ ਸ਼ਾਦੀ ਕਰਵਾ ਲਈ। ਸ਼ਾਦੀ ਤੋਂ ਬਾਅਦ ਡਾਂਗ ਜੋੜੀ ਕਿਰਤੀਆਂ ਨੂੰ ਜਥੇਬੰਦ ਕਰਨ ਵਾਸਤੇ ਪੰਜਾਬ ਦੇ ਪ੍ਰਮੁਖ ਸਨਅਤੀ ਕੇਂਦਰ ਛੇਹਰਟਾ ਵਿਖੇ ਪੱਕੇ ਰੂਪ ਵਿਚ ਰਹਿਣ ਲਗ ਪਏ। ਵਿਦਿਆਰਥੀ ਜੀਵਨ ਸੰਗਰਾਮ ਦੌਰਾਨ ਉਹਨਾਂ ਸਮਾਜਵਾਦੀ ਸੋਚ ਅਪਨਾ ਲਈ ਸੀ ਤੇ ਇਸ ਲਹਿਰ ਦੀ ਉਸਾਰੀ ਵਾਸਤੇ ਕਮਿਊਨਿਸਟ ਪਾਰਟੀ ਵਿਚ ਸਾਰਾ ਜੀਵਨ ਕੁਲ-ਵਕਤੀ ਦੇ ਤੌਰ 'ਤੇ ਲਾਇਆ। ਆਪਣਾ ਸੁਖੀ ਜੀਵਨ ਛੱਡ ਕੇ ਕਿਰਤੀਆਂ ਦਾ ਜੀਵਨ ਖੁਸ਼ਹਾਲ ਬਨਾਉਣ ਲਈ ਸਾਰੀ ਜ਼ਿੰਦਗੀ ਉਹਨਾਂ ਦੇ ਲੇਖੇ ਲਾ ਦਿਤੀ। ਸਾਰੀ ਉਮਰ ਕਿਰਾਏ ਦੇ ਕਮਰੇ ਵਿਚ ਬਿਤਾਈ ਆਪਣੀ ਕੋਈ ਨਿਜੀ ਜਾਇਦਾਦ ਨਹੀਂ ਬਣਾਈ।

ਉਹ ਛੇਹਰਟਾ ਮਿਊਂਸਪਲ ਕਮੇਟੀ ਦੇ ਪ੍ਰਧਾਨ ਵੀ ਰਹੇ ਤੇ ਉਹਨਾਂ ਦੇ ਸਮੇਂ ਛੇਹਰਟਾ ਵਿਚ ਨਮੂਨੇ ਦੇ ਵਿਕਾਸ ਹੋਏ। ਉਹਨਾਂ ਪੰਜਾਬ ਵਿਧਾਨ ਸਭਾ ਵਿਚ (1992-97) ਬਤੌਰ ਐਮ.ਐਲ.ਏ. ਕਿਰਤੀ ਲੋਕਾਂ ਦੇ ਹੱਕ ਵਿਚ ਪੁਰਜ਼ੋਰ ਕੰਮ ਕੀਤਾ। ਪੰਜਾਬ ਵਿਚ ਫਿਰਕਾਪ੍ਰਸਤੀ ਦਹਿਸ਼ਤਗਰਦਾਂ ਦੀ ਵਿਮਲਾ ਡਾਂਗ ਨੇ ਡੱਟਵੀਂ ਵਿਰੋਧਤਾ ਕੀਤੀ। ਅੱਤਵਾਦ ਦੌਰਾਨ ਵੱਡੀ ਪਧਰ ਤੇ ਕਮਿਊਨਿਸਟ ਸ਼ਹੀਦ ਹੋ ਗਏ ਤੇ ਹੋਰ ਵੀ ਅਨੇਕਾਂ ਬੇਗੁਨਾਹ ਹਿੰਦੂ-ਸਿੱਖਾਂ ਨੂੰ ਅੱਤਵਾਦੀਆਂ ਨੇ ਮਾਰ ਦਿਤਾ। ਮਾਰੇ ਗਏ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਤੇ ਬਾਕੀ ਪ੍ਰਵਰਿਸ਼ ਲਈ ਵਿਮਲਾ ਡਾਂਗ ਦੀ ਸਰਪ੍ਰਸਤੀ ਹੇਠ 'ਇਸਤਰੀ ਸਭਾ ਰੀਲੀਫ ਟਰੱਸਟ' ਛੇਹਰਟਾ ਵਿਖੇ ਸਥਾਪਤ ਕੀਤਾ ਗਿਆ। ਬੱਚਿਆਂ ਨੂੰ ਪੜ੍ਹਾਈ ਤੇ ਨੌਕਰੀਆਂ ਦਿਵਾਉਣ ਵਿਚ ਬਹੁਤ ਵੱਡਾ ਯੋਗਦਾਨ ਪਾਇਆ।

ਪੰਜਾਬ ਸਰਕਾਰ ਦੀ ਰੁਜ਼ਗਾਰ ਮੁੱਖੀ ਨੀਤੀ ਨਾ ਹੋਣ ਕਰਕੇ ਅੱਜ ਪੰਜਾਬ ਦੀ ਜੁਆਨੀ ਨਸ਼ਿਆਂ ਦੀ ਲਪੇਟ ਤੇ ਮਾਯੂਸੀ ਵਿਚ ਆ ਕੇ ਖੁਦਕਸ਼ੀਆਂ ਕਰ ਰਹੀ ਹੈ। ਜੁਆਨੀ ਨੂੰ ਆਪਣੇ ਹੱਕਾਂ ਪ੍ਰਤੀ ਜਾਗਰਿਤ ਕਰਨ ਵਾਸਤੇ ਵਿਮਲਾ ਡਾਂਗ ਨੇ 23 ਮਾਰਚ 1999 ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਤੇ ਮੋਗਾ ਵਿਖੇ ਅਸ਼ੀਰਵਾਦ ਦੇ ਕੇ 'ਰੋਜ਼ਗਾਰ ਪ੍ਰਾਪਤੀ ਚੇਤਨਾ ਮਾਰਚ' ਦਾ ਆਯੋਜਨ ਕੀਤਾ।

ਭੈਣ ਜੀ ਵਿਮਲਾ ਡਾਂਗ ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸੀਨੀਅਰ ਟਰੱਸਟੀ ਵੀ ਸਨ। ਜਲ੍ਹਿਆਂਵਾਲਾ ਬਾਗ ਨੂੰ ਸੁੰਦਰ ਸੈਰਗਾਹ ਬਨਾਉਣ ਦੀ ਨੀਤੀ ਆਧਾਰਤ ਬਾਗ ਦੇ ਇਤਿਹਾਸਕ ਨਿਸ਼ਾਨਾ ਤੇ ਸਥਾਨਾਂ ਦੀ ਤੋੜ-ਭੰਨ ਬਾਗ ਦੀ ਪ੍ਰਬੰਧਕ ਕਮੇਟੀ ਵਲੋਂ ਕੀਤੀ ਜਾ ਰਹੀ ਸੀ। ਇਸ ਭੰਨ-ਤੋੜ ਵਿਰੁਧ ਸਭ ਤੋਂ ਪਹਿਲਾਂ ਡਾਂਗ ਜੋੜੀ ਨੇ ਮਸਲਾ ਲੋਕਾਂ ਵਿਚ ਉਭਾਰਿਆ ਤੇ ਸਰਕਾਰ ਤਕ ਪਹੁੰਚ ਕੀਤੀ। ਦੇਸ਼ਭਗਤ ਯਾਦਗਾਰ ਕਮੇਟੀ ਨੇ ਭੰਨ-ਤੋੜ ਦੇ ਵਿਰੋਧ ਵਿਚ ਜਲ੍ਹਿਆਂਵਾਲਾ ਬਾਗ ਤੋਂ ਹਾਲ ਗੇਟ ਤਕ ਰੋਸ ਮਾਰਚ ਸਫੰਲ ਕੀਤਾ ਇਸਦੀ ਅਗਵਾਈ ਵੀ ਬਿਰਧ ਅਵਸਥਾ ਵਿਚ ਵਿਮਲਾ ਡਾਂਗ ਵਲੋਂ ਕੀਤੀ ਗਈ।

ਸਮਾਜ ਭਲਾਈ ਲਈ ਕੀਤੇ ਹੋਏ ਕੰਮਾਂ ਨੂੰ ਮੁਖ ਰੱਖ ਕੇ ਵਿਮਲਾ ਡਾਂਗ ਨੂੰ 1992 ਵਿਚ 'ਪਦਮਸ੍ਰੀ ਪੁਰਸਕਾਰ' ਨਾਲ ਸਨਮਾਨਤ ਭਾਰਤ ਸਰਕਾਰ ਵਲੋਂ ਕੀਤਾ ਗਿਆ। ਵਿਮਲਾ ਡਾਂਗ ਜੀ ਦੇ ਜੀਵਨ ਸੰਗਰਾਮ ਤੋਂ ਅਜੋਕੇ ਸਮੇਂ ਵਿਚ ਉਭਰ ਰਹੇ ਰਾਜਨੀਤਕ ਆਗੂਆਂ ਨੂੰ ਪ੍ਰੇਰਨਾ ਲੈਣੀ ਬਣਦੀ ਹੈ ਕਿਉਂਕਿ ਨਿਜਵਾਦ ਨੂੰ ਛੱਡ ਕੇ ਜਨਤਾ ਦੀ ਭਲਾਈ ਵਾਸਤੇ ਅਗੇ ਆਉਣਾ ਉਸ ਮਹਾਨ ਸ਼ਖਸੀਅਤ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

–0–

# ਕਾ. ਵਿਮਲਾ ਡਾਂਗ ਜੀ ਦੀ ਸੰਖੇਪ ਜੀਵਨੀ

– ਅਮਰਜੀਤ ਸਿੰਘ ਆਸਲ –

ਕਾ. ਵਿਮਲਾ ਡਾਂਗ ਜੀ ਦਾ ਜਨਮ 26 ਦਸੰਬਰ 1926 ਨੂੰ ਅਲਾਹਾਬਾਦ ਵਿਖੇ ਹੋਇਆ। ਦੇਸ਼ਭਗਤੀ ਤੇ ਸਮਾਜ ਸੇਵਾ ਉਹਨਾਂ ਦੇ ਪਰਿਵਾਰ ਵਿਚ ਹੀ ਮੌਜੂਦ ਸੀ। ਸ੍ਰੀਮਤੀ ਸਰੋਜਨੀ ਨਾਇਡੂ ਦੀ ਭੈਣ ਮਿਸਜ਼ ਮ੍ਰਿਨਾਲਿਨੀ ਚਟੋਪਾਧਿਆਏ ਅਤੇ ਸਹਾਸ਼ਿਨੀ ਜੰਭੇਕਰ ਉਹਨਾਂ ਦੇ ਪਰਿਵਾਰ ਦੇ ਨਜ਼ਦੀਕ ਸਨ, ਜਦੋਂ ਉਹ ਲਾਹੌਰ ਵਿਖੇ ਸਕੂਲ ਵਿਚ ਪੜ੍ਹਦੇ ਸਨ। ਵਿਦਿਆਰਥੀ ਜੀਵਨ ਤੋਂ ਹੀ ਉਹਨਾਂ ਨੇ ਰਾਜਨੀਤਕ ਸਰਗਰਮੀਆਂ ਸ਼ੁਰੂ ਕੀਤੀਆਂ ਅਤੇ ਆਜ਼ਾਦੀ ਦੀ ਲੜਾਈ ਵਿਚ ਉਘਾ ਰੋਲ ਅਦਾ ਕੀਤਾ। ਉਹ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਉਘੇ ਆਗੂ ਸਨ।

1943 ਵਿਚ ਬੰਗਾਲ ਵਿਚ ਭਿਆਨਕ ਕਾਲ ਪਿਆ। ਜਿਸ ਵਿਚ ਲੱਖਾਂ ਲੋਕ ਮਾਰੇ ਗਏ ਬਿਮਾਰੀਆਂ ਅਤੇ ਭੁੱਖਮਰੀ ਦਾ ਸ਼ਿਕਾਰ ਹੋਏ। ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੱਦੇ ਉਪਰ ਸਾਰੇ ਦੇਸ ਵਿਚੋਂ ਵਿਦਿਆਰਥੀਆਂ ਦੇ ਸਕੁਐਡ ਬੰਗਾਲ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਪਹੁੰਚੇ। ਪੰਜਾਬ ਵਿਚੋਂ ਜੋ ਵਿਦਿਆਰਥੀਆਂ ਦਾ ਜਥਾ ਗਿਆ, ਉਸ ਵਿਚ ਉਹ ਸ਼ਾਮਲ ਸਨ। ਜਥਾ ਰੰਗਪੁਰ (ਹੁਣ ਬੰਗਲਾ ਦੇਸ਼ ਵਿਚ ਹੈ) ਗਿਆ। ਵਾਪਸ ਆ ਕੇ ਬੰਗਾਲ ਰਲੀਫ ਫੰਡ ਤੇ ਹੋਰ ਵਸਤਾਂ ਇਕੱਠੀਆਂ ਕਰਕੇ ਉਥੇ ਪਹੁੰਚਾਈਆਂ। 1946 ਵਿਚ ਬੰਬਈ ਵਿਚ ਹਿੰਦੂ ਮੁਸਲਿਮ ਫਸਾਦ ਬਹੁਤ ਵੱਡੇ ਪਧਰ ਤੇ ਹੋਏ। ਤਾਂ ਇਹਨਾਂ ਨੇ ਭਾਈਚਾਰਕ ਸਾਂਝ ਲਈ ਅਤੇ ਫਸਾਦ ਰੋਕਣ ਲਈ ਵਧ ਚੜ੍ਹ ਕੇ ਰੋਲ ਅਦਾ ਕੀਤਾ ਅਤੇ ਆਪਣੇ ਭੈਣ ਭਰਾਵਾਂ ਅਤੇ ਹੋਰ ਲੋਕਾਂ ਨੂੰ ਨਾਲ ਲੈ ਕੇ ਖੂਨ ਦਾਨ ਵੀ ਕੀਤਾ। ਇਨ੍ਹਾਂ ਨੂੰ ਉਸ ਸਮੇਂ ਬਹੁਤ ਵੱਡਾ ਸਦਮਾ ਲਗਾ ਜਦੋਂ ਇਹਨਾਂ ਦਾ ਵੱਡਾ ਭਰਾ ਸ਼ਸ਼ੀ ਬਕਾਇਆ ਜੋ ਉਸ ਸਮੇਂ 25 ਸਾਲ ਸੀ। ਆਪਣੀ ਜਾਨ ਗੁਆ ਬੈਠਾ, ਕਿਉਂਕਿ ਉਹਨਾਂ ਦਾ ਖੂਨ ਲੈਂਦੇ ਸਮੇਂ ਜੋ ਸੂਈ ਵਰਤੀ ਗਈ, ਉਹ ਪੂਰੀ ਤਰ੍ਹਾਂ ਸਟੇਰਲਾਈਜ਼ ਨਹੀਂ ਸੀ ਕੀਤੀ ਗਈ।

1947 ਵਿਚ ਉਹਨਾਂ ਨੂੰ ਇੰਟਰਨੈਸ਼ਨਲ ਯੂਨੀਅਨ ਆਫ ਸਟੂਡੈਂਟਸ ਦਾ ਨੁਮਾਇੰਦਾ ਚੁਣਿਆ ਗਿਆ ਅਤੇ ਉਹ 1947 ਤੋਂ 1951 ਤਕ ਪਰਾਗ ਵਿਖੇ ਦੁਨੀਆਂ ਭਰ ਦੇ ਵਿਦਿਆਰਥੀ ਦੀ ਅਗਵਾਈ ਕਰਦੇ ਰਹੇ।

10 ਅਪਰੈਲ 1952 ਨੂੰ ਉਹਨਾਂ ਨੇ ਕਾ. ਸਤਪਾਲ ਡਾਂਗ ਨਾਲ ਬੰਬਈ ਵਿਖੇ ਕੋਰਟ ਮੈਰਿਜ ਰਜਿਸਟਰ ਕਰਵਾਈ। ਲੇਕਿਨ ਘਰ ਦੇ ਆਰਥਿਕ ਹਾਲਾਤ ਵਿਚ ਮਦਦ ਕਰਨ ਕਰਕੇ ਉਹਨਾਂ ਨੂੰ ਕੁਝ ਸਮਾਂ ਬੰਬਈ ਵਿਚ ਹੀ ਰਹਿਣਾ ਪਿਆ ਅਤੇ 1954 ਵਿਚ ਉਹ ਅੰਮ੍ਰਿਤਸਰ ਦੇ ਇੰਡਸਟਰੀਅਲ ਏਰੀਆ ਛੇਹਰਟਾ ਵਿਖੇ ਆ ਕੇ ਆਪਣੇ ਪਤੀ ਸਤਪਾਲ ਡਾਂਗ ਨਾਲ ਰਹਿਣ ਲਗ ਪਏ। ਇਥੇ ਉਹਨਾਂ ਨੇ ਪੰਜਾਬ ਇਸਤਰੀ ਸਭਾ ਵਿਚ ਔਰਤਾਂ ਨੂੰ ਜਥੇਬੰਦ ਕਰਨ ਦਾ ਕੰਮ ਸ਼ੁਰੂ ਕੀਤਾ ਅਤੇ 1955 ਵਿਚ ਪੰਜਾਬ ਇਸਤਰੀ ਸਭਾ ਦੇ ਜਨਰਲ ਸਕੱਤਰ ਬਣੇ। 1962 ਵਿਚ ਭਾਰਤੀ ਕਮਿਊਨਿਸਟ ਪਾਰਟੀ ਵਲੋਂ ਲਗਾਏ ਅਨਾਜ ਮੋਰਚੇ ਵਿਚ ਉਹਨਾਂ ਨੇ ਜੇਲ੍ਹ ਯਾਤਰਾ ਕੀਤੀ। 1965 ਦੀ ਜੰਗ ਸਮੇਂ ਇਸਤਰੀ ਸਭਾ ਨੇ ਮਜ਼ਦੂਰਾਂ ਦੀ ਯੂਨੀਅਨ (ਏਕਤਾ ਯੂਨੀਅਨ) ਨਾਲ ਮਿਲ ਕੇ ਫੌਜੀਆਂ ਲਈ ਛੇਹਰਟਾ ਅਤੇ ਪੁਤਲੀਘਰ ਵਿਖੇ ਦੋ ਕੰਨਟੀਨਾਂ ਖੋਲ੍ਹੀਆਂ। ਜਿਥੇ ਉਹਨਾਂ ਨੂੰ ਫਲ, ਚਾਹ, ਰੋਟੀ ਅਤੇ ਸਿਗਰਟਾਂ ਆਦਿ ਵਰਗੀਆਂ ਵਸਤਾਂ ਮੁਫਤ ਦਿੱਤੀਆਂ ਜਾਂਦੀਆਂ ਸਨ। ਛੇਹਰਟੇ ਦੀ ਕੰਟੀਨ ਤਾਂ ਫੌਜੀਆਂ ਵਿਚ ਬਹੁਤ ਹਰਮਨਪਿਆਰੀ ਸੀ। ਜੰਗ ਖਤਮ ਹੋਣ ਦੇ ਆਖਰੀ ਦਿਨ ਪਾਕਿਸਤਾਨੀ ਹਮਲਾਵਰਾਂ ਨੇ ਛੇਹਰਟੇ ਵਿਚ ਬੰਬ ਸੁੱਟ ਦਿਤੇ, ਜਿਸ ਨਾਲ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ। ਇਸ ਸਮੇਂ ਉਹਨਾਂ ਨੇ ਦੂਜੇ ਲੋਕਾਂ ਨੂੰ ਨਾਲ ਲੈ ਕੇ ਮ੍ਰਿਤਕਾਂ ਦੇ ਸਸਕਾਰ ਅਤੇ ਜ਼ਖਮੀਆਂ ਨੂੰ ਰਾਹਤ ਪਹੁੰਚਾਉਣ ਦਾ ਕੰਮ ਵੱਡੇ ਪਧਰ ਤੇ ਕੀਤਾ।

1955 ਤੇ 1965 ਵਿਚ ਅੰਮ੍ਰਿਤਸਰ ਦੇ ਮਜ਼ਦੂਰਾਂ ਦੀਆਂ ਜਨਰਲ ਹੜਤਾਲਾਂ ਹੋਈਆਂ ਜੋ ਕਰਮਵਾਰ 36 ਦਿਨ ਅਤੇ 55 ਦਿਨ ਲਗਾਤਾਰ ਚੱਲੀਆਂ। ਇਹਨਾਂ ਨੇ ਮਜ਼ਦੂਰਾਂ ਦੀ ਸਹਾਇਤਾ ਲਈ ਉਘਾ ਰੋਲ ਅਦਾ ਕੀਤਾ ਅਤੇ 1955 ਵਿਚ ਔਰਤਾਂ ਦਾ ਵੱਡਾ ਜਥਾ ਲੈਕੇ ਜੇਲ੍ਹ ਵਿਚ ਵੀ ਗਏ ਅਤੇ ਫਿਰ 1965 ਵਿਚ 80 ਔਰਤਾਂ ਦਾ ਜਥਾ ਲੈ ਕੇ ਜੇਲ੍ਹ ਯਾਤਰਾ ਕੀਤੀ।

1968 ਵਿਚ ਛੇਹਰਟਾ ਵਿਚ ਮਿਉਂਸਪਲ ਕਮੇਟੀ ਦੇ ਪ੍ਰਧਾਨ ਬਣੇ ਅਤੇ 1978 ਤਕ ਰਹੇ ਜਦੋਂ ਤਕ ਕਿ ਇਸ ਕਮੇਟੀ ਨੂੰ ਤੋੜ ਕੇ ਅੰਮ੍ਰਿਤਸਰ ਦੀ ਕਮੇਟੀ ਵਿਚ ਨਹੀਂ ਮਿਲਾ ਦਿਤਾ ਗਿਆ। ਉਹਨਾਂ ਦੀ ਪ੍ਰਧਾਨਗੀ ਦੌਰਾਨ ਛੇਹਰਟੇ ਵਿਚ ਵਡੇ ਪਧਰ ਉਪਰ ਵਿਕਾਸ ਦੇ ਕੰਮ ਹੋਏ। ਕਮੇਟੀ ਵਲੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਮੁਫਤ ਮੈਡੀਕਲ ਸਹੂਲਤ ਦਿਤੀ ਗਈ ਅਤੇ ਗਰੀਬ ਵਿਦਿਆਰਥੀਆਂ ਨੂੰ ਵਜ਼ੀਫੇ ਵੀ ਦਿਤੇ ਗਏ। 1975 ਵਿਚ ਜੋ ਔਰਤਾਂ ਦਾ ਕੌਮਾਂਤਰੀ ਵਰ੍ਹਾ ਸੀ, ਕਮੇਟੀ ਨੇ ਕੰਮ ਕਰਨ ਵਾਲੀਆਂ ਔਰਤਾਂ ਦੇ ਬੱਚਿਆਂ ਲਈ ਇਕ ਬਹੁਤ ਹੀ ਚੰਗੀ ਬਾਲਵਾੜੀ ਸ਼ੁਰੂ ਕੀਤੀ। ਇਸ ਦੇ ਨਾਲ ਹੀ ਕਮੇਟੀ ਦੇ ਮੁਲਾਜ਼ਮਾਂ ਨੂੰ ਵੀ ਸਾਰੇ ਪੰਜਾਬ ਦੇ ਮਿਉਂਸਪਲ ਕਮੇਟੀਆਂ ਦੇ ਮੁਲਾਜ਼ਮਾਂ ਨਾਲੋਂ ਵਧ ਸਹੂਲਤਾਂ ਦਿੱਤੀਆਂ।

1970 ਵਿਚ ਭਾਰਤੀ ਕਮਿਊਨਿਸਟ ਪਾਰਟੀ ਵਲੋਂ ਜ਼ਮੀਨੀ ਸੁਧਾਰਾਂ ਸੰਬੰਧੀ ਬੇਦੀ ਫਾਰਮ ਦੇ ਮੋਰਚੇ ਵਿਚ ਗਏ ਅਤੇ ਜਬਰ ਦਾ ਸਾਹਮਣਾ ਕੀਤਾ।

ਸਮਾਜਿਕ ਜਬਰ ਦੇ ਸੈਂਕੜੇ ਕੇਸਾਂ ਵਿਚ ਮਦਦ ਕੀਤੀ ਅਤੇ ਅਨੇਕਾਂ ਹੀ ਪਰਿਵਾਰਕ ਝਗੜਿਆਂ ਨੂੰ ਸੁਲਝਾਉਣ ਵਿਚ ਮਦਦ ਕੀਤੀ। ਔਰਤਾਂ ਉਪਰ ਜ਼ੁਲਮ ਦੇ ਵਿਰੁਧ ਆਵਾਜ਼ ਬੁਲੰਦ ਕੀਤੀ। ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਵਿਚ ਸੈਂਕੜੇ ਲੋਕਾਂ ਦੀ ਮਦਦ ਕੀਤੀ।

ਲੋਕਾਂ ਦੀ ਸੇਵਾ ਨਿਰਵਿਘਨ ਕਰਨ ਹਿਤ ਆਪਣੇ ਪਤੀ

ਕਾ. ਸਤਪਾਲ ਡਾਂਗ ਨਾਲ ਫੈਸਲਾ ਕਰਕੇ ਨਿਰਸੰਤਾਨ ਰਹੇ ਜੋ ਕਿ ਇਕ ਔਰਤ ਲਈ ਬਹੁਤ ਹੀ ਸਖਤ ਫੈਸਲਾ ਸੀ।

ਪੰਜਾਬ ਵਿਚ ਅੱਤਵਾਦ ਵਿਰੁਧ ਉਹਨਾਂ ਨੇ ਡਟ ਕੇ ਲੜਾਈ ਲੜੀ ਅਤੇ ਅਤਵਾਦੀ ਪੀੜਤਾਂ ਦੀ ਲਗਾਤਾਰ ਮਦਦ ਕੀਤੀ। 1984 ਵਿਚ ਸਿੱਖ ਵਿਰੋਧੀ ਦੰਗਿਆਂ ਵਿਚ ਪੀੜਤਾਂ ਦੀ ਮਦਦ ਲਈ ਹਜ਼ਾਰਾਂ ਰੁਪੈ, ਕਪੜੇ, ਭਾਂਡੇ ਅਤੇ ਹੋਰ ਰੀਲੀਫ ਦਾ ਸਾਮਾਨ ਇਕੱਠਾ ਕਰਕੇ ਭੇਜਿਆ ਅਤੇ ਦੰਗਾ ਪੀੜਤਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਪੰਜਾਬ ਇਸਤਰੀ ਸਭਾ ਰੀਲੀਫ ਟਰੱਸਟ ਦੀ ਸਥਾਪਨਾ 17 ਜਨਵਰੀ 1989 ਨੂੰ ਕੀਤੀ ਅਤੇ ਲੱਖਾਂ ਰੁਪੈ ਇਕੱਠੇ ਕਰਦੇ ਰੀਲੀਫ ਦਾ ਕੰਮ ਸ਼ੁਰੂ ਕੀਤਾ। ਟਰੱਸਟ ਵਲੋਂ ਅਜ ਵੀ 450 ਤੋਂ ਵਧ ਬੱਚਿਆਂ ਨੂੰ ਵਜ਼ੀਫੇ ਦਿਤੇ ਜਾਂਦੇ ਹਨ। ਜੋ ਕਿ 125 ਰੁਪੈ ਮਹੀਨਾ ਤੋਂ 400 ਰੁਪੈ ਪ੍ਰਤੀ ਮਹੀਨਾ ਤਕ ਹੈ। ਇਸ ਤੋਂ ਇਲਾਵਾ ਟਰੱਸਟ ਵਲੋਂ ਸਮਾਜ ਦੇ ਪੀੜਤ ਲੋਕਾਂ ਦੀ ਸਮੇਂ-ਸਮੇਂ ਤੇ ਮਦਦ ਕੀਤੀ ਜਾਂਦੀ ਹੈ।

1992 ਵਿਚ ਉਹ ਪੰਜਾਬ ਅਸੰਬਲੀ ਦੇ ਮੈਂਬਰ ਚੁਣੇ ਗਏ ਅਤੇ ਅਸੰਬਲੀ ਵਿਚ ਉਹਨਾਂ ਨੇ ਲੋਕਾਂ ਦੇ ਮਸਲਿਆਂ ਲਈ ਡਟ ਕੇ ਆਵਾਜ਼ ਉਠਾਈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛੇਹਰਟਾ ਵਿਖੇ ਬਾਲ ਮਜ਼ਦੂਰਾਂ ਲਈ (ਬਾਲ ਮਜ਼ਦੂਰ ਸਿੱਖਿਆ ਕੋਰਸ) ਸਕੂਲ ਚਲਾਇਆ ਜਾ ਰਿਹਾ ਹੈ। ਜਿਸ ਵਿਚ ਮਜ਼ਦੂਰਾਂ ਦੇ ਬੱਚਿਆਂ ਨੂੰ ਕੰਮ ਦੇ ਨਾਲ-ਨਾਲ ਪੜ੍ਹਾਇਆ ਵੀ ਜਾਂਦਾ ਹੈ।

1998 ਵਿਚ ਭਾਰਤ ਸਰਕਾਰ ਵਲੋਂ ਉਹਨਾਂ ਦੀਆਂ ਸਮਾਜਕ ਸੇਵਾਵਾਂ ਨੂੰ ਦੇਖਦੇ ਹੋਇਆਂ ਉਹਨਾਂ ਨੂੰ ਪਦਮਸ੍ਰੀ ਅਵਾਰਡ ਨਾਲ ਨਿਵਾਜਿਆ ਗਿਆ।

15 ਦਸੰਬਰ 2003 ਨੂੰ ਕਮਿਊਨਿਸਟ ਪਾਰਟੀ ਅੰਮ੍ਰਿਤਸਰ ਸ਼ਹਿਰ ਵਲੋਂ ਗੁਰੂ ਨਾਨਕ ਭਵਨ ਵਿਖੇ ਇਕ ਬਹੁਤ ਹੀ ਵੱਡਾ ਅਤੇ ਵਿਲੱਖਣ ਢੰਗ ਦਾ ਸਮਾਗਮ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

2005 ਦੇ ਸ਼ੁਰੂ ਵਿਚ ਉਹ ਬਹੁਤ ਬਿਮਾਰ ਹੋ ਗਏ ਸਨ ਪਰੰਤੂ ਕੁਝ ਸਮਾਂ ਹਸਪਤਾਲ ਵਿਚ ਦਾਖਲ ਰਹਿਣ ਤੋਂ ਬਾਅਦ ਠੀਕ ਹੋ ਗਏ।

10 ਮਈ, 2009 ਨੂੰ ਸਵੇਰੇ 7-30 ਵਜੇ ਦੇ ਕਰੀਬ ਪਾਰਬਤੀ ਹਸਪਤਾਲ ਵਿਚ ਸਦਾ ਲਈ ਅਲਵਿਦਾ ਕਹਿ ਗਏ। ਉਹਨਾਂ ਦਾ ਅੰਤਮ ਸਸਕਾਰ ਛੇਹਰਟਾ ਦੀ ਸ਼ਮਸ਼ਾਨ ਭੂਮੀ ਵਿਖੇ ਕੀਤਾ ਗਿਆ ਅਤੇ ਅੰਤਮ ਯਾਤਰਾ ਵਿਚ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸਾਥੀ ਏ.ਬੀ. ਬਰਧਨ ਤੋਂ ਇਲਾਵਾ ਪੰਜਾਬ ਭਰ ਵਿਚੋਂ ਕਮਿਊਨਿਸਟ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਸ਼ਹਿਰ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਾਮਲ ਹੋਏ।

ਕਾ. ਵਿਮਲਾ ਡਾਂਗ ਦਾ ਸਮੁੱਚਾ ਜੀਵਨ ਲੋਕਾਂ ਨੂੰ ਸਮਰਪਿਤ ਰਿਹਾ ਹੈ ਅਤੇ ਉਹਨਾਂ ਨੇ ਹਮੇਸ਼ਾਂ ਹੀ ਦਬੇ ਕੁਚਲੇ ਲੋਕਾਂ ਦੀਆਂ ਮੁਸੀਬਤਾਂ ਦੇ ਹੱਲ ਲਈ ਅਗੇ ਹੋ ਕੇ ਮਦਦ ਕੀਤੀ ਹੈ। ਉਹ ਸਦਾ ਹੀ ਹੱਕ ਸੱਚ ਲਈ ਲੜਦੇ ਲੋਕਾਂ ਲਈ ਪ੍ਰੇਰਨਾ ਦਾ ਸਰੋਤ ਰਹਿਣਗੇ।

-0-

# ਸੀ.ਪੀ.ਆਈ. ਹਰਿਆਣਾ ਵਲੋਂ ਸ਼ੋਕ ਪ੍ਰਗਟ

ਪੰਜਾਬ ਦੀ ਸਤਿਕਾਰਤ ਬਜ਼ੁਰਗ ਕਮਿਊਨਿਸਟ ਨੇਤਾ ਅਤੇ ਸਾਬਕ ਐਮ.ਐਲ.ਏ. ਕਾਮਰੇਡ ਵਿਮਲਾ ਡਾਂਗ ਦੇ ਦਿਹਾਂਤ ਉਤੇ ਭਾਰਤੀ ਕਮਿਊਨਿਸਟ ਪਾਰਟੀ ਦੀ ਹਰਿਆਣਾ ਸੂਬਾ ਐਗਜ਼ੈਕਟਿਵ ਨੇ ਡੂੰਘਾ ਦੁਖ ਪ੍ਰਗਟ ਕੀਤਾ ਅਤੇ ਉਹਨਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਹੈ, ਕਾਮਰੇਡ ਵਿਮਲਾ ਡਾਂਗ ਨੇ ਸੁਤੰਤਰਤਾ ਅੰਦੋਲਨ ਵਿਚ ਵਧ ਚੜ੍ਹਕੇ ਹਿੱਸਾ ਲਿਆ, ਕਾਮਰੇਡ ਵਿਮਲਾ ਡਾਂਗ ਵਿਦਿਆਰਥੀ ਜੀਵਨ ਵਿਚ ਹੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਉਹ ਪ੍ਰਸਿੱਧ ਕਮਿਊਨਿਸਟ ਆਗੂ ਕਾ. ਸਤਪਾਲ ਡਾਂਗ ਦੀ ਪਤਨੀ ਸਨ। ਕਾ. ਵਿਮਲਾ ਡਾਂਗ ਛੇਹਰਟਾ ਮਿਊਂਸਪਲ ਕਮੇਟੀ ਦੀ ਚੇਅਰਪਰਸਨ ਰਹੀ ਅਤੇ ਪੰਜਾਬ ਵਿਧਾਨ ਸਭਾ ਦੀ ਮੈਂਬਰ ਵੀ ਰਹੀ। ਅਜ ਦੇ ਸੱਤਾ-ਭੁੱਖੇ ਸਿਆਸੀ ਲੀਡਰਾਂ ਦਰਮਿਆਨ ਕਾ. ਵਿਮਲਾ ਡਾਂਗ ਅਤੇ ਕਾ. ਸਤਪਾਲ ਡਾਂਗ ਬੇਗਰਜ਼ੀ ਦੀ ਮਿਸਾਲ ਬਣਕੇ ਉਭਰੇ। ਜਿਥੇ ਅਜ ਸਿਆਸੀ ਆਗੂ ਮਰਦੇ ਦਮ ਤਕ ਚੋਣ ਰਾਜਨੀਤੀ ਵਿਚ ਜ਼ੋਰ ਅਜ਼ਮਾਈ ਕਰਦੇ ਹਨ ਉਥੇ ਕਾ. ਵਿਮਲਾ ਡਾਂਗ ਅਤੇ ਕਾ. ਸਤਪਾਲ ਡਾਂਗ ਨੇ ਕਿੰਨੇ ਹੀ ਸਾਲ ਪਹਿਲਾਂ ਸਰਗਰਮ ਸਿਆਸਤ ਤੋਂ ਸੰਨਿਆਸ ਲੈ ਲਿਆ ਸੀ ਪਰ ਪਾਰਟੀ ਦੇ ਕੰਮਾਂ ਦੇ ਨਾਲ ਨਾਲ ਸਮਾਜਕ ਸਰਗਰਮੀਆਂ ਵਿਚ ਪੂਰੇ ਜ਼ੋਰ-ਸ਼ੋਰ ਨਾਲ ਹਿੱਸਾ ਲੈਂਦੇ ਰਹੇ। ਜਦੋਂ ਪੰਜਾਬ ਅਤੇ ਉਤਰੀ ਭਾਰਤ ਦੇ ਦੂਜੇ ਸੂਬੇ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਆਤੰਕ ਨਾਲ ਪੀੜਤ ਸਨ ਅਤੇ ਆਮ ਲੋਕਾਂ ਦੀਆਂ ਜਾਨਾਂ ਕੁਰਬਾਨ ਹੋ ਰਹੀਆਂ ਸਨ, ਉਸ ਸਮੇਂ ਪੰਜਾਬ ਇਸਤਰੀ ਸਭਾ ਨੇ ਵਿਮਲਾ ਡਾਂਗ ਦੀ ਅਗਵਾਈ ਵਿਚ ਰਲੀਫ ਟਰੱਸਟ ਕਾਇਮ ਕੀਤਾ। ਇਸਦੇ ਰਾਹੀਂ ਵਿਮਲਾ ਡਾਂਗ ਨੇ ਆਤੰਕਵਾਦ ਪੀੜਤ ਪਰਿਵਾਰਾਂ ਦੇ ਬੇਸਹਾਰਾ ਬੱਚਿਆਂ ਨੂੰ ਸਿਖਿਆ ਦੁਆਉਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ। ਹਜ਼ਾਰਾਂ ਬੱਚੇ ਉਹਨਾਂ ਦੇ ਕਾਰਣ ਹੀ ਸਿਖਿਆ ਪ੍ਰਾਪਤ ਕਰ ਸਕੇ। ਭਾਰਤ ਦੇ ਮਾਣਯੋਗ ਰਾਸ਼ਟਰਪਤੀ ਨੇ ਕਾ. ਵਿਮਲਾ ਡਾਂਗ ਨੂੰ ਪਦਮਸ੍ਰੀ ਨਾਲ ਸਨਮਾਨਤ ਕੀਤਾ। ਇਕ ਵਾਰ ਐਮ.ਐਲ.ਏ. ਜਾਂ ਐਮ.ਪੀ. ਬਣਨ ਤੋਂ ਬਾਅਦ ਗੈਰ-ਕਮਿਊਨਿਸਟ ਆਗੂਆਂ ਕੋਲ ਧੰਨ ਦਾ ਅੰਬਾਰ ਲਗ ਜਾਂਦਾ ਹੈ ਜਦੋਂ ਕਿ ਕਾ. ਸਤਪਾਲ ਡਾਂਗ ਪੰਜਾਬ ਸਰਕਾਰ ਵਿਚ ਮੰਤਰੀ ਰਹੇ ਅਤੇ ਕਾ. ਵਿਮਲਾ ਡਾਂਗ ਐਮ.ਐਲ.ਏ. ਵੀ ਰਹੀ ਪਰੰਤੂ ਅਜ ਵੀ ਉਹਨਾਂ ਕੋਲ ਆਪਣਾ ਘਰ ਤਕ ਵੀ ਨਹੀਂ ਹੈ।

ਭਾਰਤੀ ਕਮਿਊਨਿਸਟ ਪਾਰਟੀ ਹਰਿਆਣਾ ਦੇ ਸੂਬਾ ਸਕੱਤਰ ਕਾ. ਰਘਬੀਰ ਸਿੰਘ ਚੌਧਰੀ, ਸਾਬਕ ਸਕੱਤਰ ਡਾ. ਹਰਨਾਮ ਸਿੰਘ, ਸਹਾਇਕ ਸਕੱਤਰ ਦਰਿਆਵ ਕਸ਼ਪ, ਸੂਬਾ ਕਾਰਜਕਾਰਣੀ ਮੈਂਬਰ ਸਵਰਣ ਸਿੰਘ ਵਿਰਕ, ਬੀ.ਐਸ. ਚੱਠਾ, ਦਰਸ਼ਨ ਸਿੰਘ, ਜੈਪਾਲ, ਸਤਪਾਲ ਸਿੰਘ, ਜੈਚੰਦ ਸਹਾਰਨੀ, ਵੀਰ ਭਾਨ ਜਾਂਗੜਾ, ਕਾ. ਜਸਵੰਤ ਕੌਰ, ਧਰਮਪਾਲ ਸਿੰਘ ਚੌਹਾਨ, ਡਾ. ਨੀਲਮ ਸੰਧੂ, ਬੇਚੂ ਗਿਰੀ ਨੇ ਕਾ. ਵਿਮਲਾ ਡਾਂਗ ਦੇ ਦਿਹਾਂਤ ਉਤੇ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਉਹਨਾਂ ਦੇ ਵਿਛੋੜੇ ਨੂੰ ਕਮਿਊਨਿਸਟ ਲਹਿਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਦਸਿਆ।

-0-

## ਯੋਗਦਾਨ ਭੈਣ ਜੀ ਵਿਮਲਾ ਡਾਂਗ ਦਾ

# ਲੋੜਵੰਦ ਬੱਚਿਆਂ ਤੇ ਔਰਤਾਂ ਦੀ ਸੇਵਾ ਵਿਚ

ਉਂਜ ਤਾਂ ਸ੍ਰੀਮਤੀ ਵਿਮਲਾ ਡਾਂਗ ਜੀ ਦਾ ਸਾਰਾ ਜੀਵਨ ਦੱਬੇ-ਕੁਚਲੇ, ਗਰੀਬ ਅਤੇ ਬੇਸਹਾਰਾ ਲੋਕਾਂ ਦੀ ਸੇਵਾ ਵਿਚ ਹੀ ਗੁਜਰਿਆ ਹੈ, ਪਰ ਅੱਤਵਾਦ ਦੇ ਸਮੇਂ ਉਨ੍ਹਾਂ ਵਲੋਂ ਕੀਤੀ ਗਈ ਪੰਜਾਬ ਇਸਤਰੀ ਸਭਾ ਰੀਲੀਫ ਟਰੱਸਟ (ਰਜਿ.) ਦੀ ਸਥਾਪਨਾ ਵਿਸ਼ੇਸ਼ ਵਰਨਣਯੋਗ ਹੈ। ਇਸ ਟਰੱਸਟ ਦੀ ਸਥਾਪਨਾ 1989 ਵਿਚ ਕੀਤੀ ਗਈ। ਸ੍ਰੀਮਤੀ ਵਿਮਲਾ ਡਾਂਗ ਇਸ ਟਰੱਸਟ ਦੇ ਜਨਰਲ ਸਕੱਤਰ ਸਨ। ਅੱਤਵਾਦ ਦੇ ਸਮੇਂ ਅੱਤਵਾਦੀਆ ਹੱਥੋਂ ਮਾਰੇ ਗਏ ਬੇਗੁਨਾਹਾਂ ਦੇ ਬੱਚਿਆਂ ਦੀ ਪੜ੍ਹਾਈ ਦੀ ਜ਼ਰੂਰਤ ਨੂੰ ਦੇਖਦੇ ਹੋਏ ਉਹਨਾਂ ਦੇ ਬੱਚਿਆਂ ਨੂੰ ਵਜੀਫਾ ਦੇਣ ਦਾ ਪਰੋਗਰਾਮ ਉਲੀਕਿਆ ਗਿਆ। ਇਹ ਬੱਚੇ ਪਹਿਲੀ ਤੋਂ ਲੈ ਕੇ ਵੱਡੀਆਂ ਕਲਾਸਾਂ ਵਿਚ ਪੜ੍ਹਦੇ ਸਨ। ਜਦੋਂ ਅਤਿਵਾਦ ਸਿਖਰ ਤੇ ਸੀ ਤਾਂ ਇਨ੍ਹਾਂ ਬੱਚਿਆਂ ਦੀ ਗਿਣਤੀ 450 ਦੇ ਲਗਭਗ ਸੀ। ਇਨ੍ਹਾਂ ਬੱਚਿਆਂ ਨੂੰ ਵਜੀਫਾ ਦੇਣ ਵਾਸਤੇ ਭੈਣ ਜੀ ਵਿਮਲਾ ਡਾਂਗ ਆਪਣੇ ਰਿਸ਼ਤੇਦਾਰਾਂ, ਸੱਜਣਾਂ-ਮਿੱਤਰਾਂ ਨੂੰ ਟੈਲੀਫੋਨ ਕਰਕੇ ਚਿੱਠੀਆਂ ਲਿਖ ਕੇ ਫੰਡ ਇਕੱਠਾ ਕਰਦੇ ਸਨ। ਭੈਣ ਜੀ ਦੀ ਮਿਹਨਤ ਅਤੇ ਇਮਾਨਦਾਰੀ ਸਦਕਾ ਲੋਕ ਹਜ਼ਾਰਾਂ ਰੁਪੈ ਇਸ ਟਰੱਸਟ ਨੂੰ ਦਾਨ ਵਜੋਂ ਭੇਜਦੇ ਹਨ। ਭੈਣ ਜੀ ਸ੍ਰੀਮਤੀ ਵਿਮਲਾ ਡਾਂਗ ਜੀ ਦੁਆਰਾ ਲਗਾਤਾਰ ਕੀਤੇ ਗਏ ਯਤਨਾਂ ਸਦਕਾ ਹੀ ਇਸ ਟਰੱਸਟ ਵਲੋਂ ਵਜੀਫਾ ਪ੍ਰਾਪਤ ਕਰਨ ਵਾਲੇ ਬੱਚੇ +2 ਤੋਂ ਬਾਅਦ ਬੀ.ਏ., ਐਮ.ਏ. ਤੇ ਹੋਰ ਪ੍ਰੋਫੈਸ਼ਨਲ ਕੋਰਸ ਕਰਨ ਦੇ ਕਾਮਯਾਬ ਹੋਏ। ਇਕ ਲੜਕੀ ਸ਼ੈਲੀ ਨੇ ਫੀਜ਼ੀਓਥਰੈਪੀ ਦਾ ਕੋਰਸ ਕੀਤਾ ਤੇ ਹੁਣ ਉਹ ਡਾਕਟਰ ਹੈ ਅਤੇ ਬਾਕੀ ਬੱਚੇ ਵੀ ਚੰਗੀਆਂ ਨੌਕਰੀਆਂ ਕਰਕੇ ਚੰਗੇ ਸ਼ਹਿਰੀ ਦੀ ਤਰ੍ਹਾਂ ਆਪਣਾ ਜੀਵਨ ਬਤੀਤ ਕਰ ਰਹੇ ਹਨ।

ਇਸ ਤੋਂ ਬਾਅਦ ਕਸ਼ਮੀਰ ਵਿਚੋਂ ਲੋਕ ਪਲਾਇਨ ਕਰਕੇ ਜੰਮੂ ਤੇ ਹੋਰ ਦੂਸਰੇ ਥਾਵਾਂ ਤੋਂ ਆਏ ਤਾਂ ਉਹਨਾਂ ਦੀ ਜ਼ਿੰਮੇਵਾਰੀ ਵੀ ਟਰੱਸਟ ਨੇ ਨਿਭਾਈ। ਇਨ੍ਹਾਂ ਬੱਚਿਆਂ ਦੀ ਗਿਣਤੀ 21 ਸੀ। ਇਨ੍ਹਾਂ ਵਿਚੋਂ ਇਕ ਲੜਕੀ ਸਰਲਾ ਕੌਲ ਐਮ.ਬੀ.ਬੀ.ਐਸ. ਕਰਨ ਵਿਚ ਕਾਮਯਾਬ ਹੋਈ।

ਹਿਮਾਚਲ ਵਿਚ ਚੰਬਾ ਜ਼ਿਲੇ ਦੇ ਬਹੁਤ ਹੀ ਪਛੜੇ ਇਲਾਕੇ ਵਿਚ ਅੱਤਵਾਦੀਆਂ ਹਥੋਂ ਮਾਰੇ ਕਈ ਪਰਿਵਾਰਾਂ ਦੇ 13 ਬੱਚਿਆਂ ਨੂੰ ਵੀ ਟਰੱਸਟ ਵਲੋਂ ਵਜੀਫਾ ਦਿਤਾ ਜਾ ਰਿਹਾ ਹੈ।

1999 ਵਿਚ ਜਦੋਂ ਡੱਬਵਾਲੀ ਦੇ ਸਿਨੇਮਾ ਹਾਲ ਵਿਚ ਅਗਨੀ ਕਾਂਡ ਹੋਇਆ ਤਾਂ ਭੈਣ ਜੀ ਉਥੇ ਗਏ ਅਤੇ ਅਗਨੀ ਕਾਂਡ ਵਿਚ ਮਾਰੇ ਗਏ ਪਰਿਵਾਰਾਂ ਦੇ 10 ਬੱਚਿਆਂ ਨੂੰ ਵਜੀਫਾ ਦੇਣ ਦਾ ਫੈਸਲਾ ਕੀਤਾ ਜੋ ਲਗਾਤਾਰ ਦਿਤਾ ਜਾ ਰਿਹਾ ਹੈ। ਇਨ੍ਹਾਂ ਵਿਚੋਂ ਇਕ ਲੜਕਾ ਅਮਿਤ ਕੁਮਾਰ ਬਾਇਓ ਮੈਡੀਕਲ ਇੰਜਨੀਰਿੰਗ ਕਰ ਗਿਆ ਹੈ।

ਇਸ ਤੋਂ ਬਾਅਦ ਸਮਾਂ ਪਾ ਕੇ ਅੱਤਵਾਦ ਤੇ ਕਾਬੂ ਪਾ ਲਿਆ ਤਾਂ ਅੱਤਵਾਦ ਦੇ ਪਰਿਵਾਰਾਂ ਦੇ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਲਗਾਤਾਰ ਘਟ ਹੋਣੀ ਸ਼ੁਰੂ ਹੋ ਗਈ ਤਾਂ ਭੈਣ ਜੀ ਨੇ ਟਰੱਸਟ ਵਲੋਂ ਹੋਰ ਸਕੀਮਾਂ ਅਪਣਾਉਣ ਤੇ ਜ਼ੋਰ ਦਿਤਾ। ਜਿਸ ਵਿਚ ਪ੍ਰਾਇਮਰੀ ਸਕੂਲਾਂ ਦੇ 115 ਬੱਚਿਆਂ ਨੂੰ ਵਜੀਫਾ ਦਿਤਾ ਜਾਂਦਾ ਹੈ। ਇਸ ਸਕੀਮ ਦਾ ਨਾਂ ਪ੍ਰਸਿਧ ਸੁਤੰਤਰਤਾ ਸੈਨਾਨੀ ਸ੍ਰੀਮਤੀ ਅਰੁਣਾ ਆਸਿਫ ਅਲੀ ਦੇ ਨਾਮ ਤੇ ਰੱਖਿਆ ਗਿਆ। ਟਰੱਸਟ ਵਲੋਂ ਅਪਾਹਜ ਅਤੇ ਗੰਭੀਰ ਬਿਮਾਰੀਆਂ ਦੇ ਮਰੀਜ਼ਾਂ ਦੀ ਲਗਾਤਾਰ ਆਰਥਿਕ ਮਦਦ ਕੀਤੀ ਜਾਂਦੀ ਹੈ। ਇਸ ਤਰ੍ਹਾਂ ਹੀ ਦੋ ਸੈਂਟਰ ਇਕ ਚੰਡੀਗੜ੍ਹ ਤੇ ਇਕ ਛੇਹਰਟਾ ਵਿਖੇ ਬਾਲ ਮਜ਼ਦੂਰ ਸਿੱਖਿਆ ਕੋਰਸ ਦੇ ਚਲਾਏ ਜਾਂਦੇ ਹਨ। ਇਸ ਵਿਚ ਕਾਰਖਾਨੇ, ਢਾਬੇ ਅਤੇ ਦੁਕਾਨਾਂ ਤੇ ਕੰਮ ਕਰਨ ਵਾਲੇ ਬੱਚੇ ਮਿਹਨਤ ਮਜ਼ਦੂਰੀ ਕਰਨ ਦੇ ਨਾਲ-ਨਾਲ ਆਪਣੀ ਪੜ੍ਹਾਈ ਵੀ ਕਰਦੇ ਹਨ। ਭੈਣ ਜੀ ਨੇ ਜਦੋਂ ਬਾਲ ਮਜ਼ਦੂਰ ਸਿੱਖਿਆ ਕੋਰਸ ਛੇਹਰਟਾ ਦੇ ਬੱਚਿਆਂ ਦੇ ਬੈਠਣ ਲਈ ਕਮਰੇ ਦੀ ਘਾਟ ਨੂੰ ਮਹਿਸੂਸ ਕੀਤਾ ਤਾਂ ਸੰਨ 2006 ਵਿਚ ਉਹਨਾਂ ਦੇ ਬੈਠਣ ਵਾਸਤੇ 1,08,000 ਰੁਪੈ ਦੀ ਲਾਗਤ ਨਾਲ ਕਮਰਾ ਤਿਆਰ ਕਰਵਾ ਕੇ ਦਿਤਾ। ਹਰ ਸਾਲ ਇਨ੍ਹਾਂ ਬੱਚਿਆਂ ਨੂੰ ਫੰਕਸ਼ਨ ਕਰਕੇ ਗਰਮ ਸਵੈਟਰ, ਵਰਦੀਆਂ ਅਤੇ ਬੂਟ ਦਿਤੀਆਂ ਜਾਂਦੀਆਂ ਹਨ। ਇਹਨਾਂ ਬੱਚਿਆਂ ਦੇ ਘਰੇਲੂ ਹਾਲਾਤ ਤੋਂ ਜਾਣੂ ਹੋਣ ਵਾਸਤੇ ਭੈਣ ਜੀ ਹਰ ਬੱਚੇ ਦੇ ਘਰ ਆਪ ਗਏ।

ਇਸ ਤਰ੍ਹਾਂ ਹੀ ਇਕ ਨੱਢਾ ਪਿੰਡ ਵਿਖੇ ਸਿਲਾਈ ਸੈਂਟਰ ਚਲਾਇਆ ਜਾ ਰਿਹਾ ਹੈ। ਜਿਸ ਦਾ ਖਰਚਾ ਟਰੱਸਟ ਵਲੋਂ ਭੇਜਿਆ ਜਾਂਦਾ ਹੈ।

ਇਸ ਤਰ੍ਹਾਂ ਜਦੋਂ ਵੀ ਕੋਈ ਕੁਦਰਤੀ ਬਿਪਤਾ ਦੇਸ ਤੇ ਆਈ ਤਾਂ ਟਰੱਸਟ ਵਲੋਂ ਆਪਣਾ ਬਣਦਾ ਯੋਗਦਾਨ ਪਾਇਆ ਜਾਂਦਾ ਰਿਹਾ ਹੈ, ਭਾਵੇਂ ਉਹ ਕਾਰਗਿਲ ਦੀ ਜੰਗ ਸੀ, ਚਾਹੇ ਉੜੀਸਾ ਵਿਚ ਸੁਨਾਮੀ ਲਹਿਰਾਂ ਦਾ ਕਹਿਰ ਸੀ। ਭੈਣ ਜੀ ਦੀ ਪਹਿਲਕਦਮੀ ਤੇ ਟਰੱਸਟ ਆਪਣਾ ਯੋਗਦਾਨ ਪ੍ਰਧਾਨ ਮੰਤਰੀ ਰਲੀਫ ਫੰਡ ਜਾਂ ਹੋਰ ਸਮਾਜਕ ਜਥੇਬੰਦੀਆਂ ਰਾਹੀਂ ਜ਼ਰੂਰ ਭੇਜਦੇ।

ਇਸ ਟਰੱਸਟ ਦਾ ਸਾਲਾਨਾ ਖਰਚ 6 ਲੱਖ ਰੁਪੈ ਦੇ ਲਗਭਗ ਹੈ। ਜੋ ਕਿ ਕੁਝ ਖਰਚਾ ਬੈਂਕ ਵਿਚ ਜਮ੍ਹਾਂ ਕਰਾਏ ਗਏ ਫਿਕਸ ਡਿਪਾਜ਼ਿਟ ਤੇ ਵਿਆਜ ਅਤੇ ਬਾਕੀ ਜ਼ਿਆਦਾ ਖਰਚ ਆਪਣੀ ਖਰਾਬ ਸਿਹਤ ਦੇ ਬਾਵਜੂਦ ਵੀ ਫੰਡ ਇਕੱਠਾ ਕਰਕੇ ਚਲਾਉਂਦੇ ਸਨ।

-ਵਿਜੈ ਕੁਮਾਰ
ਜੁਆਇੰਟ ਸੈਕਰੇਟਰੀ,
ਪੰਜਾਬ ਇਸਤਰੀ ਸਭਾ, ਰੀਲੀਫ ਟਰੱਸਟ (ਰਜਿ.)

ਮਜ਼ਦੂਰ ਜਮਾਤ ਦੇ ਲੇਖੇ ਆਪਣਾ ਸਭ ਕੁਝ ਅਰਪਣ ਕਰਕੇ

# ਮਾਂ ਵਰਗਾ ਪਿਆਰ ਦੇਣ ਵਾਲੀ ਆਗੂ ਵਿਮਲਾ ਡਾਂਗ ਨਹੀਂ ਰਹੀ

-ਬੰਤ ਬਰਾੜ

ਹਰ ਰਾਜਸੀ ਪਾਰਟੀ ਜਿਹੜੀ ਵੀ ਦੇਸ ਅਤੇ ਲੋਕਾਂ ਨੂੰ ਪ੍ਰਣਾਈ ਹੋਵੇ ਵਿਚ ਆਗੂਆਂ ਦੀ ਥੁੜ ਨਹੀਂ ਹੋਇਆ ਕਰਦੀ ਪਰ ਇਹ ਵੀ ਅਸਲੀਅਤ ਹੈ ਕਿ ਅਜਿਹੀਆਂ ਪਾਰਟੀਆਂ ਵਿਚ ਵਿਮਲਾ ਡਾਂਗ ਵਰਗੇ ਲੀਡਰ ਕਿਤੇ-ਕਿਤੇ ਜੰਮਦੇ ਹਨ। ਕਸ਼ਮੀਰ ਦੀ "ਸਵਰਗ ਦੀ ਧਰਤੀ" ਤੇ ਜਨਮ ਲੈਣ ਵਾਲੀ ਵਿਮਲਾ ਆਪਣੀ ਜਵਾਨੀ ਸਮੇਂ ਹੀ ਆਪਣੇ ਵਿਦਿਆਰਥੀ ਜੀਵਨ ਵੇਲੇ ਹੀ ਸਾਮਰਾਜ ਤੋਂ ਦੇਸ ਆਜ਼ਾਦ ਕਰਵਾਉਣ ਦੀ ਮਹਾਨ ਜੰਗ ਵਿਚ ਸ਼ਾਮਲ ਹੋ ਗਏ ਸਨ। ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵਿਚ ਸ਼ਾਮਲ ਹੋ ਕੇ ਥੋੜ੍ਹੀ ਦੇਰ ਵਿਚ ਹੀ ਦੇਸ ਦੇ ਉਚ-ਕੋਟੀ ਦੇ ਆਗੂ ਬਣ ਗਏ। ਆਪਣੀ ਕਾਬਲੀਅਤ ਅਤੇ ਸ਼ਖਸੀਅਤ ਦੇ ਪ੍ਰਭਾਵ ਹੇਠਾਂ ਉਹਨਾਂ ਨੂੰ ਅੰਤਰਰਾਸ਼ਟਰੀ ਸਟੂਡੈਂਟਸ ਯੂਨੀਅਨ ਵਿਚ ਕੰਮ ਕਰਨ ਦਾ ਜ਼ਿੰਮਾ ਦਿਤਾ ਗਿਆ। ਆਈ.ਯੂ.ਐਸ. ਜਿਹੜੀ ਸਾਰੀ ਦੁਨੀਆਂ ਦੇ ਕ੍ਰਾਂਤੀਕਾਰੀ, ਆਜ਼ਾਦੀ ਅਤੇ ਸਮਾਜਵਾਦ ਨੂੰ ਪ੍ਰਣਾਏ ਹੋਏ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਕੌਮਾਂਤਰੀ ਸੰਗਠਨ ਦਾ ਦਫਤਰ ਚੈਕੋਸਲਵਾਕੀਆ ਦੀ ਰਾਜਧਾਨੀ ਪਰਾਗ ਵਿਚ ਸੀ ਤੇ ਕਾਮਰੇਡ ਵਿਮਲਾ ਡਾਂਗ ਏਸੇ ਸ਼ਹਿਰ ਪਰਾਗ ਵਾਲੇ ਦਫਤਰ ਤੋਂ ਆਪਣੇ ਦੇਸ਼ਭਗਤ ਅਤੇ ਸੰਸਾਰ ਵਿਚਲੇ ਇਨਕਲਾਬੀ ਵਿਦਿਆਰਥੀ ਸੰਗਠਨਾਂ ਦੀ ਬਾਖੂਬੀ ਅਤ ਸ਼ਾਨਦਾਰ ਢੰਗ ਨਾਲ ਅਗਵਾਈ ਕਰਦੇ ਰਹੇ। ਉਹਨੀਂ ਦਿਨੀਂ ਹੀ ਕਾ. ਸਤਪਾਲ ਡਾਂਗ ਹੁਰੀਂ ਵੀ ਏ.ਆਈ.ਐਸ.ਐਫ. ਦੇ ਕੌਮੀ ਆਗੂ ਸਨ ਤੇ ਭਾਰਤ ਦੀ ਆਜ਼ਾਦੀ ਲਈ ਕ੍ਰਾਂਤੀਕਾਰੀ ਵਿਦਿਆਰਥੀ ਸੰਘਰਸ਼ਾਂ ਦੀ ਅਗਵਾਈ ਕਰਦੀ ਰਹੇ ਸਨ। ਇਹਨਾਂ ਸੰਘਰਸ਼ਾਂ ਕਾਰਣ ਹੀ ਵਿਮਲਾ ਜੀ ਜਿਹੜੇ ਉਦੋਂ ਵਿਮਲਾ ਬਕਾਇਆ ਦੇ ਨਾਂ ਨਾਲ ਜਾਣੇ ਜਾਂਦੇ ਸਨ ਦਾ ਸੰਪਰਕ ਕਾ. ਡਾਂਗ ਹੁਰਾਂ ਨਾਲ ਹੋਇਆ ਤੇ ਪਿਛੋਂ ਜਾ ਕੇ ਇਹਨਾਂ ਦੀ ਸ਼ਾਦੀ ਵੀ ਹੋ ਗਈ ਤੇ ਕਾ. ਵਿਮਲਾ ਬਕਾਇਆ ਵਿਮਲਾ ਡਾਂਗ ਬਣ ਗਏ ਸਨ। ਆਪਣੇ ਵਿਦਿਆਰਥੀ ਲਹਿਰ ਦੇ ਇਤਿਹਾਸ ਬਾਰੇ ਬੋਲਦਿਆਂ ਕਾ. ਵਿਮਲਾ ਡਾਂਗ ਉਸ ਇਤਿਹਾਸਕ ਆਜ਼ਾਦੀ ਦੀ ਲੜਾਈ ਵਿਚ ਨੇਵੀ ਦੀ ਬਗਾਵਤ ਬਾਰੇ ਤਫਸੀਲ ਨਾਲ ਦਸਿਆ ਕਰਦੇ ਸਨ ਜਦੋਂ ਆਜ਼ਾਦੀ ਮਿਲਣ ਤੋਂ ਕੁਝ ਕੁ ਸਾਲ ਪਹਿਲਾਂ ਨੇਵੀ ਦੇ ਜਵਾਨਾਂ ਨੇ ਅੰਗਰੇਜ਼ਾਂ ਦੇ 'ਯੂਨੀਅਨ ਜੈਕ' ਦੇ ਝੰਡੇ ਪਾੜ ਸੁਟੇ ਸਨ ਤੇ ਆਪਣੇ ਤਿਰੰਗੇ ਝੰਡੇ ਸਮੁੰਦਰੀ ਜਹਾਜ਼ 'ਤੇ ਗੱਡ ਦਿਤੇ ਸਨ। ਉਹ ਦਸਿਆ ਕਰਦੇ ਸਨ ਕਿ ਕਿਵੇਂ ਅੰਗਰੇਜ਼ ਫੌਜਾਂ ਨੇ ਬਾਗੀਆਂ ਨੂੰ ਘੇਰ ਲਿਆ ਤੇ ਏ.ਆਈ.ਐਸ.ਐਫ. ਦੇ ਵਾਲੰਟੀਅਰ ਨੇ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਘਿਰੇ ਹੋਏ ਜਵਾਨਾਂ ਦੀ ਸਹਾਇਤਾ ਕੀਤੀ ਤੇ ਉਹਨਾਂ ਨੂੰ ਰਾਸ਼ਨ ਪਹੁੰਚਾਇਆ ਸੀ।

ਉਨ੍ਹਾਂ ਦੁਨੀਆਂ ਭਰ ਵਿਚ ਅਨੇਕਾਂ ਦੇਸਾਂ ਦਾ ਭ੍ਰਮਣ ਕੀਤਾ ਤੇ ਆਈ.ਯੂ.ਐਸ. ਨੂੰ ਮਜ਼ਬੂਤ ਸੰਗਠਨ ਬਣਾਉਣ ਵਿਚ ਆਪਣਾ ਯੋਗਦਾਨ ਪਾਇਆ ਤੇ ਆਜ਼ਾਦੀ ਤੋਂ ਬਾਅਦ ਅੰਮ੍ਰਿਤਸਰ ਦੇ ਮਜ਼ਦੂਰ ਕੇ ਦਰ ਵਿਚ ਵਸ ਕੇ ਮਜ਼ਦੂਰਾਂ ਲਈ ਜੀਵਨ ਅਰਪਣ ਕਰਨ ਦਾ ਫੈਸਲਾ ਕਰਨਾ ਵੀ ਇਸ ਆਦਰਸ਼ ਕ੍ਰਾਂਤੀਕਾਰੀ ਜੋੜੀ ਦਾ ਬੇਮਿਸਾਲ ਕਾਰਨਾਮਾ ਸੀ। ਵਿਮਲਾ ਜੀ ਨੇ ਰੂਸ, ਚੈਕੋਸਲਵਕੀਆ, ਜੀ.ਡੀ.ਆਰ. ਵਰਗੇ ਅਨੇਕਾਂ ਸਮਾਜਵਾਦੀ ਦੇਸਾਂ ਦੇ ਵਿਕਸਤ ਸਮਾਜ ਵਿਚ ਵਿਚਰਣ ਦਾ ਮਾਣ ਵੀ ਪ੍ਰਾਪਤ ਕੀਤਾ ਪਰ ਆਪਣੀ ਸੋਚ ਅਤੇ ਵਿਚਾਰਧਾਰਾ ਜਿਸ ਦੀਆਂ ਜੜ੍ਹਾਂ ਭਾਰਤ ਦੇ ਲੋਕਾਂ ਅਤੇ ਮਜ਼ਦੂਰ ਜਮਾਤ ਵਿਚ ਬਹੁਤ ਡੂੰਘੀਆਂ ਲਗੀਆਂ ਸਨ, ਕਦੇ ਵੀਕੋਈ ਬੁਰਾ ਪ੍ਰਭਾਵ ਨਹੀਂ ਪੈਣ ਦਿਤਾ।

ਇਸ ਗੱਲ ਦਾ ਪ੍ਰਤੱਖ ਸਬੂਤ ਅੰਮ੍ਰਿਤਸਰ ਸ਼ਹਿਰ ਵਿਖੇ ਛੇਹਰਟਾ ਵਿਖੇ ਕਾ. ਵਿਮਲਾ ਡਾਂਗ ਅਤੇ ਕਾ. ਸਤਪਾਲ ਡਾਂਗ ਹੁਰਾਂ ਦੀ ਲੋਕਾਂ ਅਤੇ ਮਜ਼ਦੂਰ ਜਮਾਤ ਪ੍ਰਤੀ ਦੇਣ ਹੈ। ਇਹਨਾਂ ਦੀ ਅਗਵਾਈ ਅਤੇ ਕੁਰਬਾਨੀ ਸੀ ਜਿਸ ਸਦਕਾ ਛੇਹਰਟਾ ਮਿਉਂਸਪਲ ਕਮੇਟੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਚਲਦੀ ਰਹੀ ਤੇ ਚਾਰ ਵਾਰ ਇਸੇ ਵਿਧਾਨ ਸਭਾ ਹਲਕੇ ਤੋਂ ਕਾ. ਡਾਂਗ ਅਤੇ ਵਿਮਲਾ ਡਾਂਗ ਐਮ.ਐਲ.ਏ. ਚੁਣੇ ਗਏ।

ਮੈਨੂੰ ਇਹ ਮੌਕਾ ਕਦੇ ਵੀ ਨਹੀਂ ਭੁੱਲ ਸਕਦਾ ਜਦੋਂ ਮੈਂ ਆਪਣੇ ਵਿਦਿਆਰਥੀ ਲਹਿਰ ਦੇ ਸ਼ੁਰੂਆਤੀ ਦੌਰ ਵਿਚ ਸਾਂ ਤੇ ਅੰਮ੍ਰਿਤਸਰ ਪੁਜ ਕੇ ਮੈਂ ਕਾ. ਡਾਂਗ ਤੇ ਵਿਮਲਾ ਡਾਂਗ ਹੁਰਾਂ ਨੂੰ ਮਿਲਣ ਲਈ ਗਿਆ। ਉਹ ਦੋਨੋਂ ਮਜ਼ਦੂਰਾਂ ਦੀ ਸੰਘਣੀ ਆਬਾਦੀ ਵਾਲੇ ਮਜ਼ਦੂਰ ਲਈ ਬਣੇ ਕੁਆਰਟਰਾਂ ਵਿਚੋਂ ਇਕ ਕੁਆਰਟਰ ਵਿਚ ਰਹਿੰਦੇ ਸਨ। ਆਪਣੇ ਹੱਥਾਂ ਨਾਲ ਤਿਆਰ ਕਰਕੇ ਚਾਹ ਦੀ ਪਿਆਲੀ, ਮੇਰੇ ਸਿਰ ਤੇ ਹੱਥ ਰੱਖ ਕੇ ਜਿਸ ਪਿਆਰ ਨਾਲ ਮੈਨੂੰ ਵਿਮਲਾ ਜੀ ਨੇ ਫੜਾਈ ਮੈਂ ਸਿਰ ਤੋਂ ਪੈਰਾਂ ਤਕ ਮਾਂ ਤੋਂ ਮਿਲਣ ਵਾਲੇ ਪਿਆਰ ਦੇ ਨਿੱਘ ਭਰੇ ਮਾਣ ਨਾਲ ਗਦਗਦ ਹੋ ਗਿਆ।

ਉਪਰਲੀਆਂ ਤੇ ਮਧਵਰਗੀ ਜਮਾਤਾਂ ਵਿਚੋਂ ਆ ਕੇ ਮਜ਼ਦੂਰ ਜਮਾਤ ਪ੍ਰਤੀ ਇਤਨੀ ਵਫਾਦਾਰੀ, ਕੁਰਬਾਨੀ ਅਤੇ ਸਾਦ-ਮੁਰਾਦੀ ਜ਼ਿੰਦਗੀ ਬਹੁਤ ਹੀ ਘਟ ਵੇਖਣ ਨੂੰ ਮਿਲਦੀ ਹੈ। ਮਜ਼ਦੂਰਾਂ ਦੇ ਅੰਗ-ਸੰਗ ਰਹਿ ਕੇ ਉਹਨਾਂ ਦੀਆਂ ਉਜਰਤਾਂ, ਬੋਨਸ, ਰਾਸ਼ਨ ਡਿਪੂਆਂ, ਉਹਨਾ ਦੇ ਬੱਚਿਆਂ ਦੀ ਪੜ੍ਹਾਈ ਅਤੇ ਸਿਹਤ ਸੰਭਾਲ ਦੀ ਰਾਖੀ ਕਰਦਿਆਂ ਹੋਇਆਂ ਇਸ ਜੋੜੇ ਨੇ ਸਾਰਾ ਜੀਵਨ ਹੀ ਅਰਪਣ ਕਰ ਦਿਤਾ। ਅੱਤਵਾਦੀ ਦੌਰ ਵਿਚ ਪਾਰਟੀ ਦੇ ਜ਼ੋਰ ਪਾਉਣ ਤੇ ਉਹ ਛੇਹਰਟਾ ਵਿਖੇ ਪਾਰਟੀ ਦਫਤਰ ਵਿਚ ਰਹਿਣ ਲਗ ਪਏ ਤੇ ਵਿਮਲਾ ਜੀ ਆਪਣੇ ਅਖੀਰੀ ਸੁਆਸਾਂ ਤਕ ਏਥੇ ਰਹਿ ਕੇ ਹੀ ਅਨੇਕਾਂ ਲੜਾਈਆਂ ਲੜੀਆਂ, ਭਾਵੇਂ ਉਹ ਵਿਧਾਨ ਸਭਾ ਵਾਸਤੇ ਹੋਣ ਤੇ ਭਾਵੇਂ ਮਜ਼ਦੂਰਾਂ ਦੀਆਂ ਮੰਗਾਂ ਵਾਸਤੇ ਤੇ ਭਾਵੇਂ ਚੰਦਰੀ ਅੱਤਵਾਦੀ ਭਰਾਮਾਰੂ ਲੜਾਈ ਵਿਰੁਧ ਹੋਵੇ ਏਥੋਂ ਹੀ ਅਗਵਾਈ ਕਰਦੇ ਰਹੇ। ਵਿਮਲਾ ਜੀ ਨੇ ਪਾਰਟੀ ਦੀ ਏਕਤਾ ਤੇ ਪਾਰਟੀ ਦੇ ਵਿਕਾਸ ਵਾਸਤੇ ਸਭ ਕੁਝ ਅਰਪਣ ਕੀਤਾ। ਉਹ ਅਤੇ ਕਾ. ਸਤਪਾਲ ਡਾਂਗ ਹਮੇਸ਼ਾ ਇਸ ਗੱਲ ਲਈ ਜ਼ੋਰ ਦਿੰਦੇ ਰਹੇ ਕਿ ਕਮਿਊਨਿਸਟ ਪਾਰਟੀਆਂ ਅਤੇ ਕਮਿਊਨਿਸਟ ਗਰੁੱਪਾਂ ਨੂੰ ਮਤਭੇਦ ਖਤਮ ਕਰਕੇ ਏਕਤਾ ਕਾਇਮ ਕਰਨੀ ਚਾਹੀਦੀ ਹੈ ਤਾਂ ਜੋ ਦੁਨੀਆਂ ਦੇ ਜਮਹੂਰੀਅਤ ਵਾਲੇ ਸਭ ਤੋਂ ਵੱਡੇ ਦੇਸ ਵਿਚ ਹੋਰਨਾਂ ਜਮਹੂਰੀ ਅਤੇ ਧਰਮ-ਨਿਰਪਖ ਸ਼ਕਤੀਆਂ ਨਾਲ ਮਿਲ ਕੇ ਇਕ ਵਿਆਪਕ ਲੜਾਈ ਲੜਦਿਆਂ ਹੋਇਆਂ ਜਮਹੂਰੀ ਇਨਕਲਾਬ ਰਾਹੀਂ ਸਮਾਜਵਾਦੀ ਕ੍ਰਾਂਤੀ ਵਲ ਵਧ ਕੇ ਮਜ਼ਦੂਰ ਅਤੇ ਮਿਹਨਤਕਸ਼ ਅਵਾਮ ਦੀ ਹਮੇਸ਼ਾ ਵਾਸਤੇ ਲੁਟੇਰੀਆਂ ਬੁਰਜੂਆ, ਜਗੀਰੂ ਤੇ ਸਾਮਰਾਜੀ ਸ਼ਕਤੀਆਂ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕੇ। ਕੀ ਅਸੀਂ ਅਜੋਕੀਆਂ ਕ੍ਰਾਂਤੀਕਾਰੀ ਪਾਰਟੀਆਂ ਦੇ ਆਗੂ ਕਾਮਰੇਡ ਵਿਮਲਾ ਡਾਂਗ ਵਰਗੇ ਸੱਚ-ਸੁੱਚੇ, ਈਮਾਨਦਾਰ, ਅੱਤ ਦੇ ਸਾਦੇ, ਕੁਰਬਾਨੀ ਦੇ ਪੁੰਜ ਵਾਲੇ ਜੀਵਨ ਦੇ ਰਾਹ ਤੇ ਚਲਣ ਦੀ ਕੋਸ਼ਿਸ਼ ਕਰਾਂਗੇ? ਇਕ ਵੱਡਾ ਸੁਆਲ ਹੈ। ਜਿਸਦਾ ਉੱਤਰ ਲੱਭਣ ਤੋਂ ਬਿਨਾਂ ਵੱਡੀਆ ਪ੍ਰਾਪਤੀਆਂ ਅਸੰਭਵ ਹਨ।

-0-